Digitized by Arya Samaj Foundation Chennai and eGangotri

# ਪੰਜਾਬੀ ਸਾਹਿਤ-ਅਧਿਐਨ

ਡਾ. ਮਨਜੀਤ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪੰਜਾਬੀ ਸਾਹਿਤ-ਅਦਯਤਨ

ਡਾ. ਮਨਜੀਤ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਸਮੀਖਿਆਕਾਰ, ਜਿਸ 'ਅਵਚੇਤਨ' ਦੀ ਗੱਲ ਕਰ ਰਿਹਾ ਹੈ, ਪੰਜਾਬੀ ਸਾਹਿਤ-ਸਮੀਖਿਆ ਦੇ ਖੇਤਰ ਵਿਚ ਅਤਿ-ਅੰਤ ਨਵੀਨ ਹੈ। ਪੁਰਾਣੀ ਪੰਜਾਬੀ ਸਾਹਿਤ-ਸਮੀਖਿਆ ਜਾਂ ਤਾਂ ਸਭਿਆਚਾਰ ਦੇ 'ਅਧਾਰ' ਤੇ 'ਉਸਾਰ' ਦੇ ਮਾਡਲ ਉਪਰ ਨਿਰਮਿਤ ਹੋਈ ਹੈ ਜਾਂ 'ਸੁਹਜ-ਸੰਵੇਦਨਾ' ਦੇ ਪ੍ਰਯੋਜਨ ਨੂੰ ਸਾਹਿਤ ਦਾ ਅੰਤਮ ਪ੍ਰਯੋਜਨ ਮੰਨ ਕੇ ਉਸਰੀ ਹੈ। ਪਰ, ਨਵੀਨ-ਅਲੋਚਨਾ ਦਾ ਸਾਰਾ ਪ੍ਰਯਾਸ 'ਅਵਚੇਤਨ' ਵੱਲ ਜਾਣ ਦਾ ਹੈ। ਅਵਚੇਤਨ ਵੱਲ ਜਾਣ ਨਾਲ, ਪੁਰਾਣੀਆਂ ਸਮੀਖਿਆ-ਵਿਧੀਆਂ ਪੂਰੀ ਤਰ੍ਹਾਂ ਰੱਦ ਨਹੀਂ ਹੁੰਦੀਆਂ, ਪਰ ਉਨ੍ਹਾਂ ਸਾਹਵੇਂ ਇਕ ਗੰਭੀਰ ਪ੍ਰਸ਼ਨ-ਚਿੰਨ੍ਹ ਜ਼ਰੂਰ ਲੱਗ ਜਾਂਦਾ ਹੈ। ਇਸ਼ ਵਿਧੀ ਨਾਲ ਸਾਹਿਤਕ-ਪਾਠ ਨੂੰ ਉਸ ਦੀ ਗਹਿਨ-ਸੰਰਚਨਾ ਦੇ ਐਸੇ ਧਰਾਤਲ ਤੀਕ ਲੈ ਜਾਇਆ ਜਾਂਦਾ ਹੈ ਜਿਥੇ ਰਚਨਾ ਦੀਆਂ ਸਾਰਥਕਤਾਵਾਂ, ਆਪਣੀਆਂ ਅੰਦਰਲੀਆਂ ਅਰਥ-ਪਰਤਾਂ ਨੂੰ ਉਲੰਘ ਕੇ ਸਮੁੱਚੇ ਵਿਸ਼ਾਲ ਤੇ ਇਕ ਖੁੱਲ੍ਹੇ ਪ੍ਰਬੰਧ ਨਾਲ ਆਪਣਾ ਰਿਸ਼ਤਾ ਕਾਇਮ ਕਰ ਲੈਂਦੀਆਂ ਹਨ।

ਹੱਥਲੀ ਪੁਸਤਕ 'ਪੰਜਾਬੀ ਸਾਹਿਤ-ਅਵਚੇਤਨ' ਦਾ ਪਾਠ ਕਰਨ ਨਾਲ, ਇਹ ਗੱਲ ਪ੍ਰਤੱਖ ਹੁੰਦੀ ਹੈ ਕਿ ਡਾ. ਮਨਜੀਤ ਸਿੰਘ ਗਿਆਨ-ਵਿਗਿਆਨ ਦੀਆਂ ਨਵੀਆਂ ਉਪਲੱਬਧੀਆਂ ਨਾਲ ਆਪਣਾ ਪ੍ਰਮਾਣਿਕ ਤਾਲਮੇਲ ਬਣਾ ਕੇ ਚਲਦਾ ਹੈ। ਇਸ ਪ੍ਰਕਿਰਿਆ ਰਾਹੀਂ ਪੰਜਾਬੀ ਸਾਹਿਤ ਦੇ ਮਸਲਿਆਂ ਉਪਰ ਤਾਂ ਨਿੱਠ ਕੇ ਵਿਚਾਰ ਹੁੰਦੀ ਹੀ ਹੈ, ਪਰ ਇਸ ਦੇ ਨਾਲ ਨਾਲ ਜਿਹੜੀ ਵਿਸ਼ੇਸ਼ਤਾ ਅਗਰਭੂਮੀ ਵਿਚ ਆਉਂਦੀ ਹੈ, ਉਹ ਇਹ ਕਿ ਪੰਜਾਬੀ ਜਗਤ ਆਪਣੀਆਂ ਭਾਸ਼ਾਈ ਤੇ ਸਾਂਸਕ੍ਰਿਤਕ-ਸੀਮਾਵਾਂ ਸਮੇਤ, ਗਿਆਨ-ਵਿਗਿਆਨ ਦੇ ਪ੍ਰਵਾਹ ਵਿਚ ਸ਼ਾਮਲ ਹੋ ਜਾਂਦਾ ਹੈ। ਇਹ ਇਸ ਪੁਸਤਕ ਦੀ ਇਕ ਵਰਣਨਯੋਗ ਵਿਸ਼ੇਸ਼ਤਾ ਹੈ ਜੋ ਮੇਰੀ ਜਾਚੇ, ਪੰਜਾਬੀ ਦੇ ਸਮੀਖਿਆ-ਸਭਿਆਚਾਰ ਦੀ ਇਕ ਮੁੱਲਵਾਨ ਪ੍ਰਾਪਤੀ ਹੈ।

ਡਾ. ਮਨਜੀਤ ਸਿੰਘ ਨੇ ਆਪਣੀ ਯਾਤਰਾ ਅਜਿਹੇ ਨਿੱਗਰ ਧਰਾਤਲ ਨੂੰ ਅਧਾਰ ਬਣਾ ਕੇ ਸ਼ੁਰੂ ਕੀਤੀ ਤੇ ਨਿਰੰਤਰ ਸਾਧਨਾ ਸਦਕਾ ਅੱਜ ਉਹ 'ਪੰਜਾਬੀ ਸਾਹਿਤ-ਅਵਚੇਤਨ' ਵਰਗੀ ਇਹ ਕਿਰਤ ਪੰਜਾਬੀ ਦੇ ਸੁਜੱਗ ਪਾਠਕ-ਵਰਗ ਦੇ ਸਾਹਮਣੇ ਕਰ ਰਿਹਾ ਹੈ।

—**ਪ੍ਰੋ. ਤਰਲੋਕ ਸਿੰਘ 'ਕੰਵਰ'**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪੰਜਾਬੀ ਸਾਹਿਤ-ਅਵਚੇਤਨ

DONATION

8591

ਡਾ. ਮਨਜੀਤ ਸਿੰਘ

पुस्तकालय
पुस्तकालय
गुरुकुल कांगड़ी विश्वविद्यालय

ਪ੍ਰਕਾਸ਼ਕ :
ਪੰਜਾਬੀ ਪ੍ਰਕਾਸ਼ਕ
ਜੇ-6/85, ਰਾਜੌਰੀ ਗਾਰਡਨ
ਨਵੀਂ ਦਿੱਲੀ-110027
ਫ਼ੋਨ : 5410410

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'Punjabi Sahitya Avchetan'
(Literary Criticism)
by
Manjit Singh (Dr.)
Res. : B-60, Fateh Nagar, New Delhi-18
Ph. : 5454124

© Author

May 1993

Published by :
Punjabi Parkashak
J-6/85, Rajouri Garden
New Delhi-110027

Printer :
Jantak Press
9-B, Pleasure Garden Market,
Chandni Chowk, Delhi-110006
Ph. : 328-3518, 328-1350

Cover Design by : Harbans Singh

Price : Rs. 125/-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of cost, and with the compliments of the Department of Education, Government of India

To

*Dr. M. K. Raina*

The Eminent Scientist

(National Physical Laboratory, New Delhi)

who

inspired me with his

scientific vision

and

literary wisdom.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਵਿਸ਼ੇ ਸੂਚੀ

DONATION

ਮੁਖਬੰਧ : ਡਾ. ਸੁਤਿੰਦਰ ਸਿੰਘ ਨੂਰ
ਸੁਆਗਤ : ਡਾ. ਤਰਲੋਕ ਸਿੰਘ ਕੰਵਰ
ਭੂਮਿਕਾ
ਸਭਿਆਚਾਰ : ਤਲਾਸ਼ ਅਧਿਐਨ-ਵਿਧੀ ਦੀ 9
ਕਲਾਮ ਫ਼ਰੀਦ : ਕਾਵਿ ਸ਼ਾਸਤਰੀ ਅਧਾਰ 18
ਗੁਰਮਤਿ ਰਹੱਸਵਾਦ 25
ਮੱਧਕਾਲੀਨ ਪੰਜਾਬੀ ਬਿਰਤਾਂਤਕ-ਵਾਰਤਕ ਦਾ ਜੁਗਤ-ਵਿਧਾਨ 35
'ਤੇਰੇ ਭਾਣੇ' : ਮਹਾ-ਕਾਵਿਕ ਨਾਵਲ 45
ਨੀਲਗਿਰੀ-ਕਹਾਣੀਆਂ : ਇਕ ਸੰਬਾਦ 54
ਸਾਹਿਤਕਾਰ : ਭਾਈ ਮੋਹਨ ਸਿੰਘ ਵੈਦ 64
ਭਾਈ ਵੀਰ ਸਿੰਘ-ਕਾਵਿ : ਮਿਥੋ ਕਾਵਿਕ ਅਧਿਐਨ 70
ਧਨੀ ਰਾਮ ਚਾਤ੍ਰਿਕ ਦਾ ਕਾਵਿ-ਪੈਰਾਡਾਇਮ 81
ਗੁਰਮੁਖ ਸਿੰਘ ਮੁਸਾਫ਼ਿਰ ਦੀ ਕਾਵਿ-ਪ੍ਰਾਪਤੀ 87
ਮੀਸ਼ੇ ਦੀ ਕਾਵਿ-ਦ੍ਰਿਸ਼ਟੀ 94
ਸੁਰਜੀਤ ਰਾਮਪੁਰੀ ਦਾ ਕਾਵਿ-ਅਵਚੇਤਨ 102
ਪ੍ਰਸ਼ਨਵਾਚੀ ਕਾਵਿ-ਪਾਠ ਦੀ ਸਿਰਜਣਾ 109
'ਸੰਵੇਦਨਾ ਤੇ ਸਾਹਿਤ' : ਮੈਟਾ ਅਧਿਐਨ 114

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਇਸੇ ਕਲਮ ਤੋਂ :

1. ਜਨਮਸਾਖੀ/ਮਿਥ-ਵਿਗਿਆਨ
2. ਸਾਖੀ ਸੁਰਤਿ (ਸ. ਸੰਪਾ.)
3. ਪੂਰਨ ਸਿੰਘ ਸਮੀਖਿਆਂਜਲੀ (ਸੰਪਾ.)
4. ਦ੍ਰਿਸ਼ਟੀ-ਬਿੰਦੂ (1985)
   (1986) [second enlarged edition]
5. ਗਲਪਕਾਰ : ਜਸਵੰਤ ਸਿੰਘ ਕੰਵਲ (ਸੰਪਾ.)
6. ਗਲਪਕਾਰ : ਬੂਟਾ ਸਿੰਘ (ਸੰਪਾ.)
7. ਮਿਥ-ਵਿਗਿਆਨ
8. ਰਾਜ ਗਿੱਲ : ਰਚਨਾ ਸੰਸਾਰ (ਸੰਪਾ.)
9. ਪੰਜਾਬੀ ਲੋਕ-ਪਰੰਪਰਾ (ਸੰਪਾ.)
10. ਨਰਿੰਦਰਪਾਲ ਸਿੰਘ ਦੀ ਗਲਪ-ਚੇਤਨਾ (ਸੰਪਾ.)
11. ਸਾਹਿਤਕਾਰ : ਭਾਈ ਮੋਹਨ ਸਿੰਘ ਵੈਦ (ਸੰਪਾ.)
12. ਮੀਸ਼ਾ-ਕਾਵਿ : ਸੰਚਾਰ ਜੁਗਤਾਂ (ਸੰਪਾ.)
13. ਪੰਜਾਬੀ ਸਮੀਖਿਆ ਸੰਸਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੁਖਬੰਧ

'ਪੰਜਾਬੀ ਸਾਹਿਤ-ਅਵਚੇਤਨ' ਡਾ. ਮਨਜੀਤ ਸਿੰਘ ਦੀ ਪੰਜਵੀਂ ਮੌਲਿਕ ਸਮੀਖਿਆ-ਪੁਸਤਕ ਹੈ । ਇਸ ਪੁਸਤਕ ਵਿਚ ਸਮੀਖਿਆ-ਸਿੱਧਾਂਤ ਤੇ ਗਿਆਨ-ਸ਼ਾਸਤਰ ਨਾਲ ਜੁੜੇ ਕੁਝ ਅਹਿਮ ਤੇ ਨਵੇਂ ਮਸਲਿਆਂ ਨੂੰ ਛੁਹਿਆ ਗਿਆ ਹੈ । ਸਿਰਫ਼ ਸਿੱਧਾਂਤਕ ਪੱਖ ਤੋਂ ਹੀ ਨਹੀਂ ਸਗੋਂ ਮੱਧਕਾਲ ਤੇ ਆਧੁਨਿਕ ਕਾਲ ਦੇ ਪੰਜਾਬੀ ਸਾਹਿਤ, ਖ਼ਾਸ ਕਰਕੇ 'ਪਰਵਾਸੀ ਪੰਜਾਬੀ-ਸਾਹਿਤ' ਅਤੇ 'ਪੰਜਾਬੀ ਸਭਿਆਚਾਰ' ਦੇ ਵਿਸ਼ਲੇਸ਼ਣ ਦੇ ਪੱਖੋਂ ਵੀ, ਇਹ ਪੁਸਤਕ ਬਹੁਤ ਹੀ ਮਹੱਤਵਪੂਰਣ ਸਾਬਤ ਹੋਵੇਗੀ । ਨੇੜਲੇ ਭਵਿੱਖ ਵਿਚ ਡਾ. ਮਨਜੀਤ ਸਿੰਘ, ਪਰਵਾਸੀ ਪੰਜਾਬੀ ਸਾਹਿਤ ਦੇ ਮਸਲਿਆਂ ਉਪਰ ਹੋਰ ਵੀ ਵਿਸਥਾਰ ਨਾਲ ਸ਼ੋਧ-ਕਾਰਜ ਕਰਨ ਦੀ ਯੋਜਨਾ ਬਣਾ ਰਿਹਾ ਹੈ । ਉਸ ਦੀ ਇਹ ਯੋਜਨਾ ਬੜੀ ਸਾਰਥਕ ਵੀ ਹੈ ਤੇ ਮਹੱਤਵਪੂਰਣ ਵੀ ।

ਵਿਸ਼ਵ-ਸਮੀਖਿਆ ਦੇ ਅੰਤਰਗਤ, ਪਿੱਛਲੇ ਕੁਝ ਸਾਲਾਂ ਦੇ ਦੌਰਾਨ ਵੱਡੀਆਂ ਤਬਦੀਲੀਆਂ ਵਾਪਰੀਆਂ ਹਨ । ਸਿਰਫ਼ ਸਮੀਖਿਆ-ਸਿੱਧਾਂਤਾਂ ਤੇ ਵਿਧੀਆਂ ਵਿਚ ਹੀ ਪਰਿਵਰਤਨ ਨਹੀਂ ਵਾਪਰੇ, ਸਗੋਂ ਸਮੀਖਿਆ ਦੀ ਭਾਸ਼ਾ ਵੀ ਬਦਲ ਗਈ ਹੈ । ਨਵੀਂ ਤਕਨੀਕੀ ਭਾਸ਼ਾ ਨਾਲ ਨਵੀਂ ਸਮੀਖਿਆ ਵਿਚ ਖ਼ਾਸਾ ਸੰਜਮ ਆਇਆ ਹੈ । ਹੁਣ ਸਮੀਖਿਆ ਦਾ ਕਾਰਜ ਨਵੇਂ ਗਿਆਨ ਦੀ ਚੇਤਨਾ ਨਾਲ ਸੰਬੰਧਤ ਹੋ ਗਿਆ ਹੈ । ਪੰਜਾਬੀ ਵਿਚ ਅੱਜੇ ਵੀ ਬਹੁਤੇ ਅਲੋਚਕ ਸਰਲੀਕ੍ਰਿਤ ਰੂਪ ਵਿਚ ਪਰੰਪਰਕ ਭਾਸ਼ਾ ਤੇ ਗਿਆਨ ਨਾਲ ਗੁਜ਼ਰ ਬਸਰ ਕਰ ਰਹੇ ਹਨ । ਡਾ. ਮਨਜੀਤ ਸਿੰਘ, ਸਮੀਖਿਆ-ਸਿੱਧਾਂਤਾਂ, ਵਿਧੀਆਂ ਤੇ ਸਮੀਖਿਆ ਦੀ ਭਾਸ਼ਾ ਵਿਚ ਵਾਪਰੀਆਂ ਇਨ੍ਹਾਂ ਤਬਦੀਲੀਆਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਵੀ ਹੈ ਅਤੇ ਉਨ੍ਹਾਂ ਤੋਂ ਪ੍ਰੇਰਨਾ ਲੈਂਦਾ ਵੀ ਨਜ਼ਰ ਆਉਂਦਾ ਹੈ । ਇਹੀ ਕਾਰਨ ਹੈ ਕਿ ਉਸ ਨੇ ਹੱਥਲੀ ਪੁਸਤਕ ਵਿਚ ਪੰਜਾਬੀ ਸਾਹਿਤ ਦੇ 'ਅਵਚੇਤਨ' ਦੀ ਪਹਿਚਾਨ ਕਰਨ ਦਾ ਯਤਨ ਕੀਤਾ ਹੈ । ਇਹ ਆਪਣੇ ਆਪ ਵਿਚ ਡਾ. ਮਨਜੀਤ ਸਿੰਘ ਦੀ ਇਕ ਬਹੁਤ ਹੀ ਮੁੱਲਵਾਨ ਪ੍ਰਾਪਤੀ ਹੈ ।

ਪੰਜਾਬੀ ਦੇ ਕੁਝ ਨਵੇਂ ਅਲੋਚਕਾਂ ਦਾ ਧਿਆਨ ਇਸ ਗੱਲ ਵੱਲ ਵਿਸ਼ੇਸ਼ ਤੌਰ 'ਤੇ ਗਿਆ ਹੈ ਕਿ ਸਿਰਫ਼ 'ਸੁਚੇਤਨ' (conscious) ਦੀ ਪਹਿਚਾਣ ਕਰ ਕੇ ਹੀ ਸਾਹਿਤ ਦਾ ਵਿਸ਼ਲੇਸ਼ਣ-ਮੁਲੰਕਣ ਜਾਂ ਸਮੀਖਿਆ ਨਹੀਂ ਕੀਤੀ ਜਾ ਸਕਦੀ । ਸਗੋਂ 'ਸਾਹਿਤਕ-ਅਵਚੇਤਨ' (literary unconscious) ਨੂੰ ਮਹੱਤਵ ਦੇ ਕੇ, ਉਸ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝਣਾ ਵੀ ਜ਼ਰੂਰੀ ਹੈ ਅਤੇ ਉਸ ਸੰਬੰਧੀ ਜੋ ਨਵਾਂ ਗਿਆਨ ਸਾਹਮਣੇ ਆ ਰਿਹੈ, ਉਸ ਤੋਂ ਵੀ ਜਾਣੂ ਹੋਣਾ ਲਾਜ਼ਮੀ ਹੈ। ਇਸ ਚੇਤਨਾ ਨੂੰ ਪਿਛੋਕੜ ਵਿਚ ਰਖ ਕੇ, ਸਾਹਿਤ ਦੀ ਸਮੀਖਿਆ ਕਿਵੇਂ ਕੀਤੀ ਜਾ ਸਕਦੀ ਹੈ—ਇਸ ਗੱਲ ਦੀ ਡਾ: ਮਨਜੀਤ ਸਿੰਘ ਨੂੰ ਪੂਰੀ ਸੋਝੀ ਹੈ। ਹੱਥਲੀ ਪੁਸਤਕ ਦੇ ਸਾਰੇ ਨਿਬੰਧ ਇਸ ਵਿਚਾਰ ਦੀ ਪੁਸ਼ਟੀ ਕਰਦੇ ਨਜ਼ਰ ਆਉਂਦੇ ਹਨ। ਡਾ: ਮਨਜੀਤ ਸਿੰਘ ਨੇ ਇਥੇ ਮੱਧਕਾਲ, ਆਧੁਨਿਕ ਕਾਲ ਦੇ ਪੰਜਾਬੀ ਸਾਹਿਤ ਜਾਂ ਪਰਵਾਸੀ ਪੰਜਾਬੀ ਸਾਹਿਤ ਦੇ ਬਹੁਤ ਸਾਰੇ ਪਾਠਾਂ ਨੂੰ ਨਹੀਂ ਚੁਣਿਆ, ਸਗੋਂ ਕੁਝ ਪਾਠ ਚੁਣ ਕੇ, ਉਨ੍ਹਾਂ ਨੂੰ ਆਪਣੀ ਅਜਿਹੀ ਚਰਚਾ ਦਾ ਅਧਾਰ ਬਣਾਇਆ ਹੈ। ਉਸ ਦਾ ਇਹ ਯਤਨ ਕਾਫੀ ਸਲਾਹੁਣਯੋਗ ਹੈ।

ਕੁਝ ਸਮਾਂ ਪਹਿਲਾਂ 'ਮਾਰਕਸਵਾਦੀ' ਤੇ 'ਸੰਰਚਨਾਵਾਦੀ ਸਾਹਿਤ-ਸਮੀਖਿਆ' ਵਿਚ ਸਹਿਜੇ ਹੀ ਇਕ ਤਿੱਖਾ ਵਿਰੋਧ ਤੇ ਤਣਾਉ ਸਥਾਪਤ ਹੋ ਜਾਂਦਾ ਰਿਹਾ ਹੈ। ਕੁਝ ਸਮੀਖਿਆਕਾਰਾਂ ਨੇ ਇਨ੍ਹਾਂ ਦੋਹਾਂ ਅਧਿਐਨ-ਵਿਧੀਆਂ ਵਿਚਕਾਰ ਨੇੜ੍ਹਤਾ ਕਾਇਮ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਡਾ: ਮਨਜੀਤ ਸਿੰਘ ਉਨ੍ਹਾਂ ਨਵੇਂ ਸਮੀਖਿਆਕਾਰਾਂ ਵਿੱਚੋਂ ਇਕ ਹੈ। ਉਸ ਨੇ ਸਾਹਿਤਕ-ਅਵਚੇਤਨ, ਪ੍ਰਵਚਨ ਸਿੱਧਾਂਤ (Theory of discourse), ਕਾਵਿ-ਪੈਰਾਡਾਇਮ (poetic paradigm), ਅਰਥ-ਉਤਪਾਦਨ ਦਾ ਸਿੱਧਾਂਤ (Production of meaning), ਸਾਹਿਤਕ-ਦਵੰਦਾਤਮਕਤਾ (Literary dialectics), ਚਿਹਨ-ਵਿਗਿਆਨ (Semiotics) ਆਦਿ ਨੂੰ ਵਿਚਾਰਦਿਆਂ, ਇਨ੍ਹਾਂ ਦੀ ਨੇੜ੍ਹਤਾ ਦੀ ਵਿਧੀ ਨੂੰ ਅਪਨਾਇਆ ਹੈ। ਇਨ੍ਹਾਂ ਸਿੱਧਾਂਤਾਂ ਦੀ ਨੇੜ੍ਹਤਾ ਨੂੰ ਅਪਨਾਉਂਦਿਆਂ, ਇਨ੍ਹਾਂ ਦੀ ਯੋਗਤਾ ਨੂੰ ਸਾਰਥਕ ਰੂਪ ਵਿਚ ਸਿੱਧ ਕੀਤਾ ਹੈ। ਕਿਉਂਕਿ, ਇਨ੍ਹਾਂ ਦੀ ਨੇੜ੍ਹਤਾ, ਸਾਹਿਤ ਅਤੇ ਸਭਿਆਚਾਰ ਦੀ ਟੈਕਸਟ (text) ਨੂੰ ਸਮਝਣ ਲਈ ਵਧੇਰੇ ਕਾਰਗਰ ਸਾਬਤ ਹੁੰਦੀ ਹੈ। 'ਚਿਹਨ-ਵਿਗਿਆਨ', 'ਡੀਕੰਸਟਰੱਕਸ਼ਨ' (Deconstruction) ਤੇ 'ਪੋਸਟ-ਮਾਡਰਨਿਜ਼ਮ' ਆਦਿ ਵਿਕਸਤ ਹੋ ਰਹੀਆਂ ਹੋਰ ਵਿਧੀਆਂ ਦੇ ਪ੍ਰਸੰਗ ਵਿਚ ਵੀ ਇਸ ਚੇਤਨਾ ਨੂੰ ਗ੍ਰਹਿਣ ਕਰਨਾ ਜ਼ਰੂਰੀ ਹੈ। ਜੇਕਰ ਅਸੀਂ ਪੰਜਾਬੀ ਸਾਹਿਤ ਦੇ ਸਭਿਆਚਾਰ-ਸ਼ਾਸਤਰ ਦੀ ਤਲਾਸ਼ ਕਰਨੀ ਹੈ ਤਾਂ ਇਸ ਚੇਤਨਾ ਨਾਲ ਜੁੜ ਕੇ ਅਸੀਂ ਛੇਤੀ ਹੀ ਉਸ ਦੇ ਰਾਹ ਪਹਿਚਾਣ ਸਕਦੇ ਹਾਂ। ਹੱਥਲੀ ਪੁਸਤਕ ਨਾਲ ਸੰਬੰਧਤ ਸਾਰੇ ਨਿਬੰਧ, ਸਾਨੂੰ ਇਸ ਪ੍ਰਕਿਰਿਆ ਨਾਲ ਜੋੜਣ ਦੀ ਅਹਿਮ ਭੂਮਿਕਾ ਨਿਭਾਉਂਦੇ ਹਨ। ਨਵੀਂ ਪੰਜਾਬੀ ਸਾਹਿਤ-ਸਮੀਖਿਆ ਦੇ ਖੇਤਰ ਵਿਚ ਇਹ ਪੁਸਤਕ ਨਵੇਂ ਮਿਆਰ ਸਥਾਪਤ ਕਰਨ ਵਾਲੀ ਸਾਬਤ ਹੋਵੇਗੀ। ਇਸ ਲਈ 'ਪੰਜਾਬੀ ਸਾਹਿਤ-ਅਵਚੇਤਨ' ਪੁਸਤਕ ਦਾ ਮੈਂ ਦਿਲੋਂ ਸੁਆਗਤ ਕਰਦਾ ਹਾਂ ਅਤੇ ਉਮੀਦ ਰਖਦਾ ਹਾਂ ਕਿ ਪੰਜਾਬੀ ਦੇ ਸੰਜੀਦਾ ਪਾਠਕ ਤੇ ਅਧਿਏਤਾ ਵੀ ਇਸ ਪ੍ਰਤੀ ਹੁੰਗਾਰਾ ਭਰਨਗੇ।

**—ਡਾ. ਸੁਤਿੰਦਰ ਸਿੰਘ ਨੂਰ**
ਮੁੱਖੀ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸੁਆਗਤ

ਡਾ. ਮਨਜੀਤ ਸਿੰਘ ਲੱਗਭਗ ਪਿੱਛਲੇ ਦਸ ਵਰ੍ਹਿਆਂ ਤੋਂ ਆਧੁਨਿਕ ਪੰਜਾਬੀ ਸਮੀਖਿਆ-ਸਭਿਆਚਾਰ ਦੇ ਖੇਤਰ ਵਿਚ ਪੂਰੀ ਤਨਦੇਹੀ ਨਾਲ ਉਦਮਸ਼ੀਲ ਹੋ ਕੇ ਕੰਮ ਕਰ ਰਿਹਾ ਹੈ। ਹੁਣ ਤੱਕ ਉਹ ਪੰਜਾਬੀ ਸਾਹਿਤ-ਸਮੀਖਿਆ ਦੇ ਖੇਤਰ ਨੂੰ ਚਾਰ ਮੌਲਿਕ ਪੁਸਤਕਾਂ ਦੇ ਚੁੱਕਿਆ ਹੈ, ਜੋ ਆਪਣੀ ਸਮੱਗਰੀ ਵਿਚ, ਮੱਧਕਾਲੀਨ ਪੰਜਾਬੀ-ਸਾਹਿਤ ਦੇ ਮਸਲਿਆਂ ਤੋਂ ਲੈ ਕੇ ਸਮਕਾਲੀਨ ਸਾਹਿਤ-ਸਮੱਸਿਆਵਾਂ ਦੇ ਭਿੰਨ ਭਿੰਨ ਆਯਾਮਾਂ ਨਾਲ ਸੰਬੰਧਤ ਹਨ। ਹੱਥਲੀ ਪੁਸਤਕ ਜਿਸ ਦਾ ਨਾਂ 'ਪੰਜਾਬੀ ਸਾਹਿਤ-ਅਵਚੇਤਨ' ਹੈ—ਇਸੇ ਹੀ ਦਿਸ਼ਾ ਵਿਚ ਇਕ ਅੱਗਲਾ ਤੇ ਆਪਣੀ ਸਾਰੀ ਕੀਤੀ ਪਹਿਲੀ ਕਮਾਈ ਤੋਂ ਪਾਰ ਜਾਣ ਵਾਲਾ ਯਤਨ ਹੈ।

ਮੇਰੀ ਜਾਚੇ ਇਕ ਸਮੀਖਿਆਕਾਰ ਦੀ ਯਾਤਰਾ ਹੀ ਅਜਿਹੀ ਹੈ ਕਿ ਉਹ ਆਪਣੇ ਹਰ ਬਿੰਦੂ ਉਪਰ, ਆਪਣੇ ਆਪ ਤੋਂ ਵਿੱਥ ਥਾਪਦਾ ਹੈ। ਹੱਥਲੀ ਪੁਸਤਕ ਤੋਂ ਪੂਰੀ ਤਰ੍ਹਾਂ ਜ਼ਾਹਿਰ ਹੋ ਜਾਂਦਾ ਹੈ ਕਿ ਡਾ. ਮਨਜੀਤ ਸਿੰਘ ਨੇ ਆਪਣੇ ਆਪ ਤੋਂ ਵਿੱਥ ਥਾਪ ਸਕਣ ਵਾਲੀ ਸਮਰੱਥਾ ਵਾਲਾ ਸੰਸਕਾਰ ਆਪਣੇ ਅੰਦਰ ਕੁਰੇਦ ਲਿਆ ਹੈ। ਇਹ ਸਮੀਖਿਆਕਾਰ, ਜਿਸ 'ਅਵਚੇਤਨ' (unconscious) ਦੀ ਗੱਲ ਕਰ ਰਿਹਾ ਹੈ, ਪੰਜਾਬੀ ਸਾਹਿਤ-ਸਮੀਖਿਆ ਦੇ ਖੇਤਰ ਵਿਚ ਅਤਿਅੰਤ ਨਵੀਨ ਹੈ। ਪੁਰਾਣੀ ਪੰਜਾਬੀ ਸਾਹਿਤ-ਸਮੀਖਿਆ ਜਾਂ ਤਾਂ ਸਭਿਆਚਾਰ ਦੇ 'ਅਧਾਰ' ਤੇ 'ਉਸਾਰ' ਦੇ ਮਾਡਲ ਉਪਰ ਨਿਰਮਿਤ ਹੋਈ ਹੈ ਜਾਂ 'ਸੁਹਜ-ਸੰਵੇਦਨਾ' ਦੇ ਪ੍ਰਯੋਜਨ ਨੂੰ ਸਾਹਿਤ ਦਾ ਅੰਤਮ ਪ੍ਰਯੋਜਨ ਮੰਨ ਕੇ ਉਸਰੀ ਹੈ। ਪਰ, ਨਵੀਨ-ਅਲੋਚਨਾ ਦਾ ਸਾਰਾ ਪ੍ਰਯਾਸ 'ਅਵਚੇਤਨ' ਵੱਲ ਜਾਣ ਦਾ ਹੈ। ਅਵਚੇਤਨ ਵੱਲ ਜਾਣ ਨਾਲ ਪੁਰਾਣੀਆਂ ਸਮੀਖਿਆ-ਵਿਧੀਆਂ ਪੂਰੀ ਤਰ੍ਹਾਂ ਰੱਦ ਨਹੀਂ ਹੁੰਦੀਆਂ, ਪਰ ਉਨ੍ਹਾਂ ਸਾਹਵੇਂ ਇਕ ਗੰਭੀਰ ਪ੍ਰਸ਼ਨ-ਚਿੰਨ੍ਹ ਜ਼ਰੂਰ ਲੱਗ ਜਾਂਦਾ ਹੈ। ਇਸ ਵਿਧੀ ਨਾਲ ਸਾਹਿਤਕ-ਪਾਠ ਨੂੰ ਉਸ ਦੀ ਗਹਿਨ-ਸੰਰਚਨਾ (deep structure) ਦੇ ਐਸੇ ਧਰਾਤਲ ਤੀਕ ਲੈ ਜਾਇਆ ਜਾਂਦਾ ਹੈ ਜਿਥੇ ਰਚਨਾ ਦੀਆਂ ਸਾਰਥਕਤਾਵਾਂ, ਆਪਣੀਆਂ ਅੰਦਰਲੀਆਂ ਅਰਥ-ਪਰਤਾਂ ਨੂੰ ਉਲੰਘ ਕੇ ਸਮੁੱਚੇ ਵਿਸ਼ਾਲ ਤੇ ਇਕ ਖੁੱਲ੍ਹੇ ਪ੍ਰਬੰਧ ਨਾਲ ਆਪਣਾ ਰਿਸ਼ਤਾ ਕਾਇਮ ਕਰ ਲੈਂਦੀਆਂ ਹਨ।

'ਅਵਚੇਤਨ' ਦੀ ਗੱਲ ਆਮ ਤੌਰ 'ਤੇ ਮਨੋ-ਵਿਗਿਆਨ ਨਾਲ ਜੋੜੀ ਜਾਂਦੀ ਹੈ ਅਤੇ ਇਹ ਸਮਝਿਆ ਜਾਂਦਾ ਹੈ ਕਿ 'ਅਵਚੇਤਨ' ਸਾਡੇ 'ਸੁਚੇਤਨ' ਦੀ ਅੰਦਰਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਹਿਰਾਈ ਵਿਚ ਸਥਾਪਤ ਇਕ ਐਸੀ ਕੋਠੜੀ ਹੈ ਜਿਥੇ ਸਾਡੀਆਂ ਮਨੋ-ਗੁੰਥੀਆਂ (complexes) ਜਟਿਲ ਤੋਂ ਅਤਿਅੰਤ ਜਟਿਲ ਹੁੰਦੀਆਂ ਚਲੀਆਂ ਜਾਂਦੀਆਂ ਹਨ। ਪਰੰਤੂ ਮਨੋ-ਵਿਗਿਆਨ ਦੀ ਇਹ ਧਾਰਣਾ ਉਦੋਂ ਇਕ ਨਵਾਂ ਰੂਪ ਅਖ਼ਤਿਆਰ ਕਰ ਲੈਂਦੀ ਹੈ ਜਦੋਂ ਸਾਸਿਓਰ ਆਪਣੇ ਭਾਸ਼ਾ-ਵਿਗਿਆਨਕ ਅਧਿਐਨ ਦਵਾਰਾ, ਭਾਸ਼ਾਈ-ਅਵਚੇਤਨ ਦਾ ਸੰਕਲਪ ਸਾਹਮਣੇ ਲਿਆਉਂਦਾ ਹੈ। ਭਾਸ਼ਾਈ-ਅਵਚੇਤਨ, ਉਸ ਵਿਨਿਆਸ-ਟੈਕਨਾਲੋਜੀ ਨੂੰ ਕਿਹਾ ਜਾਂਦਾ ਹੈ ਜੋ ਉਪਰਲੀ ਪੱਧਰ 'ਤੇ ਜ਼ਾਹਿਰ ਹੋਣ ਵਾਲੀ ਸਾਰਥਕਤਾ ਦਾ ਪ੍ਰਬੰਧਸ਼ੀਲ ਸੁਗਠਨ ਕਰਦੀ ਹੈ। ਇਸ ਨੂੰ 'ਭਾਸ਼ਾ ਦੀ ਵਿਆਕਰਣ' ਵੀ ਕਿਹਾ ਜਾਂਦਾ ਹੈ। ਇਸੇ ਤੋਂ ਹੀ ਪ੍ਰੇਰਣਾ ਲੈਂਦਿਆਂ 'ਸੰਰਚਨਾਵਾਦ' ਤੇ 'ਉਤਰ ਸੰਰਚਨਾਵਾਦ' (Post-structuralism) ਆਪਣੇ ਅਧਿਅਨ ਦੇ ਸਾਰੇ ਮਾਡਲ, 'ਅਵਚੇਤਨ' ਉਪਰ ਹੀ ਉਸਾਰਦੇ ਹਨ। ਡਾ. ਮਨਜੀਤ ਸਿੰਘ ਨੇ 'ਅਵਚੇਤਨ' ਦੀ ਇਸ ਉਪਲੱਬਧੀ ਤੋਂ ਪ੍ਰੇਰਣਾ ਲੈਂਦਿਆਂ, ਪੰਜਾਬੀ-ਸਭਿਆਚਾਰ ਤੇ ਸਾਹਿਤ ਦੇ ਵੱਖ ਵੱਖ ਪਹਿਲੂਆਂ ਨਾਲ ਸੰਬੰਧਤ ਮਸਲਿਆਂ ਦਾ ਗੰਭੀਰ ਅਧਿਐਨ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਹੱਥਲੀ ਪੁਸਤਕ 'ਪੰਜਾਬੀ ਸਾਹਿਤ-ਅਵਚੇਤਨ' ਦਾ ਪਾਠ ਕਰਨ ਨਾਲ ਇਹ ਗੱਲ ਪ੍ਰਤੱਖ ਹੁੰਦੀ ਹੈ ਕਿ ਡਾ. ਮਨਜੀਤ ਸਿੰਘ ਗਿਆਨ-ਵਿਗਿਆਨ ਦੀਆਂ ਨਵੀਆਂ ਉਪਲੱਬਧੀਆਂ ਨਾਲ ਆਪਣਾ ਪ੍ਰਮਾਣਿਕ ਤਾਲਮੇਲ ਬਣਾ ਕੇ ਚਲਦਾ ਹੈ। ਇਸ ਪ੍ਰਕਿਰਿਆ ਰਾਹੀਂ ਪੰਜਾਬੀ ਸਾਹਿਤ ਦੇ ਮਸਲਿਆਂ ਉਪਰ ਤਾਂ ਨਿੱਠ ਕੇ ਵਿਚਾਰ ਹੁੰਦੀ ਹੀ ਹੈ, ਪਰ ਇਸ ਦੇ ਨਾਲ ਨਾਲ ਜਿਹੜੀ ਵਿਸ਼ੇਸ਼ਤਾ ਅਗਰਭੂਮੀ ਵਿਚ ਆਉਂਦੀ ਹੈ ਉਹ ਇਹ ਕਿ ਪੰਜਾਬੀ ਜਗਤ ਆਪਣੀਆਂ ਭਾਸ਼ਾਈ ਤੇ ਸਾਂਸਕ੍ਰਿਤਕ-ਸੀਮਾਵਾਂ ਸਮੇਤ, ਵਿਸ਼ਵ ਪੱਧਰ ਉਪਰ ਨਿਰਮਿਤ ਹੋ ਰਹੇ ਗਿਆਨ-ਵਿਗਿਆਨ ਦੇ ਪ੍ਰਵਾਹ ਵਿਚ ਸ਼ਾਮਲ ਹੋ ਜਾਂਦਾ ਹੈ। ਇਹ ਇਸ ਪੁਸਤਕ ਦੀ ਇਕ ਵਰਣਨਯੋਗ ਵਿਸ਼ੇਸ਼ਤਾ ਹੈ ਜੋ ਮੇਰੀ ਜਾਚੇ, ਪੰਜਾਬੀ ਦੇ ਸਮੀਖਿਆ-ਸਭਿਆਚਾਰ ਦੀ ਇਕ ਮੁੱਲਵਾਨ ਪ੍ਰਾਪੰਤੀ ਹੈ।

ਡਾ. ਮਨਜੀਤ ਸਿੰਘ ਆਪਣੀ ਸਮੀਖਿਆ-ਯਾਤਰਾ, 'ਮਿਥ-ਵਿਗਿਆਨ' ਤੋਂ ਅਰੰਭਦਾ ਹੈ। ਅਸਲ ਵਿਚ 'ਮਿਥ-ਵਿਗਿਆਨ' ਵੀ ਨਵੇਂ ਗਿਆਨ-ਸ਼ਾਸਤਰ ਦੀ ਹੀ ਦੇਣ ਹੈ। ਮਿਥ ਦੀ ਸਿਰਜਣਾ, ਲੋਕਯਾਨਕ ਤੇ ਭਾਈਚਾਰਕ ਸਾਮੂਹਿਕਤਾ ਦੇ ਅੰਤਰਗਤ ਵਿਚਰਦਾ 'ਅਵਚੇਤਨ' ਹੀ ਕਰਦਾ ਹੈ। ਮਿਥ-ਵਿਗਿਆਨ, ਅਜਿਹੀ ਸਿਰਜੀ ਮਿਥ ਦਾ ਅਮਿਥੀਕਰਣ (demythification) ਕਰਦਾ ਹੈ। ਡਾ. ਮਨਜੀਤ ਸਿੰਘ ਬਾਖ਼ੂਬੀ ਇਹ ਜਾਣਦਾ ਹੈ ਕਿ ਇਹ ਅਮਿਥੀਕਰਣ ਸਾਸਿਓਰ ਦੇ ਭਾਸ਼ਾ-ਵਿਗਿਆਨਕ ਮਾਡਲ ਨੂੰ ਅਧਾਰ ਬਣਾ ਕੇ ਹੀ ਹੁੰਦਾ ਹੈ। ਪ੍ਰਸਿੱਧ ਚਿਹਨ-ਵਿਗਿਆਨੀ ਤੇ ਕਾਵਿ-ਸ਼ਾਸਤਰੀ ਰੋਲਾਂ ਬਾਰਤ (Roland Barthes) ਜਦੋਂ ਆਪਣੀਆਂ ਪਰੰਪਰਾਈ ਪ੍ਰਾਪਤੀਆਂ ਵਿਚ ਕੰਮ ਕਰਦੇ ਕੁਝ ਵਿਸ਼ੇਸ਼ ਮਹੱਤਵ ਵਾਲੇ ਅਮਲਾਂ ਦੀ ਘੋਖ-ਪੜਤਾਲ ਕਰਦਾ ਹੈ ਤਾਂ ਉਹ ਉਨ੍ਹਾਂ ਨੂੰ 'ਮਾਈਥਾਲੋਜੀ' (Mythology) ਦਾ ਨਾਂ ਦੇਂਦਾ ਹੈ। ਪਰ, ਅੱਗੇ ਜਾ ਕੇ ਉਹ ਅਜਿਹੀ ਸਾਰੀ ਮਾਈਥਾਲੋਜੀ ਨੂੰ ਚਿਹਨ-ਵਿਗਿਆਨ (Semiotics) ਵਿਚ ਵਿਸਤਾਰ ਕੇ, ਅਰਥਾਂ ਦੇ ਉਤਪਾਦਨ (Production of meantng) ਦੇ ਰਾਹ 'ਤੇ ਪਾ ਦੇਂਦਾ ਹੈ। ਡਾ. ਮਨਜੀਤ ਸਿੰਘ ਨੇ ਆਪਣੀ ਯਾਤਰਾ ਅਜਿਹੇ ਨਿੱਗਰ ਧਰਾਤਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਅਧਾਰ ਬਣਾ ਕੇ ਸ਼ੁਰੂ ਕੀਤੀ ਤੇ ਨਿਰੰਤਰ ਸਾਧਨਾ ਸਦਕਾ ਅੱਜ ਉਹ 'ਪੰਜਾਬੀ ਸਾਹਿਤ-ਅਵਚੇਤਨ' ਵਰਗੀ ਇਹ ਕਿਰਤ ਪੰਜਾਬੀ ਦੇ ਸੁਜੱਗ ਪਾਠਕ-ਵਰਗ ਦੇ ਸਾਹਮਣੇ ਕਰ ਰਿਹਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਬੌਧਿਕ ਜਗਿਆਸਾ ਰਖਣ ਵਾਲੇ ਤੇ ਪ੍ਰਤੀਉੱਤਰਸ਼ੀਲ ਪਾਠਕ, ਇਸ ਪ੍ਰਤੀ ਭਰਪੂਰ ਹੁੰਗਾਰਾ ਭਰਨਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਪੁਸਤਕ ਦਾ ਸੁਆਗਤ ਵੀ ਕਰਦਾ ਹਾਂ ਅਤੇ ਡਾ. ਮਨਜੀਤ ਸਿੰਘ ਪਾਸੋਂ ਅੱਗਲੀ ਪੁਲਾਂਗ ਪੁੱਟਣ ਦੀ ਆਸ ਵੀ ਰਖਦਾ ਹਾਂ।

**—ਡਾ. ਤਰਲੋਕ ਸਿੰਘ 'ਕੰਵਰ'**
ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਭਿਆਚਾਰ : ਤਲਾਸ਼ ਅਧਿਐਨ-ਵਿਧੀ ਦੀ

ਸਭਿਆਚਾਰ, ਆਪਣੇ ਆਪ ਵਿਚ ਇਕ ਜਟਿਲ, ਗਤੀਸ਼ੀਲ ਤੇ ਵਿਆਪਕ ਪ੍ਰਬੰਧ ਹੈ ਜੋ ਵੱਖ ਵੱਖ ਇਤਿਹਾਸਕ, ਸਮਾਜਕ ਤੇ ਭੂਗੋਲਕ ਸਥਿਤੀਆਂ-ਪਰਸਥਿਤੀਆਂ, ਚੁਣੌਤੀਆਂ ਤੇ ਉਨ੍ਹਾਂ ਦੇ ਪ੍ਰਤੀਉਤਰਾਂ ਸਦਕਾ ਹੋਂਦ ਵਿਚ ਆਉਂਦਾ ਹੈ। ਇਹ ਜਟਿਲ ਇਸ ਲਈ ਹੁੰਦਾ ਹੈ ਕਿਉਂਕਿ ਇਸ ਦੇ ਕਈ ਪਾਸਾਰ ਤੇ ਪਰਤਾਂ ਹੁੰਦੀਆਂ ਹਨ, ਜੋ ਇਕੋ ਸਮੇਂ ਸਾਡੀ ਪਕੜ ਵਿਚ ਨਹੀਂ ਆ ਪਾਂਦੀਆਂ। ਨਤੀਜੇ ਵਜੋਂ, ਸਾਡਾ ਅਧਿਐਨ ਆਂਸ਼ਿਕ, ਇਕਹਿਰਾ ਤੇ ਇਕ-ਪਾਸੜ ਜਿਹਾ ਹੋ ਕੇ ਰਹਿ ਜਾਂਦਾ ਹੈ। ਸਭਿਆਚਾਰ ਦੇ ਅਧਿਐਨ ਲਈ ਇਝ ਅਜਿਹੀ ਅੰਤਰ-ਅਨੁਸ਼ਾਸਨੀ (inter-disciplinary) ਦ੍ਰਿਸ਼ਟੀ ਲੋੜੀਂਦੀ ਹੈ ਜੋ ਉਸਦੀਆਂ ਵੱਖ ਵੱਖ ਪਰਤਾਂ ਤੇ ਪਾਸਾਰਾਂ ਨੂੰ ਆਪਣੀ ਪਕੜ ਵਿਚ ਲੈ ਸਕਣ ਦੇ ਸਮਰੱਥ ਹੋਵੇ।

ਬੁਨਿਆਦੀ ਤੌਰ 'ਤੇ ਸਭਿਆਚਾਰ, ਇਕ ਅਜਿਹਾ ਜਟਿਲ ਪ੍ਰਬੰਧ ਹੈ ਜਿਸ ਦਾ ਸੰਬੰਧ, ਖ਼ਿੱਤੇ-ਵਿਸ਼ੇਸ਼ ਵਿਚ ਵਸਣ ਵਾਲੇ ਭਾਈਚਾਰਕ-ਸਮੂਹ ਦੀ ਰੋਜ਼ਮੱਰਾ ਜ਼ਿੰਦਗੀ ਦੀਆਂ ਵਿਹਾਰਕ ਕਿਰਿਆਵਾਂ ਅਤੇ ਵਿਧੀਆਂ ਤੋਂ ਲੈ ਕੇ ਉਸ ਦੀ ਅਮੂਰਤ ਵਿਸ਼ਵ-ਦ੍ਰਿਸ਼ਟੀ (world view) ਦੇ ਪ੍ਰਗਟਾਅ-ਰੂਪਾਂ ਤੱਕ ਸਭ ਕੁਝ ਆ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਹਰ ਸਭਿਆਚਾਰ ਦੀਆਂ ਤੰਦਾਂ, ਸੰਬੰਧਤ ਭਾਈਚਾਰਕ-ਸਮੂਹ ਦੀ ਲੋਕ-ਪਰੰਪਰਾ [ਫ਼ੋਕਲੋਰ] (ਰੀਤੀ-ਰਿਵਾਜ, ਵਿਸ਼ਵਾਸ, ਵਹਿਮ-ਭਰਮ, ਪਹਿਰਾਵੇ, ਖਾਣ-ਪੀਣ ਤੇ ਰਹਿਣ-ਸਹਿਣ ਦੇ ਢੰਗ, ਕਦਰਾਂ-ਕੀਮਤਾਂ ਆਦਿ) ਸਾਹਿਤ, ਇਤਿਹਾਸ, ਲਲਿਤ ਕਲਾਵਾਂ, ਧਰਮ, ਭੂਗੋਲਕ ਸਥਿਤੀਆਂ, ਫ਼ਲਸਫ਼ੇ, ਆਰਥਕ ਤੇ ਭਾਸ਼ਾਈ ਪ੍ਰਬੰਧਾਂ ਆਦਿ ਨਾਲ ਇਕਮਿਕ ਹੋਈਆਂ ਹੁੰਦੀਆਂ ਹਨ। ਸੋ ਸਭਿਆਚਾਰ ਦੇ ਸਾਰਥਕ ਅਧਿਐਨ ਲਈ ਇਨ੍ਹਾਂ ਸਾਰੇ ਵਰਤਾਰਿਆਂ ਦਾ ਭਰੋਸੇਯੋਗ ਗਿਆਨ ਹੋਣਾ ਲਾਜ਼ਮੀ ਹੋ ਜਾਂਦਾ ਹੈ। ਇਸ ਦੀ ਅਣਹੋਂਦ ਕਰਕੇ ਹੀ ਪੰਜਾਬੀ-ਸਭਿਆਚਾਰ ਦਾ ਹੁਣ ਤੱਕ ਹੋਇਆ ਬਹੁਤਾ ਅਧਿਐਨ-ਕਾਰਜ ਸੱਤਈ ਪੱਧਰ ਤੋਂ ਅਗਾਂਹ ਨਹੀਂ ਜਾ ਸਕਿਆ। ਸਭਿਆਚਾਰ ਦਾ ਕਾਰਜ-ਖੇਤਰ ਵਿਆਪਕ ਹੋਣ ਕਰਕੇ, ਇਹ ਕੰਮ ਕਿਸੇ ਇਕੱਲੇਕਾਰੇ ਵਿਅੱਕਤੀ ਦੇ ਵਸ ਤੋਂ ਬਾਹਰ ਹੋ ਜਾਂਦਾ ਹੈ। ਇਸ ਲਈ ਇਸ ਨੂੰ ਸੰਸਥਾ ਦੀ ਪੱਧਰ 'ਤੇ ਨਜਿੱਠਣਾ ਲਾਜ਼ਮੀ ਹੋ ਜਾਂਦਾ ਹੈ। ਮਨੁੱਖੀ ਵਿਹਾਰ ਤੇ ਗਿਆਨ ਸ਼ਾਸਤਰ ਨਾਲ ਸੰਬੰਧਤ ਉਪਰ ਜਿਨ੍ਹਾਂ ਵਰਤਾਰਿਆਂ ਦਾ ਜ਼ਿਕਰ ਕੀਤਾ ਗਿਆ ਹੈ, ਉਹ ਮੂਲ ਰੂਪ ਵਿਚ ਮਨੁੱਖੀ ਸਭਿਆਚਾਰ ਦੇ ਹੀ ਭਿੰਨ ਭਿੰਨ ਪ੍ਰਗਟਾਅ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਰੂਪ ਹਨ। ਕਿਸੇ ਭਾਈਚਾਰਕ ਸਮੂਹ ਦੇ ਸਭਿਆਚਾਰ ਦੀ ਵਿਲੱਖਣਤਾ, ਪਛਾਣ ਤੇ ਗੌਰਵ ਇਨ੍ਹਾਂ ਵਰਤਾਰਿਆਂ ਉਪਰ ਹੀ ਅਧਾਰਤ ਹੁੰਦਾ ਹੈ।

ਅੱਜ ਸਾਡੇ ਦਰਪੇਸ਼ ਅਹਿਮ ਮਸਲਾ ਸਭਿਆਚਾਰ ਨੂੰ ਪਰਿਭਾਸ਼ਤ ਕਰਨ ਦਾ ਨਹੀਂ, ਸਗੋਂ ਕਿਸੇ ਸਾਰਥਕ ਅਧਿਐਨ-ਵਿਧੀ ਦੀ ਤਲਾਸ਼ ਦਾ ਹੈ। ਇਸ ਸੰਬੰਧ ਵਿਚ ਸਭ ਤੋਂ ਪਹਿਲਾਂ ਸਭਿਅਤਾ ਤੇ ਸਭਿਆਚਾਰ ਦੇ ਪਰਸਪਰ ਸੰਬੰਧਾਂ ਨੂੰ ਸਮਝਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਸਭਿਅਤਾ ਤੇ ਸਭਿਆਚਾਰ, ਦੋ ਅਜਿਹੇ ਸੰਕਲਪ ਹਨ ਜਿਨ੍ਹਾਂ ਵਿਚਾਲੇ ਨਿਖੇੜਾ ਸਥਾਪਤ ਕਰਨਾ ਖ਼ਾਸਾ ਮੁਸ਼ਕਿਲ ਜਿਹਾ ਕੰਮ ਲਗਦਾ ਹੈ। ਇਨ੍ਹਾਂ ਦੋਹਾਂ ਸੰਕਲਪਾਂ ਵਿਚ ਅੰਤਰ-ਨਿਖੇੜ ਕਰਨਾ ਮੁਸ਼ਕਿਲ ਜ਼ਰੂਰ ਹੈ, ਪਰ ਅਸੰਭਵ ਨਹੀਂ। ਸਰ ਈ. ਬੀ. ਟਾਇਲਰ ਜਹੇ ਕਈ ਵਿਦਵਾਨ, ਇਨ੍ਹਾਂ ਦੋਹਾਂ ਸੰਕਲਪਾਂ ਨੂੰ ਇਕੋ ਮਨੁੱਖੀ-ਵਰਤਾਰੇ ਦੇ ਲਖ਼ਾਇਕ ਮੰਨ ਕੇ, ਸਭਿਆਚਾਰ ਦਾ ਅਧਿਐਨ ਕਰ ਰਹੇ ਹਨ। ਸਾਡੀ ਧਾਰਣਾ ਇਹ ਹੈ ਕਿ ਕਿਸੇ ਵੀ ਸਭਿਆਚਾਰ ਦੇ ਅਧਿਐਨ ਲਈ, ਇਨ੍ਹਾਂ ਦੋਹਾਂ ਦੀ ਆਪੋ ਆਪਣੀ ਵੱਖਰੀ ਹੋਂਦ-ਵਿਧੀ ਤੇ ਕਾਰਜ-ਖੇਤਰ ਪ੍ਰਤੀ ਸੁਚੇਤ ਹੋਣਾ ਲਾਜ਼ਮੀ ਹੈ। ਇਸ ਅੰਤਰ-ਨਿਖੇੜ ਦੀ ਅਣਹੋਂਦ ਵਿਚ ਸਭਿਆਚਾਰ ਦਾ ਅਧਿਅਨ ਅਧੂਰਾ ਵੀ ਹੋਵੇਗਾ ਅਤੇ ਇਕ-ਪਾਸੜ ਵੀ।

ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਪ੍ਰਕਿਰਤੀ ਤੇ ਮਨੁੱਖ, ਸਭਿਆਚਾਰ ਦੇ ਦੋ ਮਹੱਤਵਪੂਰਣ ਅੰਗ ਹਨ। 'ਪ੍ਰਕਿਰਤੀ' ਦੀ ਪੱਧਰ 'ਤੇ ਹੋਣ ਵਾਲੀ ਤਰੱਕੀ ਸਭਿਅਤਾ ਦੇ ਘੇਰੇ ਵਿਚ ਆਉਂਦੀ ਹੈ ਅਤੇ 'ਮਨੁੱਖ' ਦੀ ਪੱਧਰ 'ਤੇ ਹੋਣ ਵਾਲਾ ਸ਼ਖ਼ਸੀ-ਵਿਕਾਸ ਸਭਿਆਚਾਰ ਕਹਿਲਾਉਂਦਾ ਹੈ। ਇਹ ਸਭਿਅਤਾ ਤੇ ਸਭਿਆਚਾਰ ਨੂੰ ਪਰਿਭਾਸ਼ਤ ਕਰਨ ਵਾਲਾ ਇਕ ਸਰਲ ਜਿਹਾ ਕਥਨ ਹੈ। ਲੋੜ ਇਨ੍ਹਾਂ ਦੇ ਸੰਬੰਧਾਂ ਵਿਚਲੀਆਂ ਪੇਚੀਦਗੀਆਂ ਨੂੰ ਸਮਝਣ ਦੀ ਹੈ। ਇਸ ਰੋਸ਼ਨੀ ਵਿਚ ਅਸੀਂ ਸਭਿਅਤਾ ਤੇ ਸਭਿਆਚਾਰ ਨੂੰ ਇਕੋ ਮਨੁੱਖੀ ਵਰਤਾਰੇ ਦੇ ਭਿੰਨ ਭਿੰਨ ਪੜਾਅ ਮੰਨ ਕੇ ਤੁਰਦੇ ਹਾਂ। ਸਭਿਅਤਾ. ਸਭਿਆਚਾਰ ਦਾ ਮਗਰਲਾ ਪੜਾਅ ਹੈ। ਸਭਿਅਤਾ ਲਈ ਸਾਡੇ ਕੋਲ ਅੰਗਰੇਜ਼ੀ ਸਮਾਨਾਰਥੀ ਸ਼ਬਦ (civilization) ਹੈ। ਇਉਂ, ਸਭਿਅਤਾ ਸਾਡੇ ਸਮਾਜਕ ਵਿਕਾਸ ਦਾ ਉਹ ਪੜਾਅ ਬਣ ਜਾਂਦਾ ਹੈ ਜਿਥੇ ਸਮਾਜ ਦਾ ਸੰਗਠਨ ਨਾਤੇਦਾਰੀ ਜਾਂ ਕਬੀਲਾ ਭਾਵਨਾ ਦੇ ਅਧਾਰ 'ਤੇ ਨਹੀਂ ਸਗੋਂ 'ਸਿਵਿਲ' ਅਧਾਰ 'ਤੇ ਕੀਤਾ ਜਾਣ ਲਗਿਆ। ਜਿਵੇਂ ਕਿ ਅੱਜ ਕੱਲ੍ਹ ਸ਼ਹਿਰਾਂ ਵਿਚ ਹੁੰਦਾ ਹੈ। 'ਸਿਵਿਲੀਕਰਨ' ਦਾ ਇਹ ਪੜਾਅ, ਬੁਨਿਆਦੀ ਤੌਰ 'ਤੇ ਕੁਝ ਅਜਿਹੀਆਂ ਕਾਢਾਂ ਤੇ ਲੱਭਤਾਂ ਨਾਲ ਸੰਬੰਧ ਰਖਦਾ ਹੈ ਜਿਨ੍ਹਾਂ ਨੇ ਮਾਨਵ-ਵਿਕਾਸ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਲੈ ਆਂਦੀਆਂ। ਮਸਲਨ, ਲਿਪੀ ਦੀ ਸਿਰਜਣਾ, ਧਾਤਾਂ ਦੀ ਕਾਢ, ਪਹੀਏ ਦੀ ਵਰਤੋਂ, ਸ਼ਕਤੀ-ਸਰੋਤਾਂ ਤੇ ਸੰਚਾਰ-ਪ੍ਰਣਾਲੀਆਂ ਦੀ ਕਾਢ ਆਦਿ। ਕਈ ਵਿਦਵਾਨ ਤਾਂ ਲਿਪੀ ਦੀ ਸਿਰਜਣਾ ਨਾਲ ਹੀ ਇਤਿਹਾਸ ਦਾ ਅਰੰਭ ਹੋਣਾ ਮੰਨਦੇ ਹਨ। ਇਸੇ ਅਧਾਰ 'ਤੇ ਹੀ ਪੂਰਵ ਲਿਪੀ-ਕਾਲ, ਪੂਰਵ-ਇਤਿਹਾਸਕ ਜਾਂ ਪੂਰਵ-ਸਭਿਅਤਾ ਦਾ ਯੁਗ ਘੋਸ਼ਿਤ ਕੀਤਾ ਗਿਆ।[2]

ਸਭਿਅਤਾ ਤੇ ਸਭਿਆਚਾਰ ਵਿਚਲਾ ਬੁਨਿਆਦੀ ਅੰਤਰ-ਨਿਖੇੜ ਪ੍ਰਸਿਧ ਸਮਾਜ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਿਗਿਆਨੀ ਆਰ. ਐਸ. ਮੈਕਾਈਵਰ ਅਤੇ ਚਾਰਲਸ ਐਚ. ਪੇਜ ਦੀ ਪੁਸਤਕ 'Society : An Introductory Analysis' ਵਿਚ ਹੋਰ ਵੀ ਸਪੱਸ਼ਟਤਾ ਨਾਲ ਉੱਭਰ ਕੇ ਸਾਹਮਣੇ ਆਇਆ। ਇਨ੍ਹਾਂ ਵਿਦਵਾਨਾਂ ਅਨੁਸਾਰ ਉਹ ਸਾਰੀਆਂ ਵਸਤਾਂ ਜੋ ਮਨੁੱਖ ਦੇ ਬਾਹਰਲੇ ਸੁਖ-ਅਰਾਮ ਵਿਚ ਵਾਧਾ ਕਰਦੀਆਂ ਹਨ ਅਤੇ ਕਿਸੇ ਉਦੇਸ਼-ਪੂਰਤੀ ਦਾ ਸਾਧਨ ਮਾਤਰ ਹੁੰਦੀਆਂ ਹਨ—ਸਭਿਅਤਾ ਦੇ ਘੇਰੇ ਵਿਚ ਆਉਂਦੀਆਂ ਹਨ। ਭਾਵ, ਉਨ੍ਹਾਂ ਵਿਉਂਤਾਂ ਤੇ ਸੰਗਠਨਾਂ ਤੋਂ ਹੈ ਜਿਨ੍ਹਾਂ ਦਾ ਨਿਰਮਾਣ ਮਨੁੱਖ ਨੇ ਆਪਣੇ ਜੀਵਨ ਦੀਆਂ ਸਥਿਤੀਆਂ ਉਪਰ ਕਾਬੂ ਪਾਉਣ ਲਈ ਕੀਤਾ ਹੈ। ਇਸ ਦੇ ਅੰਤਰਗਤ ਆਮ ਵਰਤੋਂ ਦੇ ਸੰਦਾਂ ਤੋਂ ਲੈ ਕੇ ਸਮਾਜਕ ਸੰਗਠਨਾਂ ਦੇ ਪ੍ਰਬੰਧਾਂ (ਬੈਂਕ, ਕਮਿਸ਼ਨ, ਵਿਦਿਅਕ ਅਦਾਰੇ, ਸਰਕਾਰ ਆਦਿ) ਅਤੇ ਵਸੀਲਿਆਂ (ਟੈਲੀਫ਼ੂਨ, ਸੋਫ਼ਾ ਸੈੱਟ, ਮੇਜ਼ ਕੁਰਸੀ, ਰੇਲ, ਸੜਕਾਂ, ਇਮਾਰਤਾਂ ਆਦਿ) ਆਦਿ ਤੱਕ ਸਭ ਕੁਝ ਆ ਜਾਂਦਾ ਹੈ। ਅੱਗੇ ਚਲ ਕੇ ਇਨ੍ਹਾਂ ਵਿਉਂਤਾਂ ਤੇ ਸੰਗਠਨਾਂ ਨੂੰ 'ਬੁਨਿਆਦੀ ਤਕਨਾਲੋਜੀ' ਅਤੇ 'ਸਮਾਜਕ ਤਕਨਾਲੋਜੀ' ਵਿਚ ਵੰਡ ਦਿੱਤਾ ਗਿਆ। ਪ੍ਰਕਿਰਤੀ-ਵਿਗਿਆਨਾਂ ਨੂੰ 'ਬੁਨਿਆਦੀ ਤਕਨਾਲੋਜੀ' ਦੇ ਘੇਰੇ ਵਿਚ ਰਖਿਆ ਗਿਆ ਤੇ 'ਸਮਾਜਕ ਤਕਨਾਲੋਜੀ' ਨੂੰ ਅੱਗੋਂ ਹੋਰ ਦੋ ਭਾਗਾਂ ਵਿਚ ਵੰਡ ਦਿੱਤਾ ਗਿਆ—ਉਹ ਹਨ 'ਆਰਥਕ ਤਕਨਾਲੋਜੀ' ਅਤੇ 'ਰਾਜਨੀਤਕ ਤਕਨਾਲੋਜੀ'। ਇਸੇ ਵੰਡ ਦੀ ਰੋਸ਼ਨੀ ਵਿਚ ਅੱਗੇ ਚਲ ਕੇ ਮੈਕਾਈਵਰ ਅਤੇ ਪੇਜ ਨੇ ਸਭਿਅਤਾ ਤੇ ਸਭਿਆਚਾਰ ਦੇ ਆਪਸੀ ਅੰਤਰ-ਸੰਬੰਧਾਂ ਅਤੇ ਅੰਤਰ-ਕਿਰਿਆਵਾਂ ਨੂੰ ਵੀ ਉਲੀਕਣ ਦਾ ਯਤਨ ਕੀਤਾ।[3] ਉਨ੍ਹਾਂ ਅਨੁਸਾਰ, ਸਿੱਧੇ ਤੌਰ 'ਤੇ ਮਨ ਨੂੰ ਸੰਤੁਸ਼ਟ ਕਰਨ ਅਤੇ ਮਨੁੱਖ ਦੀ ਸੁਹਜ ਭੁਖ ਨੂੰ ਤ੍ਰਿਪਤ ਕਰਨ ਵਾਲੀਆਂ ਵਸਤਾਂ, ਸਭਿਆਚਾਰ ਦੇ ਘੇਰੇ ਵਿਚ ਆਉਂਦੀਆਂ ਹਨ। ਭਾਵ ਕਦਰਾਂ-ਕੀਮਤਾਂ, ਸਮਰਥਾਵਾਂ, ਵਿਹਾਰ ਦੇ ਪੈਟਰਨ ਆਦਿ ਸਭਿਆਚਾਰ ਨਾਲ ਸੰਬੰਧਤ ਹੋ ਜਾਂਦੇ ਹਨ। ਜਦ ਕਿ 'ਉਪਯੋਗਤਾ' ਅਤੇ 'ਵਿਉਂਤਾਂ' (ਸਮਾਜਕ ਤੇ ਤਕਨੀਕੀ) ਆਦਿ ਸਭਿਅਤਾ ਦਾ ਹੀ ਅੰਗ ਮੰਨੀਆਂ ਜਾਂਦੀਆਂ ਹਨ।

ਪਰ, ਇਸ ਸੰਬੰਧ ਵਿਚ ਇਥੇ ਯਾਦ ਰੱਖਣ ਵਾਲੀ ਵਿਸ਼ੇਸ਼ ਗੱਲ ਇਹ ਵੀ ਹੈ ਕਿ ਸਭਿਅਤਾ ਦੇ ਘੇਰੇ ਵਿਚ ਆਉਣ ਵਾਲੀਆਂ ਵਸਤਾਂ ਦਾ 'ਸਭਿਆਚਾਰਕ ਪੱਖ ਵੀ ਹੁੰਦਾ ਹੈ। ਮਸਲਨ ਕਿਸੇ ਸਮਾਜ ਵਿਚ ਵਰਤੀ ਜਾਣ ਵਾਲੀ ਮੋਟਰ ਗੱਡੀ, ਸਭਿਅਤਾ ਦੇ ਘੇਰੇ ਵਿਚ ਹੀ ਆਉਂਦੀ ਹੈ। ਪਰ, ਉਸ ਦਾ ਡਿਜ਼ਾਇਨ ਕਿਹੋ ਜਿਹਾ ਹੋਵੇਗਾ ? ਉਸ ਦੀ ਅੰਦਰਲੀ ਤੇ ਬਾਹਰਲੀ ਦਿੱਖ ਨੂੰ ਵੱਧ ਤੋਂ ਵੱਧ ਸੁਹਜਾਤਮਕ ਕਿਵੇਂ ਬਣਾਇਆ ਜਾਏ ?—ਇਹ ਸਭ ਕੁਝ ਸਭਿਆਚਾਰਕ ਪੱਖ ਵਲ ਸੰਕੇਤ ਕਰਦਾ ਹੈ। ਕਿਉਂਕਿ, ਇਸ ਦਾ ਸਿੱਧਾ ਸੰਬੰਧ ਮਨੁੱਖ ਦੀ ਸੁਹਜ-ਭਾਵਨਾ, ਸਭਿਆਚਾਰਕ ਪੈਟਰਨ ਤੇ ਚਿਹਨ-ਪ੍ਰਬੰਧਾਂ ਨਾਲ ਹੁੰਦਾ ਹੈ। ਮੈਕਾਈਵਰ ਨੇ ਇਸ ਵਿਚਾਰ ਨੂੰ ਹੋਰ ਸਪੱਸ਼ਟ ਕਰਨ ਲਈ ਸੰਵਿਧਾਨ ਦੀ ਮਿਸਾਲ ਵੀ ਦਿੱਤੀ ਹੈ! ਉਸ ਅਨੁਸਾਰ, ਦੇਸ਼ ਦਾ ਸੰਵਿਧਾਨ ਕੇਵਲ ਸਰਕਾਰ ਚਲਾਉਣ ਲਈ ਸਾਧਨ ਮਾਤਰ ਹੀ ਨਹੀਂ ਹੁੰਦਾ, ਸਗੋਂ ਇਸ ਨਾਲ ਸੰਬੰਧਤ ਦੇਸ਼ ਦੇ ਲੋਕਾਂ ਦੀਆਂ ਡੂੰਘੀਆਂ ਭਾਵਨਾਵਾਂ, ਇੱਛਾਵਾਂ ਤੇ ਆਸ਼ਾਵਾਂ ਵੀ ਜੁੜੀਆਂ ਹੁੰਦੀਆਂ ਹਨ।[4] ਸੋ ਸਪੱਸ਼ਟ ਹੈ ਕਿ ਸਭਿਅਤਾ ਦੇ ਘੇਰੇ ਵਿਚ ਆਉਣ ਵਾਲੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਰੀਆਂ ਪ੍ਰਾਪਤੀਆਂ ਅੱਗੋਂ ਕੁਝ ਪ੍ਰਾਪਤ ਕਰਨ ਦਾ ਸਾਧਨ ਮਾਤਰ ਹੁੰਦੀਆਂ ਹਨ। ਇਸ ਲਈ ਉਹ ਆਪਣੇ ਆਪ ਵਿਚ ਟੀਚਾ ਨਹੀਂ ਹੁੰਦੀਆਂ। ਮਸਲਨ, ਟਰੈਕਟਰ ਸਾਡੇ ਲਈ ਇਕ ਉਪਯੋਗੀ ਵਸਤ ਹੈ, ਜਿਸ ਨੂੰ ਉਤਪਾਦਨ ਦੇ ਸਾਧਨ ਵਜੋਂ ਵਰਤਿਆ ਜਾਂਦਾ ਹੈ। ਪਰ, ਟਰੈਕਟਰ ਰੱਖਣ ਦੀ ਖ਼ਾਤਰ ਕੋਈ ਟਰੈਕਟਰ ਨਹੀਂ ਰਖਦਾ। ਇਸ ਦੇ ਮੁਕਾਬਲੇ ਵਿਚ ਹਰ ਕਲਾ ਕ੍ਰਿਤ ਆਪਣੇ ਆਪ ਵਿਚ ਟੀਚਾ ਹੁੰਦੀ ਹੈ, ਕਿਸੇ ਹੋਰ ਉਪਯੋਗੀ ਵਸਤ ਦਾ ਸਾਧਨ ਮਾਤਰ ਨਹੀਂ।[5]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਭਿਅਤਾ ਤੇ ਸਭਿਆਚਾਰ ਦਾ ਆਪਸ ਵਿਚ ਦੁਅੰਦਾਤਮਕ (dialectical) ਰਿਸ਼ਤਾ ਹੁੰਦਾ ਹੈ, ਵਿਰੋਧ ਵਾਲਾ ਨਹੀਂ। ਇਨ੍ਹਾਂ ਦੋਹਾਂ ਵਿਚਾਲੇ ਅੰਤਰ-ਕਿਰਿਆਵਾਂ (inter-actions) ਵੀ ਨਿਰੰਤਰ ਹੁੰਦੀਆਂ ਰਹਿੰਦੀਆਂ ਹਨ।[6] ਸਭਿਅਤਾ ਦੇ ਖੇਤਰ ਵਿਚ ਤਬਦੀਲੀਆਂ ਆਉਣ ਨਾਲ, ਮਨੁੱਖੀ ਸਭਿਆਚਾਰ ਵਿਚ ਤਬਦੀਲੀਆਂ ਆਉਣਾ ਸੁਭਾਵਕ ਹੈ। ਇਹ ਤਬਦੀਲੀਆਂ ਹਾਂ-ਮੁੱਖ ਵੀ ਹੁੰਦੀਆਂ ਹਨ ਅਤੇ ਨਾਂਹ-ਮੁਖ ਵੀ। ਲੋੜ ਇਨ੍ਹਾਂ ਦੀ ਪ੍ਰਕਿਰਤੀ ਨੂੰ ਪਛਾਣਨ ਦੀ ਹੁੰਦੀ ਹੈ। ਜਿਵੇਂ ਕਿ ਛਪਾਈ ਦੀਆਂ ਮਸ਼ੀਨਾਂ ਵਿਕਸਤ ਹੋਣ ਨਾਲ ਲੋਕਾਂ ਦੀ ਪੜ੍ਹਣ-ਰੁਚੀ ਉਪਰ ਕ੍ਰਾਂਤੀਕਾਰੀ ਅਸਰ ਪਿਆ ਜਾਂ ਯਾਤਾਯਾਤ ਦੇ ਨਵੇਂ ਸਾਧਨ ਵਿਕਸਤ ਹੋਣ ਨਾਲ ਲੋਕਾਂ ਵਿਚ ਸੈਰ-ਸਪਾਟੇ ਦੀ ਰੁਚੀ ਵਿਚ ਵਾਧਾ ਹੋਣਾ ਆਦਿ। ਇਸ ਦੇ ਉਲਟ ਸਭਿਅਤਾ ਦੀ ਉੱਨਤੀ ਨਾਲ, ਸਭਿਆਚਾਰ ਉਪਰ ਮਾੜੇ ਅਸਰ ਵੀ ਪੈ ਸਕਦੇ ਹਨ। ਇਨ੍ਹਾਂ ਅਸਰਾਂ ਵੱਲ ਸੰਸਾਰ ਪ੍ਰਸਿੱਧ ਫ਼ਰਾਂਸੀਸੀ ਚਿੰਤਕ ਰੂਸੋ ਨੇ ਇਸ਼ਾਰਾ ਕੀਤਾ ਹੈ। ਆਪਣੀ ਪੁਸਤਕ 'My Confessions' ਵਿਚ ਉਹ ਮੁੱਖ ਤੌਰ 'ਤੇ ਇਹ ਥੀਸਿਸ ਵਿਕਸਤ ਕਰਦਾ ਹੈ ਕਿ ਮਨੁੱਖੀ-ਸਭਿਅਤਾ ਜਿਤਨੀ ਰਫ਼ਤਾਰ ਨਾਲ ਵਿਕਾਸ ਕਰਦੀ ਹੈ, ਮਨੁੱਖੀ-ਸਭਿਆਚਾਰ ਵਿਚ ਲਗਭਗ ਉਸੇ ਅਨੁਪਾਤ ਨਾਲ ਗਿਰਾਵਟ ਆਉਂਦੀ ਹੈ ਜਾਂ ਵਿਗਾੜ ਪੈਦਾ ਹੁੰਦਾ ਹੈ। ਇਸੇ ਆਧਾਰ 'ਤੇ ਉਸਨੇ ਫ਼ਰਾਂਸ ਵਿਚ ਹੋਈ ਉਦਯੋਗਿਕ-ਕ੍ਰਾਂਤੀ (Industrial Revolution) ਨੂੰ 'ਚਿਮਨੀ ਕਲਚਰ' ਦਾ ਨਾਂ ਦਿੱਤਾ।[7] ਸਭਿਅਤਾ ਪ੍ਰਤੀ ਉਸ ਦਾ ਇਹ ਰਵੱਈਆ ਰੁਮਾਂਟਿਕ-ਦ੍ਰਿਸ਼ਟੀ ਦਾ ਸ਼ਿਕਾਰ ਹੋਣ ਕਰਕੇ ਅੱਜ ਬਹੁਤਾ ਢੁੱਕਵਾਂ ਸਾਬਤ ਨਹੀਂ ਹੁੰਦਾ। ਹਾਂ ! ਪਦਾਰਥਕ ਉੱਨਤੀ ਨਾਲ ਮਨੁੱਖੀ ਸ਼ਖ਼ਸੀਅਤ ਦੇ ਅਧਿਆਤਮਕ ਪਹਿਲੂ ਉਪਰ ਜ਼ਰੂਰ ਕੁਝ ਅਸਰ ਪੈਂਦੇ ਹਨ, ਜਿਨ੍ਹਾਂ ਨੂੰ ਮਾੜਾ ਸਾਬਤ ਕੀਤਾ ਜਾ ਸਕਦਾ ਹੈ। ਪਰ, ਮਨੁੱਖ ਦੀ ਪਦਾਰਥਕ ਉੱਨਤੀ ਨੂੰ ਰੂਸੋ ਵਾਂਗ ਰੱਦਿਆ ਨਹੀਂ ਜਾ ਸਕਦਾ। ਪੰਜਾਬ ਦੇ ਅਧਿਆਤਮਕ-ਸਭਿਆਚਾਰ ਉਪਰ ਜਦੋਂ ਪੱਛਮੀ ਪਦਾਰਥਵਾਦੀ-ਸਭਿਆਚਾਰ ਦਾ ਆਕਰਮਣ ਹੋਇਆ—ਪੰਜਾਬੀ ਕਵੀਆਂ ਤੇ ਚਿੰਤਕਾਂ ਨੇ ਇਸ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ। ਖ਼ਾਸ ਕਰਕੇ ਪ੍ਰੋ. ਪੂਰਨ ਸਿੰਘ ਦਾ ਨਾਂ ਇਸ ਸੰਬੰਧ ਵਿਚ ਵਰਣਨਯੋਗ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚ, ਇਸ ਆਕਰਮਣ ਨਾਲ ਪਹੁੰਚੀ ਠੇਸ ਨੂੰ ਬੋਲ ਮਿਲੇ ਹਨ। ਉਹ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਨਹੀਂ ਥੱਕਦਾ। ਇਹ ਅਤੀਤ ਪ੍ਰਤੀ ਉਸਦਾ ਝੂ-ਹੇਰਵਾ (nostalgia) ਵੀ ਕਿਹਾ ਜਾ ਸਕਦਾ ਹੈ। ਪਰ, ਇਸ ਸਭ ਕੁਝ ਦੇ ਨਾਲ ਪੰਜਾਬ ਨੇ, ਨਵੀਂ ਵਿਕਸਤ ਹੋ ਰਹੀ ਤਕਨਾਲੋਜੀ ਦਾ ਸੁਆਗਤ ਵੀ ਕੀਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਸਿੱਟੇ ਵਜੋਂ, ਪੰਜਾਬ ਵਿਚ ਹਰੀ ਕਰਾਂਤੀ ਦਾ ਸੁਫ਼ਨਾ ਸਾਕਾਰ ਹੋਇਆ। ਇਸ ਨਾਲ ਪੰਜਾਬ ਆਰਥਕ ਤੌਰ 'ਤੇ ਹੋਰ ਖ਼ੁਸ਼ਹਾਲ ਹੋ ਗਿਆ। ਜ਼ਾਹਿਰ ਹੈ ਪੰਜਾਬੀ ਸਭਿਆਚਾਰ ਨੇ ਇਸ ਹਰੀ ਕਰਾਂਤੀ ਦੇ ਅਸਰਾਂ ਨੂੰ ਜ਼ਰੂਰ ਕਬੂਲਿਆ ਹੋਵੇਗਾ। ਇਨ੍ਹਾਂ ਅਸਰਾਂ ਨਾਲ ਪੰਜਾਬੀ ਸਭਿਆਚਾਰ ਵਿਚ ਹੋਰ ਕੀ ਕੀ ਤਬਦੀਲੀਆਂ ਵਾਪਰੀਆਂ ?— ਇਹ ਇਕ ਵਿਚਾਰਣਯੋਗ ਮਸਲਾ ਹੈ, ਜੋ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ।

ਸੋ ਸਪੱਸ਼ਟ ਹੈ ਕਿ ਪਦਾਰਥਕ ਵਰਤਾਰਿਆਂ ਦੇ ਵਿਕਾਸ ਨਾਲ, ਸੰਬੰਧਤ ਲੋਕਾਈ ਦੇ ਸਭਿਆਚਾਰ ਉਪਰ ਕਈ ਚੰਗੇ-ਮਾੜੇ ਅਸਰ ਪੈਂਦੇ ਹਨ। ਪਰ, ਸਾਡੀ ਪਹੁੰਚ ਇਨ੍ਹਾਂ ਪਦਾਰਥਕ ਵਰਤਾਰਿਆਂ ਪ੍ਰਤੀ ਕੇਵਲ ਨਾਂਹ-ਮੁਖ ਜਾਂ ਸਥਿਰ ਨਹੀਂ ਹੋਣੀ ਚਾਹੀਦੀ। ਕਿਉਂਕਿ, ਇਹ ਅਸਰ ਬਹੁਤਾ ਕਰਕੇ ਸਤੱਈ ਹੀ ਹੁੰਦੇ ਹਨ। ਇਨ੍ਹਾਂ ਨਾਲ ਕਿਸੇ ਸਭਿਆਚਾਰ ਦਾ ਅੰਦਰਲਾ ਪ੍ਰਬੰਧ, ਜਲਦੀ ਕੀਤਿਆਂ ਨਹੀਂ ਡੋਲਦਾ। ਸਮੇਂ ਦੀ ਰਫ਼ਤਾਰ ਨਾਲ ਅਤੇ ਇਤਿਹਾਸਕ ਸਮਾਜਕ ਸਥਿਤੀਆਂ-ਪਰਸਥਿਤੀਆਂ ਦੇ ਅਨੁਕੂਲ ਕਿਸੇ ਸਭਿਆਚਾਰ ਦੇ 'ਉਚਾਰ' (ਪੈਰੋਲ) ਜ਼ਰੂਰ ਕੁਝ ਬਦਲਦੇ ਹਨ। ਪਰ, ਉਸਦਾ 'ਅੰਦਰਲਾ ਪ੍ਰਬੰਧ' (ਲੈਂਗ) ਉਵੇਂ ਹੀ ਬਣਿਆ ਰਹਿੰਦਾ ਹੈ। ਕਿਉਂਕਿ, ਇਸ ਦਾ ਨਿਰਮਾਣ ਸਦੀਆਂ ਦੀ ਇਤਿਹਾਸਕ-ਪ੍ਰਕਿਰਿਆ ਥਾਣੀਂ ਲੰਘ ਕੇ, ਕਈ ਚੁਣੌਤੀਆਂ ਦੇ ਪ੍ਰਤੀ-ਉੱਤਰਾਂ ਵਜੋਂ ਹੋਂਦ ਵਿਚ ਆਉਂਦਾ ਹੈ। ਇਥੇ ਹੀ ਬੱਸ ਨਹੀਂ, ਇਹ (ਅੰਦਰਲਾ ਪ੍ਰਬੰਧ) ਸੰਬੰਧਤ ਭਾਈਚਾਰਕ-ਸਮੂਹ ਦੇ ਡੂੰਘੇ ਅਵਚੇਤਨ ਵਿਚ ਸੰਸਕਾਰ ਬਣ ਕੇ ਘਰ ਕਰ ਚੁੱਕਿਆ ਹੁੰਦਾ ਹੈ ਅਤੇ ਸਮੇਂ ਸਮੇਂ ਉਸ ਭਾਈਚਾਰਕ ਸਮੂਹ ਦੀ ਮਿਥਕ-ਮਾਨਸਿਕਤਾ ਉਸਨੂੰ ਦ੍ਰਿੜ ਕਰਦੀ ਰਹਿੰਦੀ ਹੈ। ਅਸਲ ਵਿਚ, ਇਸੇ ਸਦਕਾ ਹੀ ਸੰਬੰਧਤ ਸਭਿਆਚਾਰ ਦੀ ਵਿਲੱਖਣ ਪਛਾਣ ਬਣੀ ਰਹਿੰਦੀ ਹੈ। ਇਥੇ ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ ਕਿ ਸਭਿਆਚਾਰ ਕੋਈ ਸਥਿਰ ਪ੍ਰਬੰਧ ਨਹੀਂ, ਸਗੋਂ ਇਕ ਗਤੀਸ਼ੀਲ ਤੇ ਵਿਆਪਕ ਪ੍ਰਬੰਧ ਹੈ। ਇਸ ਦੀ ਉਪਰਲੀ ਤਹਿ (ਉਚਾਰ) ਵਿਚ ਤਬਦੀਲੀ ਦੀ ਸੰਭਾਵਨਾ ਨਿਰੰਤਰ ਬਣੀ ਰਹਿੰਦੀ ਹੈ। ਤਬਦੀਲੀ ਦੀ ਮਿਕਦਾਰ ਕਿਸੇ ਅੰਗ ਵਿਚ ਤੇਜ਼ ਰਫ਼ਤਾਰ ਨਾਲ ਅਤੇ ਕਿਸੇ ਵਿਚ ਘੱਟ ਰਫ਼ਤਾਰ ਨਾਲ ਹੁੰਦੀ ਹੈ। ਪਰ, ਤਬਦੀਲੀ ਤੋਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋਇਆ ਜਾ ਸਕਦਾ।[8] ਇਸੇ ਵਿਚ ਹੀ ਉਸਦੀ ਗਤੀਸ਼ੀਲਤਾ ਦਾ ਰਾਜ਼ ਹੈ।

ਕਿਸੇ ਖ਼ਿੱਤੇ ਜਾਂ ਲੋਕਾਈ ਦੇ ਸਭਿਆਚਾਰ ਵਿਚ ਕੇਵਲ ਉਸਦੀ ਸਭਿੱਅਤਾ ਦੀ ਅੰਤਰ-ਕਿਰਿਆ ਹੀ ਮਹੱਤਵਪੂਰਣ ਨਹੀਂ ਹੁੰਦੀ, ਸਗੋਂ ਉਸ ਵਿਚ ਦੂਸਰੇ ਸਭਿਆਚਾਰਾਂ ਦੀਆਂ ਸਮੇਂ ਸਮੇਂ ਵਾਪਰੀਆਂ ਅੰਤਰ-ਕਿਰਿਆਵਾਂ ਨੂੰ ਵੀ ਪਛਾਣਨਾ ਜ਼ਰੂਰੀ ਹੁੰਦਾ ਹੈ। ਇਨ੍ਹਾਂ ਅੰਤਰ-ਕਿਰਿਆਵਾਂ ਨੂੰ ਸਮਝਣ ਵਿਚ ਸੰਸਾਰ ਪ੍ਰਸਿੱਧ ਇਤਿਹਾਸ-ਸ਼ਾਸਤਰੀ ਆਰਨਲਡ ਜੇ. ਟਾਇਨਬੀ ਦਾ 'ਵੰਗਾਰ ਤੇ ਪ੍ਰਤੀਉੱਤਰ' ਸਿੱਧਾਂਤ ਕਾਫ਼ੀ ਮਦਦਗਾਰ ਸਾਬਤ ਹੋ ਸਕਦਾ ਹੈ। ਟਾਇਨਬੀ ਦੇ ਇਸ ਸਿੱਧਾਂਤ ਨੂੰ ਮਾਡਲ ਵਜੋਂ ਵਰਤ ਕੇ, ਪੰਜਾਬੀ ਸਭਿਆਚਾਰ ਵਿਚ ਸਮੇਂ ਸਮੇਂ ਵਾਪਰੀਆਂ ਅੰਤਰ-ਕਿਰਿਆਵਾਂ ਦਾ ਅਧਿਐਨ-ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਸ ਦ੍ਰਿਸ਼ਟੀ ਤੋਂ ਦੇਖਿਆਂ ਹਰ ਸਭਿਆਚਾਰ, ਕੁਝ ਬੁਨਿਆਦੀ ਕਿਸਮ ਦੀਆਂ ਵੰਗਾਰਾਂ ਅਤੇ ਉਨ੍ਹਾਂ ਦੇ ਪ੍ਰਤੀਉੱਤਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਦਾ ਸਿੱਟਾ ਹੁੰਦਾ ਹੈ। ਇਕ ਸਭਿਆਚਾਰ, ਜਦੋਂ ਦੂਸਰੇ ਭਾਈਚਾਰਕ-ਸਮੂਹ ਦੀ ਹੋਂਦ ਤੇ ਪਛਾਣ ਨੂੰ ਵੰਗਾਰਦਾ ਹੈ ਤਾਂ ਜ਼ਾਹਿਰ ਹੈ ਸੰਬੰਧਤ ਭਾਈਚਾਰਕ ਸਮੂਹ ਵਲੋਂ ਉਸ 'ਵੰਗਾਰ' ਦਾ 'ਪ੍ਰਤੀਉੱਤਰ' ਵੀ ਦਿੱਤਾ ਜਾਂਦਾ ਹੈ। ਇਸ ਦੇ ਅਨੁਕੂਲ ਹੀ ਉਸ ਭਾਈਚਾਰਕ ਸਮੂਹ ਦਾ ਸੁਭਾਅ, ਜੀਵਨ-ਜਾਚ, ਸਦੀਵੀ ਕਦਰਾਂ-ਕੀਮਤਾਂ ਆਦਿ ਬਣਦੀਆਂ ਹਨ ਜੋ ਸਭਿਆਚਾਰ ਦੇ ਭਿੰਨ ਭਿੰਨ ਪ੍ਰਗਟਾਅ-ਰੂਪਾਂ ਰਾਹੀਂ ਪ੍ਰਗਟ ਹੁੰਦੀਆਂ ਹਨ। ਦੂਸਰੇ ਸ਼ਬਦਾਂ ਵਿਚ ਅਸੀਂ ਇਸ ਨੂੰ ਸਭਿਆਚਾਰ-ਨਿਰਮਾਣ ਦੀ ਪ੍ਰਕਿਰਿਆ ਵੀ ਕਹਿ ਸਕਦੇ ਹਾਂ।[9] ਮਸਲਨ, ਸਰਹੱਦੀ ਤੇ ਉਪਜਾਊ ਇਲਾਕਾ ਹੋਣ ਕਰਕੇ ਪੰਜਾਬ, ਹਮੇਸ਼ਾਂ ਹੀ ਵਿਦੇਸ਼ੀ ਧਾੜਵੀਆਂ ਦੀ ਲੁਟਮਾਰ ਦਾ ਸ਼ਿਕਾਰ ਰਿਹਾ ਹੈ। ਹਰ ਹਮਲੇ ਸਮੇਂ ਪੰਜਾਬ ਨੂੰ ਦੂਹਰੀ ਮਾਰ ਪੈਂਦੀ। ਇਉਂ, ਪੰਜਾਬ ਦੇ ਜੰਮਦਿਆਂ ਨੂੰ ਨਿਤ ਮੁਹਿੰਮਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਇਨ੍ਹਾਂ ਸੰਕਟ ਦੀਆਂ ਘੜੀਆਂ 'ਚੋਂ ਹੀ ਪੰਜਾਬੀ ਸੁਭਾਅ, ਪੰਜਾਬੀ ਜੀਵਨ-ਜਾਚ, ਸਦੀਵੀ ਕਦਰਾਂ-ਕੀਮਤਾਂ ਆਦਿ ਸਭ ਕੁਝ ਹੋਂਦ ਵਿਚ ਆਉਂਦਾ ਹੈ। ਇਹ ਕੁਝ ਇਤਿਹਾਸਕ ਕਾਰਣ ਹਨ ਜੋ ਪੰਜਾਬੀਆਂ ਨੂੰ ਇਕ ਮਾਰਸ਼ਲ ਕੌਮ ਬਣਾਉਣ ਦੇ ਜ਼ੁੰਮੇਵਾਰ ਹਨ। ਇਸੇ ਅਸਥਿਰਤਾ ਦੇ ਮਾਹੌਲ 'ਚੋਂ ਹੀ 'ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ' ਵਿਚਾਰ ਦੇ ਅਨੁਕੂਲ, ਪੰਜਾਬੀਆਂ ਦੀਆਂ ਖਾਣ-ਪੀਣ ਦੀਆਂ ਰੁਚੀਆਂ ਜਨਮ ਲੈਂਦੀਆਂ ਹਨ। ਪੰਜਾਬ ਦਾ ਪੁਰਾਣਾ ਇਤਿਹਾਸ, ਤਬਾਹੀ ਅਤੇ ਪੁਨਰ ਉਸਾਰੀ ਦੇ ਨਿਰੰਤਰ ਅਮਲ ਦਾ ਹੀ ਸੂਚਕ ਹੈ। ਅਸਥਿਰਤਾ ਦੇ ਅਜਿਹੇ ਮਾਹੌਲ ਵਿਚ ਪੱਲ੍ਰਰੀ ਮਾਨਸਿਕਤਾ ਦੀ ਹੋਂਦ-ਵਿਧੀ ਅਤੇ ਸੁਭਾਅ, ਜੋ ਪਰਸਪਰ ਵਿਰੋਧੀ ਪਾਸਾਰਾਂ—ਗ਼ਲਬਾ ਤੇ ਤਬਾਹੀ (domination and destruction) ਅਤੇ ਨਾਬਰੀ ਤੇ ਪੁਨਰ-ਉਸਾਰੀ (defiance and reconstruction) ਦੀ ਦੁਅੰਦਾਤਮਕ ਏਕਤਾ ਉਪਰ ਹੀ ਨਿਰਭਰ ਕਰਦਾ ਸੀ।[10] ਵੰਗਾਰਾਂ ਤੇ ਨਿਤ ਨਵੀਆਂ ਚੁਣੌਤੀਆਂ ਦੇ ਨਿਰੰਤਰ ਦਬਾਉ ਥੱਲੇ ਪਲਣ ਵਾਲੀ ਮਾਨਸਿਕਤਾ ਅਕਸਰ ਬੀਮਾਰ, ਬੌਣੀ ਅਤੇ ਅਵਿਕਸਤ ਸ਼ਖ਼ਸੀਅਤ ਦੀ ਸਿਰਜਣਾ ਕਰਦੀ ਹੈ। ਜੇਕਰ ਇਨ੍ਹਾਂ ਵੰਗਾਰਾਂ ਤੇ ਚੁਣੌਤੀਆਂ ਦੇ ਵਿਰੁੱਧ ਉਸਦਾ ਪ੍ਰਤੀਉੱਤਰ ਨਾਬਰੀ (defiance) ਵਾਲਾ ਹੋਵੇ ਤਾਂ ਇਕ ਤੰਦਰੁਸਤ, ਸਿਰਜਣਾਤਮਕ, ਸ਼ਕਤੀਸ਼ਾਲੀ ਤੇ ਇਨਕਲਾਬੀ ਸ਼ਖ਼ਸੀਅਤ ਦੀ ਉਸਾਰੀ ਦਾ ਅਧਾਰ ਬਣਦੀ ਹੈ। ਪੰਜਾਬੀ ਮਾਨਸਿਕਤਾ ਨੇ ਇਨ੍ਹਾਂ ਵੰਗਾਰਾਂ ਪ੍ਰਤੀ ਵਿਸ਼ੇਸ਼ ਤੌਰ 'ਤੇ ਦੂਸਰੀ ਕਿਸਮ ਦਾ ਹੀ ਪ੍ਰਤੀਉੱਤਰ ਦਿੱਤਾ। ਜਿਸਦੇ ਸਿੱਟੇ ਵਜੋਂ ਪੰਜਾਬੀ ਸੁਭਾਅ ਵਧੇਰੇ ਕਰਕੇ ਵਿਹਾਰਕ, ਵਰਤਮਾਨ ਕੇਂਦਰਿਤ, ਪ੍ਰਗਤੀਸ਼ੀਲ, ਇਹ-ਲੋਕਵਾਦੀ, ਖਾਊ-ਹੰਢਾਊ, ਸਹਿਣਸ਼ੀਲ ਤੇ ਮਾਰਸ਼ਲ ਬਿਰਤੀ ਵਾਲਾ, ਹਰ ਖੇਤਰ ਵਿਚ ਜਨੂੰਨ ਦੀ ਹੱਦ ਤੱਕ ਜਾਣ ਵਾਲਾ, ਗੰਭੀਰ ਮਾਨਸਿਕ-ਗ੍ਰੰਥੀਆਂ (complexes) ਤੋਂ ਮੁਕਤ ਅਤੇ ਹਾਲਾਤ ਨਾਲ ਜੂਝਣ ਵਾਲਾ ਬਣ ਗਿਆ।[11] ਇਉਂ ਅਸੀਂ ਦੇਖਦੇ ਹਾਂ ਕਿ 'ਵੰਗਾਰ ਤੇ ਪ੍ਰਤੀਉੱਤਰ' 'ਸਿੱਧਾਂਤ ਕਿਸੇ ਸਭਿਆਚਾਰ ਦੀ ਨਿਰਮਾਣ-ਪ੍ਰਕਿਰਿਆ ਨੂੰ ਸਮਝਣ ਵਿਚ ਇਕ ਅਹਿਮ ਭੂਮਿਕਾ ਨਿਭਾਉਂਦਾ ਹੈ। ਵੰਗਾਰਾਂ ਤੇ ਚੁਣੌਤੀਆਂ ਪ੍ਰਤੀ ਸੰਬੰਧਤ ਭਾਈਚਾਰਕ-ਸਮੂਹ ਦਾ ਜਿਹੋ ਜਿਹਾ ਪ੍ਰਤੀਉੱਤਰ ਹੋਵੇਗਾ, ਉਸੇ ਮੁਤਾਬਕ ਉਸ ਦਾ ਸਭਿਆਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਵਿਕਸਤ ਹੋਵੇਗਾ ।

ਇਤਿਹਾਸਕ ਦ੍ਰਿਸ਼ਟੀ ਤੋਂ ਦੇਖਿਆਂ ਪਤਾ ਚਲਦਾ ਹੈ ਕਿ ਪੰਜਾਬੀ ਸਭਿਆਚਾਰ ਨਾਲ ਪਹਿਲੀ ਅੰਤਰ-ਕਿਰਿਆ ਦਰਾਵੜੀ ਸਭਿਆਚਾਰ ਨਾਲ ਹੋਈ, ਫਿਰ ਆਰੀਆ ਲੋਕਾਂ ਦੇ ਸਭਿਆਚਾਰ ਨਾਲ, ਫਿਰ ਇਸਲਾਮੀ ਸਭਿਆਚਾਰ ਨਾਲ ਅਤੇ ਅਖੀਰ ਅੰਗਰੇਜ਼ੀ ਸਭਿਆਚਰ ਨਾਲ । ਇਨ੍ਹਾਂ ਅੰਤਰ-ਕਿਰਿਆਵਾਂ ਕਰਕੇ ਵੰਗਾਰਾਂ ਤੇ ਪ੍ਰਤੀਉੱਤਰਾ ਦਾ ਸਿਲਸਿਲਾ ਨਿਰੰਤਰ ਚਲਦਾ ਰਿਹਾ । ਸਮੇਂ ਸਮੇਂ, ਭਿੰਨ ਭਿੰਨ ਸਭਿਆਚਾਰ ਪੰਜਾਬੀ ਸਭਿਆਚਾਰ ਵਿਚ ਆ ਕੇ ਜਜ਼ਬ ਹੁੰਦੇ ਰਹੇ ਹਨ ਅਤੇ ਪੰਜਾਬੀ ਸਭਿਆਚਾਰ ਇਨ੍ਹਾਂ ਦੇ ਕਈ ਅਸਰ ਵੀ ਕਬੂਲਦਾ ਰਿਹਾ ਹੈ । ਇਹੀ ਵਜ੍ਹਾ ਹੈ ਕਿ ਪੰਜਾਬੀ ਸਭਿਆਚਾਰ ਦਾ ਜੋ ਬਿੰਬ ਉੱਭਰ ਕੇ ਸਾਹਮਣੇ ਆਉਂਦਾ ਹੈ, ਉਹ ਸਾਂਝੇ ਸਭਿਆਚਾਰ (composite culture) ਦਾ ਹੈ, ਇਕਹਿਰੇ ਸਭਿਆਚਾਰ (single culture) ਦਾ ਨਹੀਂ । ਸਭਿਆਚਾਰ ਦੇ ਅਧਿਐਨ ਵਕਤ ਇਨ੍ਹਾਂ ਅੰਤਰ-ਕਿਰਿਆਵਾਂ ਦੇ ਚਰਿੱਤਰ ਨੂੰ ਸਮਝਣਾ ਲਾਜ਼ਮੀ ਹੋ ਜਾਂਦਾ ਹੈ । ਇਹ ਕਾਰਜ ਹੋਰਨਾਂ ਖੇਤਰਾਂ ਤੋਂ ਛੁੱਟ, ਸੰਬੰਧਤ ਖਿੱਤੇ ਦੇ ਇਤਿਹਾਸ-ਗਿਆਨ ਦੀ ਵੀ ਮੰਗ ਕਰਦਾ ਹੈ ।

ਉਪਰ ਅਸੀਂ ਖਿੱਤੇ ਵਿਸ਼ੇਸ਼ ਵਿਚ ਵੱਸਣ ਵਾਲੇ ਭਾਈਚਾਰਕ ਸਮੂਹ ਦੀ ਸਮੁੱਚੀ ਰਹਿਤਲ ਨੂੰ ਸਭਿਆਚਾਰ ਮੰਨ ਕੇ ਤੁਰੇ ਸਾਂ । ਜਿਸ ਦੇ ਅੰਤਰਗਤ ਸੰਬੰਧਤ ਭਾਈਚਾਰਕ-ਸਮੂਹ ਦੀ ਰੋਜ਼ਮੱਰਾ ਜ਼ਿੰਦਗੀ ਦੀਆਂ ਵਿਹਾਰਕ ਕਿਰਿਆਵਾਂ ਅਤੇ ਵਿਧੀਆਂ ਤੋਂ ਲੈ ਕੇ ਉਸ ਦੀ ਅਮੂਰਤ ਵਿਸ਼ਵ-ਦ੍ਰਿਸ਼ਟੀ ਦੇ ਪ੍ਰਗਟਾਅ-ਰੂਪਾਂ ਤੱਕ ਸਭ ਕੁਝ ਆ ਜਾਂਦਾ ਹੈ । ਪਰ, ਸਭਿਆਚਾਰ ਦੇ ਅਧਿਐਨ ਵਕਤ ਸਮਾਜ, ਸਭਿਅਤਾ ਤੇ ਸਭਿਆਚਾਰ ਦੀ ਆਪੋ ਆਪਣੀ ਵੱਖਰੀ ਹੋਂਦ-ਵਿਧੀ ਤੇ ਕਾਰਜ-ਖੇਤਰ ਪ੍ਰਤੀ ਸਾਨੂੰ ਅਤਿਅੰਤ ਸੁਚੇਤ ਰਹਿਣਾ ਚਾਹੀਦਾ ਹੈ । ਇਨ੍ਹਾਂ ਸੰਕਲਪਾਂ ਨੂੰ ਇਕ ਦੂਸਰੇ ਵਿਚ ਖ਼ਲਤ ਮਲਤ ਕਰਨ ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ । ਸਭਿਆਚਾਰ ਤਾਂ ਕਿਸੇ ਭਾਈਚਾਰਕ ਸਮੂਹ ਦਾ ਸਾਂਝਾ ਮਨੁੱਖੀ ਸਮਾਜਕ ਅਮਲ ਹੁੰਦਾ ਹੈ ਜਿਸਦੇ ਪਿਛੋਕੜ ਵਿਚ ਟੈਬੂ-ਮੂਲਕ ਬਿਰਤੀ ਅਤੇ ਆਪੋ ਆਪਣੇ ਟੋਟਮ (totem) ਸਿਰਜਣ ਦੀ ਭਾਵਨਾ ਕਾਰਜਸ਼ੀਲ ਹੁੰਦੀ ਹੈ । ਇਹ ਟੋਟਮ ਤੇ ਟੈਬੂ, ਸਭਿਆਚਾਰ ਵਿਸ਼ੇਸ਼ ਦੀ 'ਪਛਾਣ' ਸਥਾਪਤ ਕਰਨ ਵਿਚ ਕਾਫੀ ਸਹਾਇਕ ਸਾਬਤ ਹੁੰਦੇ ਹਨ । ਭਾਸ਼ਾ ਨੂੰ, ਮਨੁੱਖੀ ਸਭਿਆਚਾਰ ਦੀ ਬੁਨਿਆਦੀ ਮਹੱਤਵ ਵਾਲੀ ਪ੍ਰਾਪਤੀ ਸਵੀਕਾਰ ਕੀਤਾ ਗਿਆ ਹੈ । ਇਕ ਪੱਧਰ 'ਤੇ ਪਹੁੰਚ ਕੇ ਮਨੁੱਖ ਦੀ ਹਰ ਸਭਿਆਚਾਰਕ-ਪ੍ਰਾਪਤੀ ਭਾਸ਼ਾ ਦਾ ਰੂਪ ਧਾਰ ਲੈਂਦੀ ਹੈ । ਉਸ ਦਾ ਆਪਣਾ ਚਿਹਨ-ਪ੍ਰਬੰਧ ਹੁੰਦਾ ਹੈ । ਇਸ ਚਿਹਨ-ਪ੍ਰਬੰਧ ਦੇ ਅੰਤਰਗਤ, ਕੁਝ ਗ਼ੈਰ-ਭਾਸ਼ਾਈ ਚਿਹਨ ਵੀ ਸ਼ਾਮਲ ਹੁੰਦੇ ਹਨ, ਜੋ ਭਾਸ਼ਾਈ ਚਿਹਨਾਂ ਜਿੰਨੇ ਹੀ ਮਹੱਤਵਪੂਰਣ ਹੁੰਦੇ ਹਨ । ਇਹ ਚਿਹਨ ਆਪਣੀ ਸ਼ਕਤੀ, ਵੱਖ ਵੱਖ ਸਭਿਆਚਾਰਕ ਕੋਡਾਂ ਪਾਸੋਂ ਪ੍ਰਾਪਤ ਕਰਕੇ, ਅਰਥ-ਉਤਪਾਦਨ ਦੀ ਪ੍ਰਕਿਰਿਆ ਵਿਚ ਜੁੱਟ ਜਾਂਦੇ ਹਨ । ਭਾਸ਼ਾ ਦਾ ਦਰਜਾ ਰਖਦੀਆਂ ਹੋਣ ਕਰਕੇ ਇਹ ਸਭਿਆਚਾਰਕ ਪ੍ਰਾਪਤੀਆਂ, ਪ੍ਰਤੀਕਾਤਮਕ ਸਾਰਥਕਤਾ ਵੀ ਰਖਦੀਆਂ ਹਨ । ਇਸੇ ਕਰਕੇ ਮਨੁੱਖ ਨੂੰ ਇਕ ਸਮਾਜਕ-ਜੀਵ ਦੇ ਨਾਲ ਨਾਲ, ਪ੍ਰਤੀਕ-ਸਿਰਜਕ ਜੀਵ ਦੇ ਅਰਥਾਂ ਵਿਚ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪੇਸ਼ ਕੀਤਾ ਜਾਂਦਾ ਹੈ। ਇਸ ਪ੍ਰਤੀਕ—ਸਿਰਜਣਾ ਰਾਹੀਂ ਹੀ ਮਨੁੱਖ ਭੌਤਿਕਤਾ ਤੋਂ ਗ਼ੈਰ-ਭੌਤਿਕਤਾ ਦੇ ਜਗਤ ਤੱਕ ਦਾ ਸਫ਼ਰ ਤੈਅ ਕਰਦਾ ਨਜ਼ਰ ਆਉਂਦਾ ਹੈ। ਸਭਿਆਚਾਰ-ਵਿਗਿਆਨ ਦੀ ਸਿਰਜਣਾ ਲਈ, ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਬਣਦਾ ਹੈ। ਇਸ ਦੀ ਅਣਹੋਂਦ ਵਿਚ ਅਸੀਂ ਸੰਬੰਧਤ ਸਭਿਆਚਾਰ ਨਾਲ ਨਿਆਂ ਨਹੀਂ ਕਰ ਰਹੇ ਹੋਵਾਂਗੇ।

## ਹਵਾਲੇ ਅਤੇ ਟਿੱਪਣੀਆਂ

1. 'ਪੰਜਾਬੀ ਸਮੀਖਿਆ ਸੰਸਕਾਰ', ਪੰਨਾ 96.
2. 'ਸਭਿਆਚਾਰ ਅਤੇ ਪੰਜਾਬੀ ਸਭਿਆਚਾਰ', ਪੰਨਾ 69.
3. 'ਸੁਸਾਇਟੀ : ਐਨ ਇੰਟਰੋਡਕਟਰੀ ਅਨੈਲਿਸਿਸ', ਪੰਨਾ 498.
4. 'ਪੰਜਾਬੀ ਵਿਸ਼ਵ ਕੋਸ਼' ਜਿਲਦ ਚੌਥੀ, ਪੰਨਾ 95.
5. 'ਸਭਿਆਚਾਰ ਅਤੇ ਪੰਜਾਬੀ ਸਭਿਆਚਾਰ', ਪੰਨਾ 97.
6. 'ਪੰਜਾਬੀ ਸਮੀਖਿਆ ਸੰਸਕਾਰ', ਪੰਨਾ 69.
7. ਉਹੀ, ਪੰਨਾ 97.
8. 'ਪੰਜਾਬੀ ਵਿਸ਼ਵ ਕੋਸ਼', ਜਿਲਦ ਚੌਥੀ, ਪੰਨਾ 95.
9. 'ਸ਼ੋਧ ਪਰਿਸ਼ੋਧ', ਪੰਨਾ 144.
10. 'ਵਿਰਸਾ ਤੇ ਵਰਤਮਾਨ', ਪੰਨਾ 59.
11. ਉਹੀ

## ਪੁਸਤਕ ਸੂਚੀ

1. ਕੰਵਰ, ਤਰਲੋਕ ਸਿੰਘ, ਸ਼ੋਧ ਪਰਿਸ਼ੋਧ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1989.
2. ਫ਼ਰੈਂਕ, ਗੁਰਬਖਸ਼ ਸਿੰਘ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1987.
3. ਪੰਜਾਬੀ ਵਿਸ਼ਵ ਕੋਸ਼, ਜਿਲਦ ਚੌਥੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1983.
4. ਮਨਜੀਤ ਸਿੰਘ, ਪੰਜਾਬੀ ਸਮੀਖਿਆ ਸੰਸਕਾਰ, ਪੰਜਾਬੀ ਪ੍ਰਕਾਸ਼ਕ, ਨਵੀਂ ਦਿੱਲੀ, 1988.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


5. ਰਵੀ, ਰਵਿੰਦਰ ਸਿੰਘ, ਵਿਰਸਾ ਤੇ ਵਰਤਮਾਨ, ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1986.
6. Tyler, E. B., Primitive Culture, Brentanois, New York. 1924.
7. Maciver, R.M. and Charles H. Page, Society : An Introductory Analysis, Macmillan, London, 1952.
8. ਗਿੱਲ, ਤੇਜਵੰਤ ਸਿੰਘ, ਪੰਜਬੀ ਸਭਿਆਚਾਰ : ਪ੍ਰਮਾਣ ਤੇ ਪ੍ਰਤੀਮਾਨ, ਸਾਹਿੱਤ ਕਲਾ ਪ੍ਰਕਾਸ਼ਨ, ਲੁਧਿਆਣਾ, 1986.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕਲਾਮ-ਫ਼ਰੀਦ : ਕਾਵਿ ਸ਼ਾਸਤਰੀ ਅਧਾਰ

'ਸਲੋਕ ਸੇਖ ਫਰੀਦ ਕੇ' ਸਿਰਲੇਖ ਹੇਠ 'ਆਦਿ ਗ੍ਰੰਥ' ਵਿਚ 130 ਸਲੋਕ ਦਰਜ ਹਨ। ਮੁਤਾਲਿਆ ਕਰਨ 'ਤੇ ਪਤਾ ਚਲਦਾ ਹੈ ਕਿ ਇਨ੍ਹਾਂ ਵਿਚੋਂ ਕੇਵਲ 112 ਸਲੋਕ ਹੀ ਸੇਖ ਰਰੀਦ ਹੋਰਾਂ ਦੇ ਹਨ ਅਤੇ ਬਾਕੀ 18 ਸਲੋਕ, ਇਨ੍ਹਾਂ ਸਲੋਕਾਂ ਤੋਂ ਹੀ ਪ੍ਰੇਰਿਤ ਹੋ ਕੇ ਪ੍ਰਤੀਉੱਤਰ ਵਜੋਂ ਚਾਰ ਸਿੱਖ ਗੁਰੂ ਸਾਹਿਬਾਨ ਦੁਆਰਾ ਰਚੇ ਗਏ ਹਨ। ਇਨ੍ਹਾਂ ਸਲੋਕਾਂ ਤੋਂ ਛੁੱਟ 'ਆਦਿ ਗ੍ਰੰਥ' ਵਿਚ ਸ਼ੇਖ ਫ਼ਰੀਦ ਦੇ ਚਾਰ ਸ਼ਬਦ ਵੀ ਵੱਖਰੇ ਤੌਰ 'ਤੇ ਦਰਜ ਹਨ—ਦੋ ਆਸਾ ਰਾਗ ਵਿਚ ਅਤੇ ਦੋ ਰਾਗ ਸੂਹੀ ਵਿਚ। ਇਨ੍ਹਾਂ ਸ਼ਬਦਾਂ ਤੋਂ ਪ੍ਰੇਰਿਤ, ਸਿੱਖ ਗੁਰੂ ਸਾਹਿਬਾਨ ਦੇ ਕੁਝ ਸ਼ਬਦ ਵੀ ਮਿਲਦੇ ਹਨ। ਜਿਥੋਂ ਤੱਕ ਫ਼ਰੀਦ-ਬਾਣੀ ਤੇ ਗੁਰੂਆਂ ਦੁਆਰਾ ਰਚੀ ਇਸ ਬਾਣੀ ਦੇ ਪਰਸਪਰ ਅੰਤਰ-ਸੰਬੰਧਾਂ ਦਾ ਸਰੋਕਾਰ ਹੈ—ਉਹ ਆਪਣੇ ਆਪ ਵਿਚ ਇਕ ਵਿਚਾਰਣਯੋਗ ਮਸਲਾ ਹੈ। ਇਨ੍ਹਾਂ ਅੰਤਰ-ਸੰਬੰਧਾਂ ਸੰਬੰਧੀ ਕੁਝ ਲੋੜ ਮੁਤਾਬਕ ਚਰਚਾ, ਰਤਾ ਅੱਗੇ ਚਲ ਕੇ ਕੀਤੀ ਜਾਏਗੀ।

ਇਥੇ ਇਕ ਨੁਕਤਾ ਸਪੱਸ਼ਟ ਕਰ ਦੇਣਾ ਜ਼ਰੂਰੀ ਜਾਪਦਾ ਹੈ ਕਿ 'ਆਦਿ ਗ੍ਰੰਥ' ਵਿਚ ਦਰਜ ਇਸ ਫ਼ਰੀਦ ਬਾਣੀ ਤੋਂ ਛੁੱਟ ਕੁਝ ਹੋਰ ਰਚਨਾਵਾਂ ਵੀ ਅਕਸਰ ਬਾਬਾ ਫ਼ਰੀਦ ਹੋਰਾਂ ਦੇ ਨਾਂ ਨਾਲ ਜੋੜੀਆਂ ਜਾਂਦੀਆਂ ਰਹੀਆਂ ਹਨ। ਇਨ੍ਹਾਂ ਵਿਚ ਕੁਝ ਅਰਬੀ ਰੁਬਾਈਆਂ, ਫ਼ਾਰਸੀ ਬੈਂਤ, ਕਥਨ, ਚਿੱਠੀਆਂ, ਨਸੀਹਤਨਾਮਾ ਆਦਿ ਲਿਖਤਾਂ ਸ਼ਾਮਲ ਹਨ। ਜਿਥੋਂ ਤੱਕ ਇਨ੍ਹਾਂ ਲਿਖਤਾਂ ਦੀ ਪ੍ਰਮਾਣਿਕਤਾ ਦਾ ਸੁਆਲ ਹੈ, ਉਹ ਆਪਣੇ ਆਪ ਵਿਚ ਇਕ ਵਿਵਾਦਪੂਰਣ ਵਿਸ਼ਾ ਹੈ। ਸੱਚ ਤਾਂ ਇਹ ਹੈ ਕਿ ਇਨ੍ਹਾਂ ਲਿਖਤਾਂ ਦੀ ਪ੍ਰਮਾਣਿਕਤਾ ਅਜੇ ਤੱਕ ਨਿਸ਼ਚਤ ਹੀ ਨਹੀਂ ਹੋ ਸਕੀ। ਇਹੀ ਵਜ੍ਹਾ ਹੈ ਕਿ ਇਥੇ ਅਸੀਂ ਕੇਵਲ 'ਆਦਿ ਗ੍ਰੰਥ' ਵਿਚ ਦਰਜ ਫ਼ਰੀਦ-ਬਾਣੀ ਉਪਰ ਹੀ ਆਪਣਾ ਧਿਆਨ ਕੇਂਦਰਿਤ ਕਟਨਾ ਠੀਕ ਸਮਝਦੇ ਹਾਂ। ਇਸੇ ਬਾਣੀ-ਵਿਸ਼ਲੇਸ਼ਣ ਰਾਹੀਂ ਅਸੀਂ ਫ਼ਰੀਦ-ਕਲਾਮ ਦੇ ਕਾਵਿ-ਸ਼ਾਸਤਰੀ ਅਧਾਰਾਂ ਨੂੰ ਸਮਝਣ ਦਾ ਯਤਨ ਕਰਾਂਗੇ।

ਕਲਾਮ-ਫ਼ਰੀਦ ਦੀ ਵਿਸ਼ੇਸ਼ਤਾ, ਇਸ ਦੇ ਪ੍ਰਤੀਕ-ਸਿਰਜਣ ਵਿਚ ਹੈ। ਪ੍ਰਤੀਕ, ਮਨੁੱਖੀ ਗਿਆਨ-ਸ਼ਾਸਤਰ ਨਾਲ ਸੰਬੰਧਤ ਉਸ ਦੀ ਇਕ ਅਜਿਹੀ ਸੰਸਕ੍ਰਿਤਕ ਪ੍ਰਾਪਤੀ ਹੈ, ਜਿਸ ਰਾਹੀਂ ਉਹ ਬੱਜਰ ਵਾਸਤਵਿਕਤਾ ('ਕਿਛੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ ਭਾਹਿ') 'ਸਮਝਣ ਯੋਗ' (intelligible) ਬਣਾਉਂਦਾ ਹੈ। ਦੂਸਰੇ ਸ਼ਬਦਾਂ ਵਿਚ ਮਨੁੱਖ ਦੇ ਗਿਆਨ-ਪ੍ਰਾਪਤੀ ਦਾ ਸਾਰਾ ਕਾਰਜ, ਪ੍ਰਤੀਕ-ਸਿਰਜਣਾ ਰਾਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਹੀ ਨੇਪਰੇ ਚੜ੍ਹਦਾ ਹੈ। ਅਜੋਕੇ ਸਾਹਿੱਤ-ਚਿੰਤਕ ਪ੍ਰਤੀਕ ਨੂੰ ਕਵਿਤਾ ਦੀ ਲਾਜ਼ਮੀ ਸ਼ਰਤ ਮੰਨਦੇ ਹਨ। ਇਸ ਬਿਨਾ ਕਵਿਤਾ ਅੱਧ ਵਿਚਾਲੇ ਦੀ ਵਸਤ ਬਣ ਕੇ ਰਹਿ ਜਾਂਦੀ ਹੈ। ਫ਼ਰੀਦ-ਕਲਾਮ ਇਸ ਪੱਖੋਂ ਪੂਰਾ ਉਤਰਦਾ ਨਜ਼ਰ ਆਉਂਦਾ ਹੈ। ਆਪਣੀ ਇਸੇ ਪ੍ਰਤੀਕ-ਸਿਰਜਣਾ ਸਦਕਾ ਕਲਾਮ-ਫ਼ਰੀਦ, ਬਾਣੀ ਹੁੰਦੇ ਹੋਏ ਵੀ ਕਵਿਤਾ ਦੇ ਨੇੜੇ ਦੀ ਵਸਤ ਪ੍ਰਤੀਤ ਹੁੰਦਾ ਹੈ। ਜਿਥੋਂ ਤੱਕ ਪ੍ਰਤੀਕ ਦਾ ਸੰਬੰਧ ਹੈ, ਉਹ ਬੁਨਿਆਦੀ ਤੌਰ 'ਤੇ ਵਸਤੂ ਦੀ ਮਾਨਵੀ ਵਿਆਖਿਆ ਹੈ। ਬਾਬਾ ਫ਼ਰੀਦ ਆਪਣੇ ਕਲਾਮ ਵਿਚ ਇਹ ਵਿਆਖਿਆ ਕਿਵੇਂ ਕਰਦੇ ਹਨ ?—ਇਹ ਜਾਣਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਇਸ ਪ੍ਰਤੀਕ-ਸਿਰਜਣਾ ਦਾ ਬੁਨਿਆਦੀ ਅਧਾਰ ਕੀ ਹੈ ? ਇਹ ਸਮਝੇ ਬਿਨਾਂ ਗੱਲ ਨੂੰ ਅੱਗੇ ਤੋਰਨਾ ਰਤਾ ਔਖਾ ਜਿਹਾ ਪ੍ਰਤੀਤ ਹੋ ਰਿਹਾ ਹੈ।

ਇਸ ਸੰਬੰਧੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਸਮੁੱਚਾ ਕਲਾਮ-ਫ਼ਰੀਦ ਆਪਣੇ ਕੱਥ ਤੇ ਕਥਨ ਵਿਚ ਪੂਰੀ ਤਰ੍ਹਾਂ ਇਕਾਗਰ ਹੈ। ਇਸ ਦਾ ਇਕ ਕਾਰਨ ਮੇਰੀ ਜਾਚੇ ਇਹ ਹੋ ਸਕਦਾ ਹੈ ਕਿ ਇਹ ਬਾਣੀ ਮਾਨਵ-ਜੀਵਨ ਦੇ ਇਕ ਅਹਿਮ ਮਸਲੇ ਨਾਲ ਆਪਣਾ ਸਰੋਕਾਰ ਰਖਦੀ ਹੈ। ਉਹ ਹੈ 'ਮੌਤ'—ਸਪੱਸ਼ਟ ਰੂਪ ਵਿਚ ਮਨੁੱਖ ਦੀ ਸ਼ਰੀਰਕ ਮੌਤ। ਇਸ ਵਿਚਾਰ ਦੀ ਪੁਸ਼ਟੀ ਬਾਬਾ ਫ਼ਰੀਦ ਰਚਿਤ ਇਨ੍ਹਾਂ ਸਲੋਕਾਂ ਤੋਂ ਸਹਿਜੇ ਹੀ ਹੋ ਜਾਂਦੀ ਹੈ :

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥
ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈਂ ਡਿਠੁ ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥
ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥
ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥
ਫਰੀਦਾ ਭੰਨੀ ਘੜੀ ਸੁੰਵਨਵੀ ਟੁਟੀ ਨਾਗਰ ਲਜੁ ॥
ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥
ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥
ਜੇ ਸਉ ਵਰ੍ਹਿਆਂ ਜੀਵਣਾ ਭੀ ਤਨੁ ਹੋਸੀ ਖੇਹ ॥
ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥

ਅਜਿਹੇ ਹੋਰ ਕਈ ਸਲੋਕ, ਕਲਾਮ-ਫ਼ਰੀਦ 'ਚੋਂ ਮਿਸਾਲ ਦੇ ਤੌਰ 'ਤੇ ਪੇਸ਼ ਕੀਤੇ ਜਾ ਸਕਦੇ ਹਨ, ਜਿਨ੍ਹਾਂ ਵਿਚ ਮੌਤ ਦਾ ਜ਼ਿਕਰ ਬੜੀ ਸ਼ਿੱਦਤ ਨਾਲ ਹੋਇਆ ਮਿਲਦਾ ਹੈ। ਸੋ ਕਿਹਾ ਜਾ ਸਕਦਾ ਹੈ ਕਿ ਮੌਤ ਜਾਂ ਮੌਤ ਦੇ ਡਰ ਤੋਂ ਪ੍ਰੇਰਿਤ ਵੇਦਨਾ-ਸੰਵੇਦਨਾ, ਇਸ ਕਲਾਮ ਦਾ ਮੂਲ ਅਧਾਰ ਹੈ। ਮੌਤ ਬਾਬਾ ਫ਼ਰੀਦ ਦੀ ਜੀਵਨ-ਦ੍ਰਿਸ਼ਟੀ ਨੂੰ ਇਸ ਹੱਦ ਤੱਕ ਪ੍ਰਭਾਵਿਤ ਕਰਦੀ ਹੈ ਕਿ ਇਸ ਕਲਾਮ ਵਿਚ ਪੇਸ਼ ਬਹੁਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਾਵਿ-ਚਿੱਤਰ, ਕਾਵਿ-ਬਿੰਬ ਤੇ ਅਲੰਕਾਰ ਆਦਿ ਪ੍ਰਤੱਖ ਤੇ ਪਰੋਖ ਦੋਹਾਂ ਰੂਪਾਂ ਵਿਚ ਮੌਤ ਤੋਂ ਹੀ ਹੋਂਦ ਗ੍ਰਹਿਣ ਕਰਦੇ ਪ੍ਰਤੀਤ ਹੁੰਦੇ ਹਨ। ਇਉਂ ਕਲਾਮ-ਫ਼ਰੀਦ ਦਾ ਮੂਲ ਪ੍ਰੇਰਨਾ-ਸਰੋਤ, ਮੌਤ ਹੀ ਨਜ਼ਰ ਆਉਂਦਾ ਹੈ। ਮੌਤ ਦੇ ਦ੍ਰਿਸ਼ਟੀ-ਬਿੰਦੂ (vantage point) 'ਤੇ ਖਲੋ ਕੇ ਹੀ ਉਹ ਆਪਣੇ ਚੌਗਿਰਦੇ ਨੂੰ ਪ੍ਰਤੱਖ ਕਰਦੇ ਅਤੇ ਆਪਣਾ ਕਾਵਿ-ਬੋਲ ਉਚਾਰਦੇ ਦਿਖਾਈ ਦਿੰਦੇ ਹਨ। ਇਸ ਲਈ ਮੌਤ ਹੀ ਇਕ ਅਜਿਹਾ ਤੱਤ ਹੈ ਜੋ ਸਮੁੱਚੇ ਕਲਾਮ-ਫ਼ਰੀਦ ਨੂੰ ਏਕਤਾ-ਇਕਾਗਰਤਾ ਪ੍ਰਦਾਨ ਕਰਦਾ ਦਿਖਾਈ ਦਿੰਦਾ ਹੈ।

ਕਲਾਮ-ਫ਼ਰੀਦ 'ਚੋਂ ਕੁਝ ਅਜਿਹੇ ਉਦਾਹਰਣ ਵੀ ਪੇਸ਼ ਕੀਤੇ ਜਾ ਸਕਦੇ ਹਨ ਜਿਥੇ ਰੱਬ ਦੀ ਬੰਦਗੀ, ਸ਼ਿਸ਼ਟਾਚਾਰ ਤੇ ਖ਼ੁਦਾ-ਪ੍ਰਸਤੀ ਦੀ ਭਾਵਨਾ ਵਧੇਰੇ ਪ੍ਰਬਲ ਹੈ। ਮਸਲਨ :

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥
ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥
ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥
ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥
ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥

ਭਾਵੇਂ, ਇਹ ਸਲੋਕ ਰੱਬ ਦੀ ਬੰਦਗੀ ਤੇ ਸ਼ਿਸ਼ਟਾਚਾਰ ਨਾਲ ਸੰਬੰਧ ਰਖਦੇ ਹਨ, ਪਰ ਮੌਤ ਦਾ ਡਰ, ਅਚੇਤ-ਰੂਪ ਵਿਚ ਇਥੇ ਵੀ ਪਸਰਿਆ ਪ੍ਰਤੀਤ ਹੁੰਦਾ ਹੈ। ਇਥੇ ਬਾਬਾ ਫ਼ਰੀਦ ਦੀ ਭੈ-ਮਿਸ਼ਰਤ ਪ੍ਰੇਮ-ਭਾਵਨਾ ਹੀ ਅਭਿਵਿਅਕਤ ਹੋਈ ਨਜ਼ਰ ਆਉਂਦੀ ਹੈ।

ਉਂਝ ਤਾਂ ਮੌਤ ਦਾ ਜ਼ਿਕਰ ਸਮੁੱਚੇ ਬਾਣੀ-ਕਾਵਿ ਤੇ ਸੂਫ਼ੀ-ਕਾਵਿ ਵਿਚ ਹੋਇਆ ਮਿਲਦਾ ਹੈ। ਮੌਤ, ਉਥੇ ਵਧੇਰੇ ਕਰਕੇ ਸੰਕਲਪ ਰੂਪ ਵਿਚ ਹੋਂਦ ਰਖਦੀ ਹੈ, ਜਦ ਕਿ ਕਲਾਮ-ਫ਼ਰੀਦ ਵਿਚ ਮੌਤ ਇਕ ਹਕੀਕਤ ਵਾਂਗ ਪੇਸ਼ ਹੋਈ ਹੈ। ਗੁਰਬਾਣੀ ਤੇ ਭਗਤ-ਬਾਣੀ ਵਿਚ ਮੌਤ ਦਾ ਜ਼ਿਕਰ ਬਹੁਤਾ ਕਰਕੇ ਸੁਝਾਉਸ਼ੀਲ ਹੀ ਹੈ। ਮੌਤ, ਉਥੇ ਸੰਦੇਸ਼ ਦਾ ਵਾਹਨ ਬਣ ਕੇ ਪੇਸ਼ ਹੋਈ ਹੈ। ਮਿਸਾਲ ਦੇ ਤੌਰ 'ਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਇਹ ਸ਼ਲੋਕ ਹੀ ਲਉ :

ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨ ॥
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥
ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥
ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਇਥੇ ਮੌਤ ਦੇ ਨੇੜ੍ਹੇ ਪਹੁੰਚੇ ਬੁਢਾਪੇ ਦਾ ਜ਼ਿਕਰ ਕਰਨ ਮਗਰੋਂ ਗੁਰੂ ਕਵੀ, ਮਨੁੱਖ ਨੂੰ 'ਹਰਿ ਰਸ' ਲਈ ਪ੍ਰੇਰਦੇ ਅਤੇ ਨਾਮ-ਬੰਦਗੀ ਦਾ ਸੁਝਾਉ ਦਿੰਦੇ ਦੇਖੇ ਜਾਂਦੇ ਹਨ। ਇਥੇ ਮੌਤ, ਦੁੱਖ ਦਾ ਕਾਰਨ ਬਣ ਕੇ ਪੇਸ ਹੋਈ ਹੈ ਅਤੇ ਦੂਸਰੇ ਪਾਸੇ ਭਗਤ ਕਬੀਰ ਮਰਨ ਨੂੰ ਅਨੰਦ ਨਾਲ ਜੋੜਦੇ ਦੇਖੇ ਜਾਂਦੇ ਹਨ :

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥

ਭਗਤ ਕਬੀਰ ਮੌਤ ਨੂੰ ਪਰਮਾਨੰਦ ਦੀ ਪ੍ਰਾਪਤੀ ਦਾ ਰਾਹ ਖ਼ਿਆਲ ਕਰਦੇ ਹਨ। ਮੌਤ ਇਥੇ ਵੀ ਸੰਕਲਪਕ ਰੂਪ ਵਿਚ ਹੀ ਪੇਸ਼ ਹੋਈ ਹੈ। ਪਰ, ਕਲਾਮ-ਫ਼ਰੀਦ ਵਿਚ ਮੌਤ, ਇਕ ਹਕੀਕਤ ਵਾਂਗ ਸਮੇਂ-ਸਥਾਨ ਵਿਚ ਪਸਰੀ ਵਾਸਤਵਿਕ-ਸਥਿਤੀ ਦੇ ਰੂਪ ਵਿਚ ਪੇਸ਼ ਹੋਈ ਹੈ। ਜਿਵੇਂ :—

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥
ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥

8591

ਬਾਕੀ ਸੂਫ਼ੀ ਕਵੀਆਂ ਤੇ ਬਾਣੀਕਾਰਾਂ ਨਾਲੋਂ ਬਾਬਾ ਫ਼ਰੀਦ ਜੀ ਦੀ ਵੱਖਰਤਾ ਇਸ ਗੱਲ ਵਿਚ ਹੈ ਕਿ ਉਹ ਰੱਬ ਨਾਲੋਂ ਕਿਤੇ ਵਧੇਰੇ ਮਨੁੱਖ ਨੂੰ ਆਪਣੀ ਦ੍ਰਿਸ਼ਟੀ ਵਿਚ ਰਖਦੇ ਹਨ। ਜ਼ਿੰਦਗੀ ਤੇ ਮੌਤ ਇਥੇ, ਸਰਬਾਰਥੀ ਅਰਥਾਂ ਨਾਲ ਜੁੜ ਕੇ ਵੀ ਵਿਅਕਤੀ ਵਿਸ਼ੇਸ਼ ਦੀ ਵੇਦਨਾ ਦਾ ਕਾਰਨ ਬਣੇ ਰਹਿੰਦੇ ਹਨ। ਮੌਤ ਦੇ ਪ੍ਰਚੰਡ ਚਿੱਤਰ ਉਲੀਕ ਕੇ ਵੀ ਕਲਾਮ-ਫ਼ਰੀਦ ਵਿਚ ਨਿਰਾਸ਼ਾ ਦੀ ਕੋਈ ਝਲਕ ਦਿਖਾਈ ਨਹੀਂ ਦਿੰਦੀ। ਇਸ ਦਾ ਮੂਲ ਕਾਰਨ ਇਹ ਹੋ ਸਕਦਾ ਹੈ ਕਿ ਇਥੇ ਕਵੀ ਬੱਜਰ ਵਾਸਤਵਿਕਤਾ, ਪ੍ਰਾਣਾਧਾਰੀ ਕਰਮ-ਪ੍ਰਤਿਕਰਮ ਨੂੰ ਉਲੰਘ ਕੇ, ਸ਼ੁੱਧ ਪ੍ਰਤੀਕ-ਸਿਰਜਣ ਦੀ ਅਵੱਸਥਾ ਤੱਕ ਪੁੱਜ ਗਿਆ ਹੈ। ਅਸਲ ਵਿਚ ਇਹੋ ਗਿਆਨ ਦੀ ਅਵੱਸਥਾ ਹੈ। ਇਹ ਪ੍ਰਤੀਕ ਹੀ ਹੈ ਜੋ ਵਾਸਤਵਿਕਤਾ ਨੂੰ ਸਹਿਣ-ਯੋਗ ਤੇ ਸਮਝਣਯੋਗ ਬਣਾਉਂਦਾ ਹੈ। ਬਾਬਾ ਫ਼ਰੀਦ ਨੇ ਮੌਤ ਦੇ ਦੁੱਖ ਨੂੰ ਸਹਿਣ-ਯੋਗ ਤੇ ਸਮਝਣਯੋਗ ਬਣਾਉਣ ਲਈ ਵਿਆਹ ਦਾ ਪ੍ਰਤੀਕ ਘੜ ਲਿਆ ਹੈ। ਜਿਵੇਂ :

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਗਲਿ ਲਗੈ ਧਾਇ ॥

ਜਿਸ ਦਿਨ ਇਹ ਜੀਵ ਰੂਪੀ ਇਸਤਰੀ ਵਿਆਹੀ ਜਾਣੀ ਹੈ, ਉਹ ਸਮਾਂ ਪਹਿਲਾਂ ਹੀ ਲਿਖਿਆ ਗਿਆ ਹੈ। ਭਾਵ, ਇਸ ਮੰਡਲ ਵਿਚ ਆਉਣ ਤੋਂ ਪਹਿਲਾਂ ਹੀ 'ਮਰਨਾ' ਲਿਖ ਦਿੱਤਾ ਗਿਆ ਹੈ। ਮੌਤ ਲਾਜ਼ਮੀ ਹੈ, ਇਕ ਕੌੜੀ ਹਕੀਕਤ ਹੈ ਜੋ ਸਾਡੀ ਚੇਤਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਨੂੰ ਝੰਜੋੜਦੀ ਹੈ। ਬੁਨਿਆਦੀ ਤੌਰ 'ਤੇ ਇਹ ਵਾਸਤਵਿਕਤਾ ਦੀ ਪੱਧਰ ਹੈ। ਸਾਡੀ ਚੇਤਨਾ ਇਸ ਅਕਾਰਣ ਮੌਤ ਦੇ ਦੁੱਖ ਨੂੰ ਸਹਿੰਦੀ ਹੈ। ਜਦੋਂ ਇਸ ਤੋਂ ਬਚਾਅ ਦਾ ਕੋਈ ਹੀਲਾ ਨਹੀਂ ਬਣਦਾ, ਤਾਂ ਇਸ ਨੂੰ ਸਮਝਣ ਨਾਲ ਹੀ ਸਹਿਣਯੋਗ ਬਣਾਇਆ ਜਾ ਸਕਦਾ ਹੈ। ਇਉਂ, ਬਾਬਾ ਫ਼ਰੀਦ ਵਾਸਤਵਿਕਤਾ ਤੋਂ ਤੁਰ ਕੇ ਕਲਪਨਾ ਦੀ ਪੱਧਰ ਤੱਕ ਪੁੱਜਦੇ ਹਨ। ਸ੍ਵੈ-ਚੇਤੰਨਤਾ ਗ੍ਰਹਿਣ ਕਰਨ ਮਗਰੋਂ ਉਹ ਪ੍ਰਤੀਕ ਦੀ ਅਵੱਸਥਾ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਵਾਸਤਵਿਕਤਾ (ਮੌਤ) ਦੇ ਦੁੱਖ ਨੂੰ ਨਜਿੱਠਣ ਲਈ ਉਹ 'ਸਹੁ' ਤੇ 'ਸਾਈਂ' ਜਹੇ ਪ੍ਰਤੀਕਾਂ ਦੀ ਸਿਰਜਣਾ ਕਰਦੇ ਨਜ਼ਰ ਆਉਂਦੇ ਹਨ। ਅੱਗੇ ਚਲ ਕੇ ਇਹੋ ਪ੍ਰਤੀਕ ਬੱਜਰ ਵਾਸਤਵਿਕਤਾ ਨੂੰ ਸਹਿਣਯੋਗ ਤੇ ਸਮਝਣਯੋਗ ਬਣਾਉਣ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਮੌਤ ਨੂੰ ਵਿਆਹ ਨਾਲ ਮੇਲਣ ਸਦਕਾ ਕਲਾਮ-ਫ਼ਰੀਦ ਵਿਚ ਪੇਸ਼ ਮੌਤ ਨਾਲ ਸੰਬੰਧਤ ਘਿਨੌਣੇ ਕਾਵਿ-ਚਿੱਤਰ ਵੀ ਸੁਹਜੀਲੇ ਤੇ ਸੁਖਾਵੇਂ ਪ੍ਰਤੀਤ ਹੋਣ ਲੱਗ ਪੈਂਦੇ ਹਨ। ਇਉਂ ਬਾਬਾ ਫ਼ਰੀਦ ਆਪਣੇ ਕਲਾਮ ਵਿਚ ਸੰਵੇਦਨਾ-ਨਿਸ਼ਠ ਸੁਹਜ-ਪ੍ਰਬੰਧ ਸਿਰਜਣ ਵਿਚ ਸਫਲਤਾ ਹਾਸਲ ਕਰਦੇ ਹਨ।

ਇਉਂ, ਕਲਾਮ-ਫ਼ਰੀਦ ਵਿਚ ਇਕ ਨਿਰੰਤਰ ਕਾਵਿ-ਨਿਰਮਾਣ ਦੀ ਪ੍ਰਕ੍ਰਿਆ ਚਲਦੀ ਹੈ। ਬੁਨਿਆਦੀ ਤੌਰ 'ਤੇ ਇਹ ਪ੍ਰਕ੍ਰਿਆ ਵਾਸਤਵਿਕਤਾ, ਕਲਪਨਾ ਤੇ ਪ੍ਰਤੀਕ ਦੇ ਆਪਸੀ ਸੰਬੰਧਾਂ ਉਪਰ ਅਧਾਰਤ ਹੈ। ਕਾਵਿ-ਨਿਰਮਾਣ ਦੀ ਇਸੇ ਪ੍ਰਕ੍ਰਿਆ ਰਾਹੀਂ ਬਾਬਾ ਫ਼ਰੀਦ ਪ੍ਰਤੱਖ ਵਾਸਤਵਿਕਤਾ ਦੀ ਪੱਧਰ ਤੋਂ ਲੈ ਕੇ ਪਰੋਖ ਗਿਆਨ-ਪੱਧਰ ਤੱਕ ਦੀ ਯਾਤਰਾ ਤਹਿ ਕਰਦੇ ਦੇਖੇ ਜਾਂਦੇ ਹਨ। ਪ੍ਰਤੀਕ ਦੀ ਅਵੱਸਥਾ 'ਤੇ ਪੁੱਜ ਕੇ ਵਾਸਤਵਿਕਤਾ ਤੇ ਕਲਪਨਾ ਦੀਆਂ ਸਾਰੀਆਂ ਮਨੋ-ਤਰੰਗਾਂ ਤੇ ਵਿਚਾਰ-ਤਰੰਗਾਂ ਇਕ ਸਾਰਥਕ ਅਨੁਸ਼ਾਸਨ ਵਿਚ ਬੱਝ ਜਾਂਦੀਆਂ ਹਨ। ਬੱਜਰ ਵਾਸਤਵਿਕਤਾ ਨੂੰ ਇਸੇ ਪ੍ਰਕ੍ਰਿਆ ਰਾਹੀਂ ਨਜਿੱਠਿਆ ਜਾ ਸਕਦਾ ਹੈ। ਸਰਬਾਰਥੀ ਸੰਦਰਭ, ਬਾਬਾ ਫ਼ਰੀਦ ਕੋਲ ਇਕ ਅਜਿਹਾ ਵਿਚਾਰਧਾਰਕ ਹਥਿਆਰ (ideological apparatus) ਹੈ ਜਿਸ ਦੀ ਸਹਾਇਤਾ ਨਾਲ ਉਹ ਵਾਸਤਵਿਕਤਾ ਤੇ ਕਲਪਨਾ 'ਚੋਂ ਉਪਜਣ ਵਾਲੀਆਂ ਤਰੰਗਾਂ ਉਪਰ ਕਾਬੂ ਪਾਉਂਦਾ ਹੈ। ਉਨ੍ਹਾਂ ਨੂੰ ਇਕ ਸਾਰਥਕ ਪ੍ਰਬੰਧ ਵਿਚ ਢਾਲ ਕੇ, ਸੰਦੇਸ਼-ਸੰਚਾਰ ਦੀ ਪ੍ਰਕ੍ਰਿਆ ਨਾਲ ਜੋੜਦਾ ਦੇਖਿਆ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਕਲਾਮ-ਫ਼ਰੀਦ 'ਰੂਪਕ' (Metaphor) ਤੇ 'ਸੰਗਲੀ' (Metanomy) ਦੇ ਆਪਸੀ ਰਿਸ਼ਤੇ ਵਿਚ ਬੱਝ ਕੇ ਪੇਸ਼ ਹੋਇਆ ਹੈ, ਜਿਵੇਂ :

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥

ਇਥੇ ਸ਼ਕਰ, ਖੰਡ, ਮਿਸਰੀ, ਗੁੜ, ਸ਼ਹਿਦ ਅਤੇ ਮਾਝਾ ਦੁੱਹ ਆਦਿ ਮਿੱਠੀਆਂ ਵਸਤਾਂ ਨਾਲ ਸੰਬੰਧਤ ਵੱਖ ਵੱਖ ਰੂਪਕ ਸਿਰਜੇ ਗਏ ਹਨ। ਆਪਣੇ ਸੁਤੰਤਰ ਰੂਪ ਵਿਚ ਇਨ੍ਹਾਂ ਦਾ ਆਪਣਾ ਕੋਈ ਨਵੇਕਲਾ ਮਹੱਤਵ ਨਹੀਂ। ਇਨ੍ਹਾਂ ਰੂਪਕਾਂ ਨੂੰ ਸੰਗਲੀ ਰਿਸ਼ਤੇ ('ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ') ਵਿਚ ਬੰਨ੍ਹਣ ਨਾਲ ਹੀ ਇਨ੍ਹਾਂ ਦੀ ਸਾਰਥਕ ਤਾ ਉਜਾਗਰ ਹੁੰਦੀ ਹੈ। ਬਾਬਾ ਫ਼ਰੀਦ ਨੂੰ ਇਨ੍ਹਾਂ ਵਸਤਾਂ ਦੀ ਮਿਠਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰ ਕੋਈ ਸੰਦੇਹ ਨਹੀਂ । ਇਹ ਸਾਰੀਆਂ ਵਸਤਾਂ ਮਿੱਠੀਆਂ ਹਨ, ਹੇ ਪਰਮਾਤਮਾ ! ਮਿਠਾਸ ਵਿਚ ਇਹ ਵਸਤਾਂ ਤੇਰੇ ਨਾਮ ਦੀ ਮਿਠਾਸ ਤੱਕ ਨਹੀਂ ਅੱਪੜ ਸਕਦੀਆਂ । ਇਉਂ; ਸਰਬਾਰਥੀ ਸੰਦਰਭ ਨਾਲ ਜੁੜਣ ਕਰਕੇ ਇਨ੍ਹਾਂ ਮਿੱਠੀਆਂ ਵਸਤਾਂ ਦਾ ਮਹੱਤਵ ਘੱਟ ਜਾਂਦਾ ਹੈ ਜਾਂ ਦੁਜੈਲਾ ਹੋ ਕੇ ਰਹਿ ਜਾਂਦਾ ਹੈ । ਸੋ, ਇਥੇ ਤਰਜੀਹ, ਸਰਬਾਰਥੀ ਸੰਦਰਭ (ਰੱਬ ਦਾ ਨਾਮ ਜਾਂ ਬੰਦਗੀ) ਨੂੰ ਹੀ ਮਿਲਦੀ ਪ੍ਰਤੀਤ ਹੁੰਦੀ ਹੈ ।

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਕਲਾਮ-ਫ਼ਰੀਦ ਤੋਂ ਪ੍ਰੇਰਿਤ ਹੋ ਕੇ ਸਿੱਖ ਗੁਰੂ ਸਾਹਿਬਾਨ ਨੇ ਵੀ ਉਸੇ ਸੰਦਰਭ ਵਿਚ ਕੁਝ ਬਾਣੀ ਰਚੀ । ਇਹ ਬਾਣੀ ਕਲਾਮ-ਫ਼ਰੀਦ ਨਾਲ ਇਤਨਾ ਮੇਲ ਖਾਂਦੀ ਹੈ ਕਿ ਅਕਸਰ ਭੁਲੇਖੇ ਦੀ ਸੰਭਾਵਨਾ ਬਣੀ ਰਹਿੰਦੀ ਹੈ । ਕਈ ਥਾਈਂ ਤਾਂ ਗੁਰੂਆਂ ਨੇ ਆਪਣੇ ਰਚੇ ਸਲੋਕਾਂ ਵਿਚ ਵੀ ਫ਼ਰੀਦ ਹੋਰਾਂ ਦਾ ਨਾਮ ਵਰਤ ਲਿਆ ਹੈ, ਜਿਵੇਂ :

ਮ. ੫

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥
ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥

ਮ. ੫

ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥
ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥

ਮ. ੫

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥

ਇਹ ਤਿੰਨੋਂ ਸਲੋਕ ਗੁਰੂ ਅਰਜਨ ਦੇਵ ਜੀ ਦੁਆਰਾ ਰਚੇ ਗਏ ਹਨ । ਪਰ, ਹਰ ਜਗ੍ਹਾ ਨਾਮ ਬਾਬਾ ਫ਼ਰੀਦ ਜੀ ਦਾ ਹੀ ਵਰਤਿਆ ਗਿਆ ਹੈ । ਕੇਵਲ ਬਾਬਾ ਫ਼ਰੀਦ ਹੋਰਾਂ ਦਾ ਨਾਮ ਹੀ ਨਹੀਂ ਵਰਤਿਆ ਗਿਆ, ਸਗੋਂ ਉਸੇ ਹੀ ਕਾਵਿ-ਮੁਹਾਵਰੇ ਵਿਚ ਸਾਰੀ ਗੱਲ ਤੁਰਦੀ ਹੈ । ਜੇਕਰ ਉਪਰ ਮ. ੫ ਨਾ ਲਿਖਿਆ ਹੋਵੇ ਤਾਂ ਇਸ ਬਾਣੀ ਨੂੰ ਕਲਾਮ-ਫ਼ਰੀਦ ਨਾਲੋਂ ਨਿਖੇੜਣਾ ਮੁਸ਼ਕਲ ਜਿਹਾ ਜਾਪਦਾ ਹੈ । 'ਸਲੋਕ ਸੇਖ ਫਰੀਦ ਕੇ' ਵਿਚ ਅਜਿਹੇ 18 ਸਲੋਕ ਹਨ ਜੋ ਸਮੇਂ ਸਮੇਂ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਰਚੇ ਗਏ । ਜਿਥੋਂ ਤੱਕ ਇਸ ਬਾਣੀ ਅਤੇ ਕਲਾਮ-ਫ਼ਰੀਦ ਦੇ ਆਪਸੀ ਅੰਤਰ-ਸੰਬੰਧਾਂ ਦਾ ਸਰੋਕਾਰ ਹੈ, ਉਹ ਆਪਣੇ ਆਪ ਵਿਚ ਇਕ ਦਿਲਚਸਪ ਮਸਲਾ ਹੈ । ਪ੍ਰਤੀਕ-ਸਿਰਜਣਾ, ਕਲਾਮ-ਫ਼ਰੀਦ ਨੂੰ ਬਹੁਅਰਥਤਾ ਪ੍ਰਦਾਨ ਕਰਦੀ ਹੈ, ਜਿਸ ਕਰਕੇ ਉਹ ਕਵਿਤਾ ਦੇ ਨੇੜ੍ਹੇ ਦੀ ਵਸਤੂ ਹੋ ਨਿਬੜਦੀ ਹੈ, ਜਿਵੇਂ :

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥

ਭਾਵ, ਜੋ ਬੰਦੇ ਰੱਬ ਦੇ ਰੰਗ ਵਿਚ ਰੰਗੇ ਹੁੰਦੇ ਹਨ, ਉਨ੍ਹਾਂ ਦੇ ਸ਼ਰੀਰ ਵਿਚ ('ਵਿਸ਼ੁ ਗੰਦਲਾ' ਦਾ ਮੋਹ ਰੂਪ) ਲਹੂ ਨਹੀਂ ਹੁੰਦਾ, ਭਾਵੇਂ ਉਨ੍ਹਾਂ ਦੇ ਸ਼ਰੀਰ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਚੀਰਿਆ ਕਿਉਂ ਨਾ ਜਾਏ। ਪਰ, ਇਸ ਦੇ ਨਾਲ ਹੀ ਗੁਰੂ ਅਮਰਦਾਸ ਜੀ ਦਾ ਇਹ ਸਲੋਕ ਵੀ ਦਰਜ ਹੈ :

ਮ. ੩

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ।।
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ।।

ਕਲਾਮ-ਫ਼ਰੀਦ ਵਿਚ 'ਰਤੁ' ਪ੍ਰਤੀਕਾਰਥਕ ਹੋਣ ਕਰਕੇ, ਆਪਣੇ ਸਥਾਪਤ ਅਰਥਾਂ ਤੋਂ ਪਰ੍ਹਾਂ ਵੀ ਸੰਕੇਤ ਕਰਦਾ ਹੈ। ਇਸੇ ਨੂੰ ਅਸੀਂ ਪਹਿਲਾਂ ਬਹੁਅਰਥਤਾ ਕਿਹਾ ਹੈ। ਪਰ, ਮ. ੩ ਵਿਚ 'ਰਤੁ' ਨੂੰ ਸਥਾਪਤ ਅਰਥਾਂ ਨਾਲ ਜੋੜ ਕੇ ਉਸ ਨੂੰ ਇਕ ਨਿਸ਼ਚਤ ਦਿਸ਼ਾ 'ਲੋਭ ਰਤੁ' ਵੱਲ ਮੋੜਣ ਦਾ ਯਤਨ ਹੈ। ਸ਼ਬਦਾਂ ਤੇ ਪ੍ਰਤੀਕਾਂ ਨੂੰ ਨਿਸ਼ਚਤ ਅਰਥਾਂ ਤੱਕ ਸੀਮਿਤ ਕਰਨ ਦੀ ਸਮੱਸਿਆ ਬਾਣੀ ਦੀ ਹੈ, ਕਿਉਂਕਿ ਬਹੁਅਰਥਤਾ ਕਾਰਨ ਬਾਣੀ ਦੇ ਭਾਵਾਂ ਦੇ ਗੁਆਚ ਜਾਣ ਦਾ ਖ਼ਦਸ਼ਾ, ਬਾਣੀ-ਰਚੈਤਿਆਂ ਸਾਹਵੇਂ ਇਕ ਅਹਿਮ ਮਸਲਾ ਹੈ। ਆਪਣੇ ਕਲਾਮ ਵਿਚ ਬਾਬਾ ਫ਼ਰੀਦ ਨੂੰ ਅਜਿਹੀ ਕੋਈ ਸਮੱਸਿਆ ਨਹੀਂ। ਇਉਂ, 'ਸਲੋਕ ਸੇਖ ਫਰੀਦ ਕੇ' ਦੇ ਅੰਤਰਗਤ ਉੱਤਰ-ਪ੍ਰਤੀਉੱਤਰ ਦਾ ਸਿਲਸਿਲਾ ਨਿਰੰਤਰ ਚਲਦਾ ਦਿਖਾਈ ਦਿੰਦਾ ਹੈ। ਦੂਸਰੇ ਸ਼ਬਦਾਂ ਵਿਚ ਇਥੇ ਕਵਿਤਾ ਤੇ ਬਾਣੀ ਵਿਚਾਲੇ ਇਕ ਅਜੀਬ ਕਿਸਮ ਦਾ ਤਨਾਉ ਜ਼ਾਹਿਰ ਹੈ। ਅਸਲ ਵਿਚ, ਇਹ ਤਨਾਉ ਹੀ 'ਸਲੋਕ ਸੇਖ ਫਰੀਦ ਕੇ' ਦਾ ਬੁਨਿਆਦੀ ਸੰਰਚਨਾਤਮਕ-ਨੇਮ ਹੋ ਨਿਬੜਦਾ ਹੈ। ਇਸ ਤਨਾਉ ਦੇ ਹੋਰ ਵੀ ਕਈ ਸ਼ੇਡਜ਼ ਤਲਾਸ਼ ਕੀਤੇ ਜਾ ਸਕਦੇ ਹਨ—ਇਹ ਮਸਲਾ ਇਕ ਵੱਖਰੇ ਪੇਪਰ ਦੀ ਮੰਗ ਕਰਦਾ ਹੈ। ਇਥੇ ਇਤਨਾ ਸੰਕੇਤ-ਮਾਤਰ ਜ਼ਿਕਰ ਕਰ ਦੇਣਾ ਹੀ ਕਾਫੀ ਹੈ।

ਕਲਾਮ-ਫ਼ਰੀਦ ਦੇ ਅਰਥਾਂ ਤੇ ਭਾਵਾਂ ਨੂੰ ਸਪੱਸ਼ਟ ਤੇ ਨਿਸ਼ਚਤ ਕਰਨ ਦਾ ਸਿਲਸਿਲਾ ਕੇਵਲ ਸਲੋਕਾਂ ਤੱਕ ਹੀ ਮਹਿਦੂਦ ਨਹੀਂ, ਸਗੋਂ, ਸ਼ਬਦਾਂ ਵਿਚ ਵੀ ਇਹ ਸਿਲਸਿਲਾ ਨਿਰੰਤਰ ਚਲਦਾ ਦੇਖਿਆ ਜਾ ਸਕਦਾ ਹੈ। ਇਥੋਂ ਹੋਰਨਾਂ ਤੋਂ ਇਲਾਵਾ ਇਹ ਵੀ ਨੁਕਤਾ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਕਲਾਮ-ਫ਼ਰੀਦ ਦਾ ਪੂਰੀ ਗੰਭੀਰਤਾ ਨਾਲ ਨੋਟਿਸ ਲਿਆ। ਕਲਾਮ-ਫ਼ਰੀਦ, ਗੁਰੂ ਸਾਹਿਬਾਨ ਨੂੰ ਕੇਵਲ ਪ੍ਰਭਾਵਿਤ ਹੀ ਨਹੀਂ ਕਰਦਾ, ਸਗੋਂ, ਬਾਣੀ-ਸਿਰਜਣਾ ਲਈ ਪ੍ਰੇਰਿਤ ਵੀ ਕਰਦਾ ਹੈ। ਇਥੋਂ ਹੀ ਕਲਾਮ-ਫ਼ਰੀਦ ਦਾ ਆਪਣਾ ਮਹੱਤਵ ਉਜਾਗਰ ਹੋ ਜਾਂਦਾ ਹੈ। 'ਆਦਿ ਗ੍ਰੰਥ' ਵਿਚ ਇਸ ਨੂੰ ਦਰਜ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪੂਰਬਲੀ ਅਧਿਆਤਮਕ ਪਰੰਪਰਾ ਨੂੰ ਸਤਿਕਾਰ ਸਹਿਤ ਸਵੀਕ੍ਰਿਤੀ ਹੀ ਨਹੀਂ ਦਿੱਤੀ, ਸਗੋਂ ਉਸ ਨੂੰ ਪਰੰਪਰਾ ਵਿਚ ਵਿਸਤਾਰਨ ਦਾ ਯਤਨ ਵੀ ਕੀਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of cost, and with the compliments of the Department of Education, Government of India New Delhi

# ਗੁਰਮਤਿ ਰਹੱਸਵਾਦ

ਗੁਰਮਤਿ, ਮੱਧਕਾਲੀਨ ਪੰਜਾਬ ਦੀ ਇਕ ਬਹੁਤ ਮਹੱਤਵਪੂਰਨ ਸਭਿਆਚਾਰਕ ਪ੍ਰਾਪਤੀ ਹੈ । ਮਨੁੱਖ ਨੂੰ ਬੰਧਨ-ਮੁਕਤ ਕਰਾਉਣ, ਉਸ ਨੂੰ ਬ੍ਰਹਮ, ਬ੍ਰਹਿਮੰਡ ਤੇ ਆਪੇ ਦੀ ਸੋਝੀ ਕਰਾਉਣ; ਮਨੁੱਖ, ਬ੍ਰਹਮ ਤੇ ਸ੍ਰਿਸ਼ਟੀ ਦੇ ਆਪਸੀ ਰਿਸ਼ਤੇ ਨੂੰ ਨਿਸ਼ਚਤ ਕਰਨ; ਸਭਿਆਚਾਰਕ-ਸਮਨਵੈ ਦੀ ਪ੍ਰਕਿਰਿਆ ਨੂੰ ਗਤੀਮਾਨ ਕਰਨ ਵਿਚ 'ਗੁਰਮਤਿ' ਨੇ ਕਰਾਂਤੀਕਾਰੀ ਤੇ ਅਹਿਮ ਭੂਮਿਕਾ ਨਿਭਾਈ । ਇਸੇ ਵਿੱਚੋਂ ਹੀ ਮਨੁੱਖ ਨੂੰ ਅੰਤਮ ਸੱਚਾਈ (Ultimate truth) ਤੱਕ ਪੁੱਜਣ ਦਾ ਜੁਗਤਮੂਲਕ-ਵਿਧਾਨ ਪ੍ਰਾਪਤ ਹੋਇਆ ਅਤੇ ਮਾਨਵੀ-ਆਜ਼ਾਦੀ ਦੀ ਬੁਲੰਦੀ ਨਿਸ਼ਚਤ ਹੋਈ । ਮੱਧਕਾਲ ਵਿਚ ਵਿਕਸਤ ਹੋਈ ਤੇ ਪ੍ਰਵਾਨ ਚੜ੍ਹੀ ਇਸ 'ਗੁਰਮਤਿ' ਦਾ ਬੁਨਿਆਦੀ ਅਧਾਰ 'ਆਦਿ ਗ੍ਰੰਥ' ਵਿਚ ਦਰਜ ਬਾਣੀ ਹੈ । ਇਹੀ ਕਾਰਣ ਹੈ ਕਿ ਅਸੀਂ ਕਈ ਵਾਰ 'ਆਦਿ-ਗ੍ਰੰਥ' ਵਿਚ ਦਰਜ ਬਾਣੀ ਨੂੰ 'ਗੁਰਮਤਿ ਕਾਵਿ' ਵੀ ਕਹਿ ਲੈਂਦੇ ਹਾਂ । ਦੂਸਰੇ ਸ਼ਬਦਾਂ ਵਿਚ ਗੁਰਬਾਣੀ ਉਪਰ ਅਧਾਰਤ ਜੀਵਨ-ਜਾਚ ਹੀ 'ਗੁਰਮਤਿ' ਦਾ ਦਰਜਾ ਰਖਦੀ ਹੈ । ਸੋ 'ਗੁਰਮਤਿ ਰਹੱਸਵਾਦ' ਉਪਰ ਚਰਚਾ ਕਰਨ ਲਗਿਆਂ ਅਸੀਂ ਇਸੇ ਗੁਰਬਾਣੀ ਜਾਂ ਬਾਣੀ-ਸੰਸਾਰ ਉਪਰ ਆਪਣਾ ਧਿਆਨ ਕੇਂਦਰਿਤ ਕਰਾਂਗੇ ।

ਗਹੁ ਨਾਲ ਵਾਚਿਆਂ ਪਤਾ ਚਲਦਾ ਹੈ ਕਿ ਮਾਨਵੀ ਸਭਿਆਚਾਰ ਤੇ ਖ਼ਾਸ ਕਰਕੇ ਪੰਜਾਬ ਦੇ 'ਸ਼ਬਦ ਸਭਿਆਚਾਰ' ਦੇ ਨਿਰਮਾਣ ਵਿਚ ਗੁਰਬਾਣੀ ਨੇ ਨਵੇਕਲੀ ਭੂਮਿਕਾ ਨਿਭਾਈ । ਇਸ ਨਿਰਮਾਣ ਦੇ ਕਾਰਜ ਵਿਚ ਗੁਰਬਾਣੀ, 'ਪ੍ਰਵਚਨ' (discourse) ਦਾ ਦਰਜਾ ਰਖਦੀ ਹੈ । ਸਮੁੱਚੇ ਭਾਰਤੀ-ਸਭਿਆਚਾਰ ਨਾਲ ਸੰਬੰਧਤ ਪੂਰਵ ਪ੍ਰਚਲਤ 'ਪਾਠਾਂ' (texts) ਨੂੰ 'ਪ੍ਰਵਚਨ' ਵਿਚ ਢਾਲਣ ਦੀ ਪ੍ਰਕਿਰਿਆ ਵੀ ਗੁਰਬਾਣੀ ਦੇ ਅੰਤਰਗਤ ਨਿਰੰਤਰ ਚਲਦੀ ਦੇਖੀ ਜਾਂਦੀ ਹੈ । ਨਤੀਜੇ ਵਜੋਂ ਗਿਆਨ-ਵਿਗਿਆਨ ਦੇ ਨਵੇਂ ਰਾਹ ਖੁੱਲ੍ਹਦੇ ਹਨ । ਪੰਜਾਬ ਦੀ ਸਮੁੱਚੀ ਰਹਿਤਲ ਇਸ 'ਚੋਂ ਪ੍ਰੇਰਨਾ ਗ੍ਰਹਿਣ ਕਰਦੀ ਤੇ ਆਪਣਾ ਨਵੇਕਲਾ ਮੂੰਹ ਮੁਹਾਂਦਰਾ ਬਣਾਉਂਦੀ ਚਲੀ ਆਈ ਹੈ । ਇਉਂ ਗੁਰਬਾਣੀ ਰਾਹੀਂ ਇਕ ਅਜਿਹਾ 'ਸ਼ਬਦ ਸਭਿਆਚਾਰ' ਹੋਂਦ ਵਿਚ ਆਇਆ ਹੈ ਜੋ ਵਿਸ਼ੁੱਧ ਚਿਹਨਕੀ-ਪ੍ਰਕਿਰਿਆ ਨੂੰ ਗਤੀਸ਼ੀਲਤਾ ਪ੍ਰਦਾਨ ਕਰਦਾ ਅਤੇ 'ਚਿਹਨਕ (signifier) ਨੂੰ ਉਸਦੀ ਅਧਿਆਤਮਿਕਤਾ ਤੋਂ ਆਜ਼ਾਦ ਹੋਣ ਦਾ ਸੁਨੇਹਾ ਦੇਂਦਾ ਹੈ । ਭਾਸ਼ਾਈ, ਚਿਹਨਕ ਆਪਣੇ ਮੂਲ ਰੂਪ ਵਿਚ 'ਬ੍ਰਹਮ' ਵਾਂਗ ਨਿਰਗੁਣ ਤੇ ਨਿਰਲੇਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੁੰਦਾ ਹੈ। ਮਾਨਵੀ ਵਿਹਾਰ ਤੇ ਵਸਤੂ-ਜਗਤ ਨਾਲ ਜਦੋਂ ਇਹ ਚਿਹਨਕੀਕਰਣ (signification) ਦੀ ਪ੍ਰਕਿਰਿਆ ਵਿਚ ਪੈਂਦਾ ਹੈ ਤਾਂ ਇਸ ਦਾ ਰੂਪ ਬਦਲ ਜਾਂਦਾ ਹੈ। ਗੁਰਬਾਣੀ ਵਿਚ ਬਾਣੀਕਾਰਾਂ ਨੇ ਇਸੇ 'ਚਿਹਨਕ' ਨੂੰ ਮਾਨਵੀ-ਵਿਹਾਰ ਦੀ ਖੜ੍ਹੋਤ ਤੋਂ ਮੁਕਤ ਕਰਕੇ, ਇਸਨੂੰ ਗਤੀਸ਼ੀਲਤਾ ਪ੍ਰਦਾਨ ਕੀਤੀ ਹੈ। ਸਮੁੱਚੇ ਬਾਣੀ-ਸੰਸਾਰ ਦੇ ਅੰਤਰਗਤ ਵਿਕਸਤ ਹੋਇਆ 'ਨਾਮ' ਤੇ 'ਸ਼ਬਦ' ਦਾ ਸਭਿਆਚਾਰ (ਜੋ ਨਿਰਗੁਣ ਤੇ ਸਰਗੁਣ ਦੋਹਾਂ ਤੋਂ ਉਪਰ ਹੈ) ਇਸੇ ਗੱਲ ਵੱਲ ਸੰਕੇਤ ਕਰਦਾ ਹੈ। ਇਸ ਸਾਰੇ ਕਾਰਜ ਨੂੰ ਬਾਣੀਕਾਰ, ਆਪਣੀ ਨਿਸ਼ਚਤ ਰਹੱਸਵਾਦੀ ਦੀ ਦ੍ਰਿਸ਼ਟੀ ਨਾਲ ਨੇਪਰੇ ਚਾੜ੍ਹਦੇ ਹਨ।

ਸਮੁੱਚੇ ਸਾਹਿਤ ਦਾ ਚਿੰਤਨ-ਮੰਨਨ ਕਰਨ ਨਾਲ ਇਹ ਵਿਚਾਰ ਦ੍ਰਿੜ੍ਹ ਹੁੰਦਾ ਹੈ ਕਿ ਮੱਧਕਾਲ ਵਿਚ ਦੋ ਵਿਸ਼ੇਸ਼ ਪ੍ਰਕਾਰ ਦੇ ਰਹੱਸਵਾਦੀ-ਸਭਿਆਚਾਰ (ਸਾਮੀ ਤੇ ਆਰੀਅਨ) ਪ੍ਰਚਲਤ ਸਨ। ਇਹ ਰਹੱਸਵਾਦ ਅੰਤਮ ਸੱਚ ਵਾਂਗ, ਪੰਜਾਬ ਦੇ ਸਮੁੱਚੇ ਜੀਵਨ-ਵਰਤਾਰੇ ਦਾ ਸਹਿਜ ਅੰਗ ਸਨ। ਮੱਧਕਾਲੀਨ ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਜੀਵਨ ਵਰਤਾਰਾ ਹੋਵੇ ਜੋ ਇਨ੍ਹਾਂ ਰਹੱਸਵਾਦੀ ਦ੍ਰਿਸ਼ਟੀਆਂ ਤੋਂ ਪਰੇਰਿਤ ਜਾਂ ਪ੍ਰਭਾਵਿਤ ਨਾ ਹੋਇਆ ਹੋਵੇ। ਇਸ ਕਾਲ ਦੀਆਂ ਸਾਰੀਆਂ ਸਭਿਆਚਾਰਕ-ਸਿਰਜਣਾਵਾਂ ਵਿਚ, ਮਨੁੱਖੀ ਜੀਵਨ-ਜਾਚ ਤੇ ਵਿਹਾਰ ਵਿਚ, ਇਸ ਗੁਰਮਤਿ ਰਹੱਸਵਾਦੀ ਵਿਸ਼ਵ-ਦ੍ਰਿਸ਼ਟੀ ਦੀ ਕਾਰਜਸ਼ੀਲਤਾ ਨੂੰ ਅਸੀਂ ਪਛਾਣ ਸਕਦੇ ਹਾਂ। ਇਥੋਂ ਤੱਕ ਕਿ ਗ਼ੈਰ-ਸ਼ਾਬਦਿਕ ਜਾਂ ਭਾਸ਼ਾ-ਅਤਰਿਕਤ ਵਰਤਾਰਿਆਂ ਵਿਚ ਵੀ ਅਸੀਂ 'ਗੁਰਮਤਿ ਰਹੱਸਵਾਦ' ਨੂੰ ਕਾਰਜਸ਼ੀਲ ਹੋਇਆ ਆਮ ਵੇਖਦੇ ਹਾਂ। ਇਹ ਗੱਲ ਸਿਰਫ਼ ਮੱਧਕਾਲ ਤੱਕ ਹੀ ਮਹਿਦੂਦ ਨਹੀਂ, ਸਗੋਂ ਅਜੋਕੇ ਵਿਗਿਆਨਕ ਯੁੱਗ ਵਿਚ ਵੀ ਅਸੀਂ ਇਸ ਰਹੱਸਵਾਦੀ ਦ੍ਰਿਸ਼ਟੀ ਤੋਂ ਪ੍ਰੇਰਿਤ ਹੁੰਦੇ ਹਾਂ। ਵਿਸ਼ੇਸ਼ ਕਰਕੇ ਜਦੋਂ ਅਸੀਂ ਕਿਸੇ ਅਹਿਮ ਦਾਰਸ਼ਨਿਕ ਜਾਂ ਵਿਗਿਆਨਕ ਮਸਲੇ ਦੇ ਅੰਤਿਮ ਨਿਰਣੇ 'ਤੇ ਪੁੱਜਣਾ ਹੁੰਦਾ ਹੈ ਤਾਂ ਅਚੇਤ-ਸੁਚੇਤ ਅਸੀਂ ਰਹੱਸਵਾਦੀ ਨੱਜ਼ਰੀਏ ਤੋਂ ਹੀ ਕੰਮ ਲੈਂਦੇ ਹਾਂ। ਗਿਆਨ-ਵਿਗਿਆਨ ਦੀ ਤਰੱਕੀ ਕਾਰਣ ਮਾਨਵ ਤੇ ਸ੍ਰਿਸ਼ਟੀ ਦੇ ਸੰਬੰਧਾਂ ਨੂੰ ਸਮਝਣ ਲਈ ਤਰਕਵਾਦ, ਭੌਤਿਕਵਾਦ ਜਾਂ ਪਦਾਰਥਵਾਦ ਜਹੇ ਕਈ ਨਵੇਂ ਸਿੱਧਾਂਤ ਹੋਂਦ ਵਿਚ ਆ ਚੁੱਕੇ ਹਨ। ਪਰ ਰਹੱਸਵਾਦੀ-ਪ੍ਰਵਿਰਤੀ, ਇਨ੍ਹਾਂ ਸਿੱਧਾਂਤਾਂ ਦੀਆਂ ਵਿਧੀਆਂ ਦੇ ਨਾਲ ਨਾਲ ਤੁਰੀ ਆ ਰਹੀ ਹੈ। ਇਥੋਂ ਹੀ ਇਸ ਦੀ ਆਪਣੀ ਵਿਸ਼ੇਸ਼ ਅਹਿਮੀਅਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਉਪਰ ਅਸੀਂ 'ਰਹੱਸਵਾਦ' ਨੂੰ ਇਕ ਵਿਸ਼ਵ-ਦ੍ਰਿਸ਼ਟੀ ਦੇ ਤੌਰ 'ਤੇ ਪੇਸ਼ ਕੀਤਾ ਹੈ। ਇਹ ਵਿਚਾਰ 'ਰਹੱਸਵਾਦ' ਉਪਰ ਪਰੰਪਰਕ ਕਿਸਮ ਦੇ ਹੋਏ ਚਿੰਤਨ ਤੋਂ ਭਿੰਨ ਹੋਣ ਕਰਕੇ, ਰਤਾ ਵਿਸਥਾਰ ਸਹਿਤ ਚਰਚਾ ਦੀ ਮੰਗ ਕਰਦਾ ਹੈ। ਪਰੰਪਰਕ ਚਿੰਤਨ ਵਿਚ ਰਹੱਸਵਾਦ ਨੂੰ ਬੁੱਧੀ ਦੇ ਵਿਰੋਧ ਵਿਚ ਰਖਣ ਦੀ ਰੁਚੀ ਪ੍ਰਬਲ ਹੈ। ਇਸ ਚਿੰਤਨ ਮੁਤਾਬਕ ਰਹੱਸਮਈ ਅਨੁਭਵ, ਬੁੱਧੀ ਦੀ ਪਕੜ ਵਿਚ ਨਹੀਂ ਆ ਸਕਦਾ। ਬੁੱਧੀ ਲਈ ਰਹੱਸ ਇਕ ਪ੍ਰਕਾਰ ਦਾ ਬੰਦ ਭੇਤ ਹੈ — ਭਾਵ, ਰਹੱਸ ਹੈ। ਇਸ ਸੰਬੰਧ ਵਿਚ ਸਾਡਾ ਮੱਤ ਇਹ ਹੈ ਕਿ ਰਹੱਸਵਾਦ, ਬੁੱਧੀ ਦਾ ਵਿਰੋਧੀ ਨਹੀਂ ਸਗੋਂ ਉਸ ਦਾ ਪੂਰਕ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


'ਰਹੱਸਵਾਦ' ਨੂੰ ਅਸੀਂ ਗਿਆਨ ਨਾਲੋਂ ਅਲੱਗ ਨਹੀਂ ਕਰ ਸਕਦੇ। ਇਹ (intuition) ਦੀ ਪੱਧਰ 'ਤੇ ਵਿਕਸਤ ਹੋਇਆ ਗਿਆਨ ਹੈ, ਜੋ ਤਰਕਵਾਦੀ ਜਾਂ ਭੌਤਿਕਵਾਦੀ ਗਿਆਨ ਤੋਂ ਭਿੰਨ ਪ੍ਰਕਾਰ ਦਾ ਜ਼ਰੂਰ ਹੈ। 'ਰਹੱਸਵਾਦ' ਨੂੰ ਬੁੱਧੀ, ਜਾਂ ਗਿਆਨ ਨਾਲੋਂ ਨਿਖੇੜ ਕੇ ਪੇਸ਼ ਕਰਨਾ, ਰਹੱਸਵਾਦੀ-ਸਿੱਧਾਂਤ ਨਾਲ ਅਨਿਆਂ ਕਰਨ ਵਾਲੀ ਗੱਲ ਹੈ। 'ਆਦਿ-ਗ੍ਰੰਥ' ਦਾ ਸਮੁੱਚਾ ਬਾਣੀ-ਸੰਸਾਰ ਇਸ ਵਿਚਾਰ ਦੀ ਪੁਸ਼ਟੀ ਲਈ ਪ੍ਰਤੱਖ ਮਿਸਾਲ ਹੈ। ਇਸ ਬਾਣੀ-ਸੰਸਾਰ ਵਿੱਚੋਂ ਵਿਕਸਤ ਹੋਣ ਵਾਲਾ 'ਗੁਰਮਤਿ ਰਹੱਸਵਾਦ' ਕਿਧਰੇ ਵੀ ਬੁੱਧੀ ਜਾਂ ਗਿਆਨ ਦਾ ਵਿਰੋਧੀ ਨਹੀਂ। ਸਗੋਂ ਇਸ ਵਿਚ 'ਬੁੱਧੀ' ਤੇ 'ਗਿਆਨ' ਸ਼ਾਮਲ ਹਨ। ਜਦੋਂ ਗੁਰੂ ਨਾਨਕ ਦੇਵ ਜੀ ਜੁਗਾਂ-ਜੁਗਾਂਤਰਾਂ ਤੋਂ ਚਲੇ ਆ ਰਹੇ ਧਾਰਮਕ ਕਰਮ-ਕਾਂਡਾਂ ਨੂੰ "ਗਿਆਨ ਵਿਹੂਣਾ ਗੀਤ" ਕਰਾਰ ਦਿੰਦੇ ਹਨ ਤਾਂ ਬੁੱਧੀ ਤੇ ਗਿਆਨ ਸੰਬੰਧੀ ਉਨ੍ਹਾਂ ਦਾ ਨੱਜ਼ਰੀਆ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ। ਇਸ ਵਿਚਾਰ ਦੀ ਹੋਰ ਪੁਸ਼ਟੀ ਲਈ ਬਾਣੀ-ਸੰਸਾਰ ਵਿੱਚੋਂ ਹੇਠ ਲਿਖੀਆਂ ਤੁੱਕਾਂ ਮਿਸਾਲ ਵਜੋਂ ਹਾਜ਼ਰ ਹਨ :—

"ਜਿਉ ਅੰਧੇਰੈ ਦੀਪਕ ਬਾਲੀਐ,
ਤਿਉ ਗੁਰੁ ਗਿਆਨ ਅਗਿਆਨ ਤਜਾਇ ॥" (ਸਿਰੀ ਰਾਗ ਮ: ੩)

"ਅੰਤਰ ਗਿਆਨ ਨਾ ਆਇਓ ਮਿਰਤਕ ਹੈ ਸੰਸਾਰ ॥"
(ਮ: ੩, ਵਾਰ ਸਿਰੀ ਰਾਗ)

"ਗਿਆਨ ਅੰਜਨ ਗੁਰੁ ਦੀਆ, ਅਗਿਆਨ ਅੰਧੇਰ ਬਿਨਾਸ,
ਹਰਿ ਕਿਰਪਾ ਤੇ ਸੰਤ ਭੇਟਿਆ, ਨਾਨਕ ਮਨ ਪਰਗਾਸ ॥"
(ਗਉੜੀ ਸੁਖਮਨੀ, ਮਹਲਾ ੫)

"ਗਿਆਨ ਅੰਜਨ ਜਾਕੀ ਨੇਤ੍ਰੀ ਪੜਿਆ,
ਤਾਕਉ ਸਰਬ ਪ੍ਰਗਾਸਾ ॥" (ਸੋਰਠ ਮ: ੫)

"ਜਿਨ ਕਰ ਉਪਦੇਸ ਗਿਆਨ ਅੰਜਨ ਦੀਆ,
ਇਨੀ ਨੇਤ੍ਰੀ ਜਗਤ ਨਿਹਾਲਿਆ ॥" (ਵਾਰ ਆਸਾ, ਪਉੜੀ)

"ਅੰਧਕਾਰ ਸੁਖ ਕਬਹੂ ਨਾ ਸੋਈ ਹੈ।
ਰਾਜਾ ਰੰਕ ਦੋਊ ਮਿਲ ਰੋਈ ਹੈ।"
(ਗਉੜੀ, ਕਬੀਰ)

ਭਗਤ ਨਾਮ ਦੇਵ ਜੀ ਤਾਂ ਇਥੋਂ ਤੱਕ ਕਹਿ ਜਾਂਦੇ ਹਨ ਕਿ "ਜਿਨ ਕੇ ਭੀਤਰ ਹੈ ਅੰਤਰਾ, ਜੈਸੇ ਪਸੁ ਤੈਸੇ ਉਇ ਨਰਾ" ਭਾਵ, ਜਿਸ ਦੇ ਅੰਦਰ ਅਗਿਆਨ ਹੈ ਉਹ ਨਰ, ਪਸ਼ੂ ਸਮਾਨ ਹੀ ਹੈ। ਗੁਰਬਾਣੀ ਵਿੱਚੋਂ ਅਜਿਹੀਆਂ ਹੋਰ ਵੀ ਬੇਅੰਤ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਗਿਆਨ ਤੇ ਬੁੱਧੀ ਦੀ ਮਹੱਤਤਾ ਉਜਾਗਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੁੰਦੀ ਹੈ। ਸੋ ਸਪੱਸ਼ਟ ਹੈ ਕਿ 'ਗੁਰਮਤਿ ਰਹੱਸਵਾਦ' ਦੇ ਅੰਤਰਗਤ, ਗਿਆਨ ਨੂੰ ਸਮੁੱਚੇ ਮਨੁੱਖੀ-ਵਿਹਾਰ ਨਾਲ ਜੋੜਨ ਦਾ ਯਤਨ ਸ਼ਾਮਲ ਹੈ। ਸਮੁੱਚੇ ਬਾਣੀ-ਸੰਸਾਰ ਵਿਚ ਗਿਆਨ ਨੂੰ ਅਗਿਆਨਤਾ ਦੇ ਵਿਰੋਧ ਵਿਚ ਰਖਿਆ ਗਿਆ ਹੈ। ਪਰ ਇਹ ਗਿਆਨ, ਕਰਮਕਾਂਡੀ ਗਿਆਨ ਨਾਲੋਂ ਭਿੰਨ ਹੈ। ਕੁੱਲ ਮਿਲਾ ਕੇ ਇਥੇ 'ਗੁਰ ਗਿਆਨ', 'ਅੰਤਰ-ਗਿਆਨ' ਤੇ 'ਦੈਵੀ ਗਿਆਨ' ਨੂੰ ਹੀ ਸਰਵ ਉੱਚ ਪੱਦਵੀ ਮਿਲੀ ਹੈ। ਅਜਿਹੇ ਵਿਸ਼ੇਸ਼ ਗਿਆਨ ਦੀ ਪ੍ਰਾਪਤੀ ਲਈ 'ਸੁਰਤਿ, ਮਤਿ, ਮਨਿ, ਬੁਧਿ ਦੀ ਘਾੜਤ ਲਾਜ਼ਮੀ ਹੈ। ਇਸ ਪ੍ਰਕਿਰਿਆ ਵਿਚ ਪੈਣ ਨਾਲ ਗਿਆਨ ਪ੍ਰਚੰਡ ਹੁੰਦਾ ਹੈ, 'ਬ੍ਰਹਮ' ਅਤੇ 'ਆਪੇ' ਦੀ ਸੋਝੀ ਹੁੰਦੀ ਹੈ। 'ਗੁਰਮਤਿ ਰਹੱਸਵਾਦ' ਜਦੋਂ ਸਭਿਆਚਾਰ ਨੂੰ ਆਪਣੇ ਅੰਤਰਗਤ ਲੈਂਦਾ ਹੈ ਤਾਂ ਗਿਆਨ ਤੇ ਮਾਨਵੀ ਵਿਹਾਰ ਇਕਮਿਕ ਹੁੰਦੇ ਹਨ ਤਾਂ ਵਿਗਾਸ ਦੀ ਅਵੱਸਥਾ ਹੋਂਦ ਵਿਚ ਆਉਂਦੀ ਹੈ। ਇਸ ਸਥਿਤੀ 'ਤੇ ਪੁੱਜ ਕੇ ਮਨੁੱਖੀ ਸ਼ਖ਼ਸੀਅਤ ਵਿਚ ਇਕ ਜ਼ਬਰਦਸਤ ਰੂਪਾਂਤਰਣ (transformation) ਵਾਪਰਦਾ ਹੈ ਅਤੇ ਇਸ ਵਿਚ ਇਕ ਅਜੀਬ ਕਿਸਮ ਦਾ ਨਿਖਾਰ ਆਉਂਦਾ ਹੈ। ਇਸ ਅਵੱਸਥਾ ਦਾ ਜ਼ਿਕਰ ਬਾਣੀ-ਸੰਸਾਰ ਵਿਚ ਇਉਂ ਹੋਇਆ ਹੈ :—

"ਸੋਇ ਸੁਵੰਦੜੀ ਮੇਰਾ ਤਨ ਮਨੁ ਮਉਲਾ,
ਨਾਮ ਜਪੰਦੜੀ ਲਾਲੀ ॥
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ,
ਗੁਰ ਦਰਸਨ ਦੇਖਿ ਨਿਹਾਲੀ ॥' (ਸਲੋਕ ਮਹਲਾ ੫)

ਸੋ, ਸਪੱਸ਼ਟ ਹੈ ਕਿ 'ਗੁਰਮਤਿ ਰਹੱਸਵਾਦ' ਦੇ ਅੰਤਰਗਤ ਰਹੱਸਵਾਦ ਅਤੇ ਬੁੱਧੀ ਜਾਂ ਗਿਆਨ ਦੋ ਵੱਖੋ ਵੱਖਰੇ ਖੇਤਰ ਨਹੀਂ, ਸਗੋਂ ਦੋਵੇਂ ਇਕ ਦੂਸਰੇ ਵਿਚ ਰਚੇ-ਮਿੱਚੇ ਹੋਏ ਹਨ। 'ਰਹੱਸਵਾਦ' ਤਾਂ ਸ੍ਰਿਸ਼ਟੀ ਤੇ ਮਨੁੱਖ ਦੇ ਆਪਸੀ ਸੰਬੰਧਾਂ ਨੂੰ ਸਮਝਣ ਦਾ ਇਕ ਨੱਜ਼ਰੀਆ ਹੈ, ਇਕ ਜੀਵਨ-ਦ੍ਰਿਸ਼ਟੀ ਜਾਂ ਵਿਸ਼ਵ-ਦ੍ਰਿਸ਼ਟੀ ਹੈ। ਯਾਦ ਰਹੇ ਕਿ ਵਿਸ਼ਵ-ਦ੍ਰਿਸ਼ਟੀ ਕਦੇ ਵੀ ਚਿੰਤਨ-ਵਿਹੂਣੀ ਨਹੀਂ ਹੁੰਦੀ।

'ਰਹੱਸਵਾਦ' ਸੰਬੰਧੀ ਪ੍ਰਾਪਤ ਚਿੰਤਨ ਦੇ ਅੰਤਰਗਤ ਇਹ ਨੁਕਤਾ ਵੀ ਉੱਚੀ ਆਵਾਜ਼ ਵਿਚ ਬਾਰ ਬਾਰ ਬੁਲੰਦ ਹੁੰਦਾ ਰਿਹਾ ਹੈ ਕਿ ਰਹੱਸਾਤਮਕ-ਅਨੁਭਵ ਅਕੱਥ ਹੈ ਜੋ ਕਥਿਆ ਨਹੀਂ ਜਾ ਸਕਦਾ। ਇਹ ਛਿਣ-ਭੰਗਰ ਅਨੁਭਵ ਵਿਸ਼ੇਸ਼-ਅਰਥੀ ਹੁੰਦਾ ਹੈ ਅਤੇ ਭਾਸ਼ਾ ਰਾਹੀਂ ਪਰਗਟ ਨਹੀਂ ਹੋ ਸਕਦਾ। ਇਸ ਸੰਬੰਧ ਵਿਚ ਮੈਂ ਸੰਕੇਤ ਮਾਤਰ ਇਹ ਕਹਿਣਾ ਜ਼ਰੂਰੀ ਸਮਝਦਾ ਹਾਂ ਕਿ ਭਾਸ਼ਾ ਬਿਨਾਂ ਮਨੁੱਖ ਦਾ ਕੋਈ ਚਾਰਾ ਨਹੀਂ। ਭਾਸ਼ਾ, ਹਰ ਮਨੁੱਖੀ-ਵਰਤਾਰੇ ਦੇ ਕੇਂਦਰ ਵਿਚ ਪਈ ਹੁੰਦੀ ਹੈ। ਭਾਸ਼ਾ ਬਿਨਾਂ ਮਨੁੱਖ ਨਾ ਤਾਂ ਕੁਝ ਸੋਚ ਸਕਦਾ ਹੈ, ਨਾ ਸੰਕਲਪਣਾ ਕਰ ਸਰਦਾ ਹੈ। ਅਤੇ ਨਾ ਹੀ ਵੇਖਿਆ ਬਿਆਨ ਕਰ ਸਕਦਾ ਹੈ। ਸਾਰੇ ਬਾਣੀਕਾਰਾਂ ਨੇ 'ਬ੍ਰਹਮ' ਨੂੰ ਭਾਸ਼ਾ ਰਾਹੀਂ ਹੀ ਸੰਕਲਪਿਆ ਤੇ ਬਿਆਨਿਆ ਹੈ। ਬ੍ਰਹਮ ਦੀ ਬੇਅੰਤਤਾ ਲਈ ਜਦੋਂ ਅਗੰਮ, ਅਗੋਚਰ, ਅਲੱਖ, ਅਪਾਰਾ ਆਦਿ ਵਿਸ਼ੇਸ਼ਣ ਵਰਤੇ ਗਏ ਤਾਂ ਇਹ ਸਾਰਾ ਕੰਮ ਭਾਸ਼ਾ ਰਾਹੀਂ ਹੀ ਨੇਪਰੇ ਚੜ੍ਹਿਆ। ਜਦੋਂ ਸਾਡੇ ਵਿਦਵਾਨ ਰਹੱਸਾਤਮਕ-ਅਨੁਭਵ ਨੂੰ 'ਅਕੱਥ' ਕਹਿੰਦੇ ਹਨ ਜਾਂ ਗੂੰਗੇ ਦੀ ਮਠਿਆਈ ਨਾਲ ਤੁਲਨਾ ਦਿੰਦੇ ਹਨ ਤਾਂ ਇਹ ਸਭ ਕੁਝ ਭਾਸ਼ਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਰਾਹੀਂ ਹੀ ਸੰਭਵ ਹੋਇਆ ਹੈ। ਸਮੇਂ ਸਮੇਂ ਸਿੱਖ ਗੁਰੂ ਸਾਹਿਬਾਨ, ਭਗਤ ਤੇ ਸੂਫ਼ੀ ਸੰਤ ਆਦਿ ਇਸ 'ਅਕੱਥ' ਬ੍ਰਹਮ ਨੂੰ; ਮਨੁੱਖ ਦੀ ਸੰਜੋਗੀ ਤੇ ਵਿਯੋਗੀ ਅਵੱਸਥਾ ਨੂੰ ਭਿੰਨ ਭਿੰਨ ਪ੍ਰਤੀਕਾਂ, ਬਿੰਬਾਂ, ਅਲੰਕਾਰਾਂ ਰਾਹੀਂ ਕਥਦੇ ਰਹੇ ਹਨ।

'ਗੁਰਮਤਿ ਰਹੱਸਵਾਦ' ਦੇ ਅੰਤਰਗਤ ਮਨੁੱਖ, ਬ੍ਰਹਮ ਅਤੇ ਬ੍ਰਹਿਮੰਡ ਜਾਂ ਸ੍ਰਿਸ਼ਟੀ ਦੇ ਆਪਸੀ ਸੰਬੰਧਾਂ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਬਾਣੀਕਾਰ, ਇਨ੍ਹਾਂ ਸੰਬੰਧਾਂ ਦੇ ਉਲੇਖ ਲਈ ਦੰਪਤੀ-ਪ੍ਰੇਮ ਤੇ ਰਾਜ ਦਰਬਾਰ-ਦੇ ਰੂਪਕਾਂ ਦੀ ਵਰਤੋਂ ਕਰਦੇ ਅਕਸਰ ਦੇਖੇ ਜਾਂਦੇ ਹਨ। ਮਨੁੱਖ ਤੇ ਬ੍ਰਹਮ ਲਈ 'ਦੰਪਤੀ'-ਪ੍ਰੇਮ' ਦਾ ਰੂਪਕ ਅਤੇ ਬ੍ਰਹਿਮੰਡ ਜਾਂ ਸ੍ਰਿਸ਼ਟੀ ਲਈ 'ਰਾਜ ਦਰਬਾਰ' ਦਾ ਰੂਪਕ ਸਮੁੱਚੇ ਬਾਣੀ ਸੰਸਾਰ ਵਿਚ ਥਾਂ ਥਾਂ ਵਰਤਿਆ ਗਿਆ ਹੈ।

DONATION

"ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰ ॥
ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰ ॥"

(ਮਹਲਾ ੫)

"ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥"

(ਸਲੋਕ)

"ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਦੀਜੈ ਡਾਹਿ ॥
ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀਂ ਸੋ ਪਿੰਜਰ ਲੈ ਜਾਹਿ ॥"

(ਸਲੋਕ ਮਹਲਾ ੨)

"ਸਚੀ ਤੇਰੀ ਸਿਫ਼ਤਿ ਸਚੀ ਸਾਲਾਹ ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥"

(ਸਲੋਕ ਮ: ੧)

"ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥ ੩ ॥"

(ਜਪੁਜੀ)

ਦੰਪਤੀ-ਪ੍ਰੇਮ ਦੇ ਰੂਪਕ ਵਿਚ ਪਤੀ-ਪਤਨੀ, ਸ਼ਹੁ-ਸੁਹਾਗਣ ਤੇ ਨਾਰ-ਕੰਤ ਦੇ ਸੰਬੰਧਾਂ ਰਾਹੀਂ ਮਨੁੱਖ ਨੂੰ ਬ੍ਰਹਮ ਨਾਲ ਜੁੜਣ ਦੀ ਪ੍ਰੇਰਣਾ ਦਿੱਤੀ ਗਈ ਹੈ ਅਤੇ 'ਰਾਜਸੀ ਦਰਬਾਰ' ਦੇ ਰੂਪਕ ਅਨੁਸਾਰ, ਬ੍ਰਹਮ ਜਾਂ ਨਿਰੰਕਾਰ ਇਕ 'ਹਾਕਮ' ਜਾਂ 'ਪਾਤਸ਼ਾਹ' ਹੈ, 'ਸੱਚਾ ਪਾਤਸ਼ਾਹ' ਜੋ ਦੈਵੀ-ਦਰਬਾਰ ਵਿਚ ਬੈਠਾ ਆਪਣੇ ਹੁਕਮ ਅਨੁਸਾਰ ਸ੍ਰਿਸ਼ਟੀ ਜਾਂ ਬ੍ਰਹਿਮੰਡ ਨੂੰ ਚਲਾ ਰਿਹਾ ਹੈ। ਇਥੇ 'ਹੁਕਮ' ਇਕ ਸਾਂਝਾ ਤੱਤ ਹੈ। ਦੋਹਾਂ ਸੰਬੰਧਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਿਚ ਹੁਕਮ ਦੀ ਪਾਲਣਾ ਲਾਜ਼ਮੀ ਹੈ । ਗਹੁ ਨਾਲ ਵਾਚਿਆਂ ਪਤਾ ਚਲਦਾ ਹੈ ਕਿ 'ਗੁਰਮਤਿ ਰਹੱਸਵਾਦ' ਦੇ ਅੰਤਰਗਤ 'ਹੁਕਮ' ਦਾ ਸੰਕਲਪ, ਕੇਂਦਰੀ ਮਹੱਤਵ ਰਖਦਾ ਹੈ । ਇਸ ਅਨੁਸਾਰ, ਸਚਿਆਰਾ ਬਣਨ ਦੀ ਨਿਸ਼ਚਤ ਵਿਧੀ ਹੈ—'ਹੁਕਮ' ਮੰਨਣਾ । ਮਿਸਾਲ ਦੇ ਤੌਰ 'ਤੇ 'ਜਪੁਜੀ' ਬਾਣੀ ਦਾ ਮੁਖ ਥੀਮ ਇਨ੍ਹਾਂ ਪੰਕਤੀਆਂ ਵਿਚ ਦਰਜ ਹੈ :—

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥" (ਜਪੁਜੀ)

ਪਹਿਲੀ ਪੰਕਤੀ ਵਿਚ ਮੁਖ ਪ੍ਰਸ਼ਨ, ਸਚਿਆਰਾ ਹੋਣ ਦੀ ਵਿਧੀ ਜਾਂ ਜੁਗਤ ਨਾਲ ਸੰਬੰਧਤ ਹੈ । ਇਥੇ ਜ਼ੋਰ 'ਕਿਵ' ਉਪਰ ਹੈ । ਅੱਗਲੀ ਪੰਕਤੀ ਵਿਚ ਗੁਰੂ ਸਾਹਿਬ 'ਸਚਿਆਰਾ' ਹੋਣ ਦੀ ਨਿਸ਼ਚਤ ਵਿਧੀ ਜਾਂ ਜੁਗਤ 'ਹੁਕਮਿ ਰਜਾਈ ਚਲਣਾ' ਵੀ ਸੁਝਾਉਂਦੇ ਹਨ । ਇਹ ਕੇਵਲ 'ਜਪੁਜੀ' ਸਾਹਿਬ ਦਾ ਹੀ ਨਹੀਂ; ਸਗੋਂ ਸਮੁੱਚੇ ਬਾਣੀ-ਸੰਸਾਰ ਦਾ ਵੀ ਕੇਂਦਰੀ 'ਥੀਮ' ਹੈ, 'ਹੁਕਮ' ਦੀ ਮਹੱਤਾ ਨੂੰ ਦੁਹਰਾਉਂਦੇ ਹੋਏ ਗੁਰੂ ਸਾਹਿਬ ਇਥੋਂ ਤੱਕ ਕਹਿ ਜਾਂਦੇ ਹਨ :—

"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ (ਜਪੁਜੀ ॥ ੨ ॥

ਇਥੇ ਸ੍ਰਿਸ਼ਟੀ ਤੇ ਜੀਵਾਂ ਦੀ ਉਤਪਤੀ ਤੋਂ ਲੈ ਕੇ, ਜੀਵਾਂ ਦੇ ਦੁਖਾਂ-ਸੁਖਾਂ, ਵਡਿਆਈ, ਬਖਸ਼ਸ਼ ਤੱਕ ਦੇ ਸਾਰੇ ਮਨੁੱਖੀ-ਵਰਤਾਰੇ ਨੂੰ 'ਹੁਕਮ' ਨਾਲ ਜੋੜਣ ਦਾ ਯਤਨ ਹੈ । ਸਾਰੀ ਸ੍ਰਿਸ਼ਟੀ ਤੇ ਮਨੁੱਖੀ ਕਾਰ-ਵਿਹਾਰ ਨੂੰ ਨਿਰੰਕਾਰ ਦੇ 'ਹੁਕਮ' ਅਨੁਸਾਰ ਪ੍ਰਤੱਖ ਕਰਨਾ 'ਗੁਰਮਤਿ ਰਹੱਸਵਾਦ' ਦਾ ਕੇਂਦਰੀ ਨੁਕਤਾ ਹੋ ਨਿਬੜਦਾ ਹੈ । ਅੱਗੇ ਚਲ ਕੇ ਗੁਰੂ ਸਾਹਿਬ 'ਹੁਕਮ' ਤੇ ਹਉਮੈ ਦਾ ਨਿਸਤਾਰਾ ਕਰਦੇ ਹਨ । ਉਨ੍ਹਾਂ ਅਨੁਸਾਰ 'ਹੁਕਮ' ਬੁਝਣ ਨਾਲ 'ਹਉਮੈ' ਦਾ ਨਾਸ਼ ਹੁੰਦਾ ਹੈ । ਗੁਰੂ ਸਾਹਿਬ 'ਹੁਕਮ ਤੇ ਹਉਮੈ' ਦੀ ਇਕ ਅਜਿਹੀ ਬ੍ਰਹਿਮੰਡੀ ਲੀਲਾ ਤੋਂ' ਲੈ ਕੇ ਸਮੁੱਚੇ ਮਨੁੱਖੀ ਵਿਹਾਰ ਦਾ ਰਹੱਸਵਾਦੀ-ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕਰਦੇ ਚਲੇ ਜਾਂਦੇ ਹਨ :—

ਸਲੋਕੁ ਮ: ੧ ॥
ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥
ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥ (ਆਸਾ ਦੀ ਵਾਰ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਮਹਲ : ੨

''ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ (ਆਸਾ ਦੀ ਵਾਰ)

'ਹੁਕਮ' ਤੇ 'ਹਉਮੈ' ਦਾ ਇਹ ਰਹੱਸ ਸਮੁੱਚੇ ਗੁਰਮਤਿ-ਕਾਵਿ ਦੇ ਅੰਤਰਗਤ ਬਾਰ ਬਾਰ ਪਰਗਟ ਹੋਇਆ ਹੈ। ਬਾਣੀਕਾਰਾਂ ਨੇ 'ਹਉਮੈ' ਨੂੰ 'ਹੁਕਮ' ਦੇ ਵਿਰੋਧ ਵਿਚ ਰਖ ਕੇ ਨਿਸਤਾਰਾ ਕੀਤਾ ਅਤੇ 'ਹੁਕਮ' ਦੀ ਮਹੱਤਾ ਨੂੰ ਉਘਾੜਿਆ ਹੈ। ਗੁਰਬਾਣੀ ਵਿਚ ਕਈ ਥਾਂਈਂ 'ਹਉਮੈ' ਦਾ ਨਾਕਾਰਾਤਮਕ ਪੱਖ ਪ੍ਰਚੰਡ ਰੂਪ ਵਿਚ ਪਰਗਟ ਹੋਇਆ ਹੈ। 'ਗੁਰਮਤਿ ਰਹੱਸਵਾਦ' ਵਿਚ 'ਨਾਮ' ਨੂੰ ਸਭ ਤੋਂ ਉਪਰ ਰਖਿਆ ਗਿਆ ਹੈ। ਗੁਰਬਾਣੀ ਵਿੱਚੋਂ ਇਹ ਸੂਚਨਾ ਵੀ ਮਿਲਦੀ ਹੈ ਕਿ 'ਹੁਕਮ' ਨੂੰ ਜਾਣੇ ਬਿਨਾਂ 'ਨਾਮ' ਨੂੰ ਨਹੀਂ ਜਪਿਆ ਜਾ ਸਕਦਾ। ਦੈਵੀ-ਹੁਕਮ ਦੇ ਰਾਹ 'ਤੇ ਚਲਣ ਵਾਲੇ ਬੰਦੇ ਨੂੰ ਹੀ 'ਭੈ' ਤੋਂ 'ਭਾਉ' ਤੱਕ ਦਾ ਸਫ਼ਰ ਤੈਅ ਹੁੰਦਾ ਹੈ। 'ਭੈ' ਤੋਂ ਹੀ ਭਾਉ ਜਾਂ 'ਪ੍ਰੇਮ' ਉਪਜਦਾ ਹੈ ਅਤੇ ਇਹੀ ਪ੍ਰੇਮ ਨਿਰੰਕਾਰ ਦੀ ਪ੍ਰਾਪਤੀ ਦਾ ਵਸੀਲਾ ਬਣਦਾ ਹੈ :—

''ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥੨੯॥''
(ਤ੍ਵਪ੍ਰਸਾਦਿ ਸਵੱਯੇ)

'ਆਸਾ ਦੀ ਵਾਰ' ਬਾਣੀ ਵਿਚ ਗੁਰੂ ਨਾਨਕ ਸਾਹਿਬ ਸਮੁੱਚੀ ਬ੍ਰਹਿਮੰਡੀ ਲੀਲਾ ਦੇ ਅੰਤਰਗਤ 'ਭੈ' ਨੂੰ ਇਕ ਨੇਮ ਵਾਂਗ ਕਾਰਜਸ਼ੀਲ ਹੋਇਆ ਮਹਿਸੂਸ ਕਰਦੇ ਹਨ। ਉਨ੍ਹਾਂ ਦਾ ਰਹੱਸਵਾਦੀ ਨਜ਼ਰੀਆ ਪੌਣ, ਪਾਣੀ, ਅੱਗ, ਧਰਤੀ, ਸੂਰਜ, ਚੰਨ ਆਦਿ ਪ੍ਰਕਿਰਤਕ ਵਸਤਾਂ ਤੋਂ ਲੈ ਕੇ ਸਿਧ, ਬੁਧ, ਨਾਥ, ਮਹਾਂਬਲੀ, ਸੂਰਮਿਆਂ ਤੱਕ ਸਭ ਨੂੰ 'ਭੈ' ਦੇ ਅਧੀਨ ਕੰਮ ਕਰਦਾ ਸਵੀਕਾਰ ਕਰਦਾ ਹੈ। ਮਸਲਨ :—

ਸਲੋਕ ਮ: ੧॥

''ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥
ਭੈ ਵਿਚਿ ਆਡਾਣੇ ਆਕਾਸ ।'' (ਆਸਾ ਦੀ ਵਾਰ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



'ਭੈ' ਤੋਂ 'ਭਾਉ' ਤੱਕ ਦਾ ਇਹ ਸਫ਼ਰ ਸਾਧਕ ਦੀ ਆਪਣੀ ਸ਼ਖ਼ਸੀਅਤ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਦਾ ਹੈ। ਉਸ ਦੀ ਸ਼ਖ਼ਸੀਅਤ ਵਿਚ ਇਕ ਜ਼ਬਰਦਸਤ ਰੂਪਾਂਤਰਣ ਵਾਪਰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਉਸ ਨੂੰ ਸਾਰੀ ਸ੍ਰਿਸ਼ਟੀ 'ਵਿਸਮਾਦ ਰੂਪ' ਹੋਈ ਪ੍ਰਤੀਤ ਹੁੰਦੀ ਹੈ :—

ਸਲੋਕ ਮ: ੧॥

''ਵਿਸਮਾਦੁ ਨਾਦ ਵਿਸਮਾਦੁ ਵੇਦ ॥
ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥'' (ਆਸਾ ਦੀ ਵਾਰ)

ਅਜਿਹੀ 'ਵਿਸਮਾਦ' ਅਵੱਸਥਾ 'ਤੇ ਪੁੱਜੇ ਹੋਏ ਸਾਧਕ ਨੂੰ ਸਾਰੀ ਕੁਦਰਤ ਦੈਵੀ ਰੂਪ ਨਜ਼ਰ ਆਉਂਦੀ ਹੈ ਅਤੇ ਉਹ 'ਕਾਦਰ' ਨੂੰ 'ਕੁਦਰਤ' ਵਿਚ ਰੰਮਿਆ ਹੋਇਆ ਮਹਿਸੂਸ ਕਰਦਾ ਹੈ :—

''ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸਕੈ ਚਾਨਣਿ ਸਭ ਮਹਿ ਚਾਨਣੁ ਹੋਇ ।'' (ਧਨਾਸਰੀ ਮ: ੧, ਆਰਤੀ)

''ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ॥
ਅਕਲ ਕਲਾ ਭਰਪੂਰਿ ਰਹਿਆ ॥'' (ਸਲੋਕ ਮ: ੧)

''ਤੂੰ ਦਰੀਆਉ ਸਭ ਤੁਝ ਹੀ ਮਾਹਿ ॥
ਤੁਝ ਤਿਨੁ ਦੂਜਾ ਕੋਈ ਨਾਹਿ ॥ (ਆਸਾ ਮਹਲਾ ੪)

ਇਉਂ ਬਾਣੀਕਾਰ ਆਪਣੇ ਰਹੱਸਵਾਦੀ ਸਿਧਾਂਤ ਦੀ ਪੇਸ਼ਕਾਰੀ ਲਈ 'ਖੰਡਾਂ-ਬ੍ਰਹਿਮੰਡਾਂ' ਤੋਂ ਗੱਲ ਸ਼ੁਰੂ ਕਰਕੇ 'ਬ੍ਰਹਮ' ਤੱਕ ਲੈ ਜਾਂਦੇ ਹਨ। ਵਿਚ ਵਿਚਾਲੇ ਮਨੁੱਖੀ ਵਿਹਾਰ ਦੇ ਭਿੰਨ ਭਿੰਨ ਪਹਿਲੂਆਂ ਅਤੇ ਮਾਨਵੀ ਸਭਿਆਚਾਰ ਦਾ ਵਿਸ਼ਵ-ਦ੍ਰਿਸ਼ਟੀ ਵਾਲਾ ਚਿਹਰਾ ਵੀ ਘੜਦਾ ਹੈ। ਇਸੇ ਵਿੱਚੋਂ ਹੀ ਮਨੁੱਖੀ-ਸਭਿਆਚਾਰ ਤੇ ਖ਼ਾਸ ਕਰਕੇ ਪੰਜਾਬ ਦੇ ਸ਼ਬਦ-ਸਭਿਆਚਾਰ ਦਾ ਨਵਾਂ ਨਿਰਮਾਣ ਹੁੰਦਾ। ਸਭਿਆਚਾਰ ਦੇ ਨਿਰਮਾਣ ਕਾਰਨ ਹੀ ਬਾਣੀਕਾਰਾਂ ਨੇ ਸਮੇਂ ਸਮੇਂ ਕਈ ਸਮਾਜਕ, ਧਾਰਮਕ, ਰਾਜਨੀਤਕ ਤੇ ਸਭਿਆਚਾਰਕ ਵੰਗਾਰਾਂ ਦਾ ਸਾਹਮਣਾ ਕੀਤਾ ਅਤੇ ਆਪਣੀ ਰਹੱਸਵਾਦੀ ਵਿਸ਼ਵ-ਦ੍ਰਿਸ਼ਟੀ ਤੋਂ ਇਨ੍ਹਾਂ ਵੰਗਾਰਾਂ ਜਾਂ ਚੁਣੌਤੀਆਂ ਦਾ ਪ੍ਰਤੀਉੱਤਰ ਵੀ ਦਿੱਤਾ। ਸਮੁੱਚੀ ਬ੍ਰਹਿਮੰਡੀ ਚੇਤਨਾ ਤੋਂ ਲੈ ਕੇ ਮਨੁੱਖੀ ਵਿਹਾਰ ਤੇ ਕਿਰਦਾਰ ਤੱਕ ਦੇ ਸਾਰੇ ਵੇਰਵਿਆਂ ਨੂੰ ਗੁਰਬਾਣੀ ਨੇ ਦਿੱਬਤਾ ਨਾਲ ਜੋੜ ਦਿੱਤਾ। ਇਹ ਪ੍ਰਕਿਰਿਆ ਸਮੁੱਚੇ ਬਾਣੀ-ਸੰਸਾਰ ਵਿਚ ਨਿਰੰਤਰ ਚਲਦੀ ਦੇਖੀ ਜਾਂਦੀ ਹੈ।

ਹੁਣ ਸਾਡੇ ਦਰਪੇਸ਼ ਮੂਲ ਮਸਲਾ 'ਗੁਰਮਤਿ ਰਹੱਸਵਾਦ' ਦੀ ਆਪਣੀ ਨਵੇਕਲੀ ਪਛਾਣ ਦਾ ਹੈ। ਜਿਵੇਂ ਕਿ ਅਸੀਂ ਸ਼ੁਰੂ ਵਿਚ ਕਿਹਾ ਸੀ ਕਿ 'ਆਦਿ-ਗ੍ਰੰਥ' ਵਿਚ ਦਰਜ ਗੁਰਬਾਣੀ ਹੀ 'ਗੁਰਮਤਿ' ਦਾ ਬੁਨਿਆਦੀ ਅਧਾਰ ਹੈ। ਗੁਰਬਾਣੀ ਨੇ ਜਿਥੇ ਮਨੁੱਖੀ ਤਹਿਜ਼ੀਬ ਤੇ ਪੰਜਾਬ ਦੇ ਸ਼ਬਦ-ਸਭਿਆਚਾਰ ਦੇ ਨਿਰਮਾਣ ਵਿਚ ਅਹਿਮ ਭੂਮਿਕਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਨਿਭਾਈ, ਉਥੇ ਪ੍ਰਾਚੀਨ ਅਧਿਆਤਮਿਕਤਾ ਨੂੰ ਪ੍ਰਾਸੰਗਿਕਤਾ ਪ੍ਰਦਾਨ ਕਰਨ ਵਿਚ ਆਪਣਾ ਢੁੱਕਵਾਂ ਰੋਲ ਵੀ ਅਦਾ ਕੀਤਾ। ਇਹ ਪ੍ਰਾਸੰਗਿਕਤਾ ਇਤਿਹਾਸਕ, ਸਦਾਚਾਰਕ, ਨੈਤਿਕ, ਸਮਾਜਕ, ਭਾਈਚਾਰਕ, ਧਾਰਮਕ ਆਦਿ ਬਹੁ-ਪਾਸਾਰੀ ਵੇਰਵਿਆਂ ਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਗਰਭਿਤ ਹੈ। 'ਆਸਾ ਦੀ ਵਾਰ', 'ਸਿਧ ਗੋਸ਼ਟਿ', 'ਬਾਬਰਵਾਣੀ'. 'ਸੁਖਮਨੀ' ਤੇ ਅਜਿਹੀਆਂ ਹੋਰ ਬਹੁਤ ਸਾਰੀਆਂ ਬਾਣੀਆਂ ਵਿਚ ਪ੍ਰਾਸੰਗਿਕਤਾ ਦੀ ਇਹ ਰੁਚੀ ਸਾਫ਼ ਦਿਖਾਈ ਦਿੰਦੀ ਹੈ। ਜਦ ਕਿ 'ਜਪੁ ਜੀ' ਤੇ 'ਜਾਪੁ ਸਾਹਿਬ' ਵਿਚ ਇਹ ਰੁਚੀ ਇਤਨੀ ਪ੍ਰਬਲ ਨਹੀਂ ਦਿਖਾਈ ਦਿੰਦੀ। 'ਜਾਪੁ ਸਾਹਿਬ' ਬਾਣੀ ਤਾਂ ਵਿਸ਼ੁੱਧ ਚਿਹਨਕਾਂ (signifiers) ਦਾ ਸੰਸਾਰ ਹੈ। ਮਿਸਾਲ ਦੇ ਤੌਰ 'ਤੇ ਇਹ ਸੱਤਰਾਂ ਹੀ ਲਓ :—

ਭੁਜੰਗ ਪ੍ਰਯਾਤ ਛੰਦ ॥

''ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥
ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥੨॥
ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥
ਨਮਸਤੰ ਅਕਾਏ ॥ ਨਮਸਤੰ ਅਜਾਏ ॥੩॥
ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥
ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥੪॥ (ਜਾਪੁ ਸਾਹਿਬ)

ਇਹ ਸਾਰੇ ਸ਼ਬਦ 'ਚਿਹਨਕ' ਹਨ ਜਿਨ੍ਹਾਂ ਦਾ ਕੋਈ ਨਿਸਚਤ 'ਚਿਹਨਿਤ' (signified) ਨਹੀਂ ਹੈ। ਇਸ ਬਾਣੀ ਵਿਚ ਦੂਸਰੀਆਂ ਬਾਣੀਆਂ ਵਾਲੀ ਪ੍ਰਾਸੰਗਿਕਤਾ ਤਾਂ ਅਸਲੋਂ ਹੀ ਗ਼ਾਇਬ ਹੈ : ਅਕਾਲੇ, ਅਰੂਪੇ, ਅਨੂਪੇ, ਅਭੇਖੇ, ਅਲੇਖੇ, ਅਕਾਏ, ਅਜਾਏ, ਅਗੰਜੇ, ਅਭੰਜੇ, ਅਨਾਮੇ, ਅਠਾਮੇ ਆਦਿ ਸਾਰੇ ਚਿਹਨਕ ਨਾਂਹ-ਮੁੱਖੀ ਹਨ। ਆਮ ਵੇਖਣ ਵਿਚ ਆਇਆ ਹੈ ਕਿ ਕਵੀ ਨਾਂਹ-ਮੁਖੀ ਸ਼ਬਦ ਉਦੋਂ ਬਣਾਉਂਦਾ ਹੈ ਜਦੋਂ ਉਸ ਨੇ ਸਥਾਪਤੀ ਤੋਂ ਵਿਦਰੋਹ ਕਰਨਾ ਹੁੰਦਾ ਹੈ। ਇਹ ਸਾਰੀ ਪ੍ਰਕਿਰਿਆ ਨਵੇਂ ਅਰਥਾਂ ਦਾ ਉਤਪਾਦਨ ਕਰਨ ਦੀ ਹੈ। ਇਥੇ ਵਿਗਠਨ-ਵਿਧੀ ਰਾਹੀਂ 'ਪਾਠ' ਨੂੰ 'ਪ੍ਰਵਚਨ' ਵਿਚ ਢਾਲਣ ਦਾ ਯਤਨ ਵੀ ਸਪੱਸ਼ਟ ਹੈ। ਗੁਰੂ ਸਾਹਿਬ ਆਪਣੇ ਰਹੱਸਵਾਦੀ ਨੱਜ਼ਰੀਏ ਤੋਂ 'ਬ੍ਰਹਮ' ਨੂੰ ਸਧਾਰਣ ਮਨੁੱਖੀ ਗੁਣਾਂ ਤੋਂ ਨਖੇੜਦੇ ਚਲੇ ਜਾਂਦੇ ਹਨ। ਇੰਝ ਨਿਰਗੁਣ ਬ੍ਰਹਮ ਦੀ ਧਾਰਣਾ ਸਪੱਸ਼ਟ ਹੁੰਦੀ ਚਲੀ ਜਾਂਦੀ ਹੈ।

'ਗੁਰਮਤਿ ਕਾਵਿ' ਜਾਂ 'ਗੁਰਬਾਣੀ' ਦੀ ਤਰ੍ਹਾਂ ਮੱਧਕਾਲ ਵਿਚ ਰਚੇ ਗਏ 'ਸੂਫ਼ੀ-ਕਾਵਿ' ਤੇ 'ਕਿੱਸਾ-ਕਾਵਿ' ਵਿਚ ਵੀ ਰਹੱਸਵਾਦੀ ਨੱਜ਼ਰੀਆ ਆਪਣੇ ਸ਼ਿਖਰ 'ਤੇ ਹੈ। ਗੁਰਬਾਣੀ ਤੇ ਸੂਫ਼ੀ-ਕਲਾਮ ਵਿਚ ਇਸ ਨੱਜ਼ਰੀਏ ਨੂੰ ਕੇਂਦਰੀ ਮਹੱਤਵ ਪ੍ਰਾਪਤ ਹੈ ਅਤੇ ਕਿੱਸਾ-ਕਾਵਿ ਵਿਚ ਇਹ ਨੱਜ਼ਰੀਆ ਰਤਾ ਕੁ ਵਿਕੇਂਦ੍ਰਿਤ ਹੋ ਜਾਂਦਾ ਹੈ। ਗਹੁ ਨਾਲ ਵਾਚਿਆਂ ਪਤਾ ਚਲਦਾ ਹੈ ਕਿ 'ਗੁਰਮਤਿ ਰਹੱਸਵਾਦ', ਕਿੱਸਾਕਾਰਾਂ ਦੇ ਰਹੱਸਵਾਦ ਤੋਂ ਭਿੰਨ ਹੈ। 'ਗੁਰਮਤਿ ਰਹੱਸਵਾਦ' ਜਿਥੇ ਆਪਣੀ ਬਿਰਤੀ ਵਿਚ ਪ੍ਰਤੀਮਾਨਮੂਲਕ (normative) ਹੈ ਉਥੇ ਸੂਫ਼ੀਆਂ ਤੇ ਕਿੱਸਾਕਾਰਾਂ ਦਾ ਰਹੱਸਵਾਦ ਪ੍ਰਾਹਨਮੂਲਕ (deviative) ਹੈ। 'ਗੁਰਮਤਿ ਰਹੱਸਵਾਦ' ਨੂੰ ਪ੍ਰਤੀਮਾਨਮੂਲਕ ਕਹਿਣ ਤੋਂ ਸਾਡਾ ਭਾਵ ਇਹ ਹੈ ਕਿ ਗੁਰਮਤਿ-ਕਾਵਿ ਦੇ ਰਚੈਤਾ ਜਾਂ ਬਾਣੀਕਾਰ, ਮਰਿਆਦਾ ਦੀ ਪਰਪੱਕਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਪਰ ਜ਼ੋਰ ਦੇਂਦੇ ਹਨ। ਧਰਮ, ਪਰਿਵਾਰ, ਸਮਾਜ, ਭਾਈਚਾਰਾ ਤੇ ਰਾਜਨੀਤੀ ਆਦਿ ਹਰ ਪੱਧਰ 'ਤੇ ਉਨ੍ਹਾਂ ਨੂੰ ਮਰਿਆਦਾ ਡੋਲ੍ਹਦੀ ਨਜ਼ਰ ਆਉਂਦੀ ਹੈ। ਸਮੁੱਚੇ ਬਾਣੀ-ਸੰਸਾਰ ਦੇ ਅੰਤਰਗਤ ਇਸ ਮਰਿਆਦਾ ਦੀ ਮੁੜ ਬਹਾਲੀ ਨੂੰ ਵਿਸ਼ੇਸ਼ ਤਰਜੀਹ ਮਿਲੀ ਹੈ। ਮਿਸਾਲ ਦੇ ਤੌਰ 'ਤੇ ਤੀਵੀਂ ਨੂੰ ਪਰਿਵਾਰਕ-ਮਰਿਆਦਾ ਦਾ ਮੂਲ ਕੇਂਦਰ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ ਤੀਵੀਂ ਦੇ ਆਚਰਣ ਦੇ ਅਧਾਰ 'ਤੇ ਗੁਰੂ ਸਾਹਿਬਾਨ ਨੇ 'ਸੁਹਾਗਣ' ਤੇ 'ਦੁਹਾਗਣ' ਦੀ ਇਕ ਸਪੱਸ਼ਟ ਕੋਟੀ ਬਣਾਈ ਹੈ। 'ਸੁਹਾਗਣ' ਘਰ-ਪਰਿਵਾਰ ਦੇ ਸੰਤੁਲਨ ਨੂੰ ਬਰਕਰਾਰ ਰਖਣ ਵਾਲੀ ਆਦਰਸ਼-ਨਾਰੀ ਦਾ ਪ੍ਰਤੀਕ ਹੈ ਅਤੇ 'ਦੁਹਾਗਣ' ਵਿਆਹ-ਮਰਿਆਦਾ ਦਾ ਉਲੰਘਣ ਕਰਨ ਵਾਲੀ ਤੀਵੀਂ ਹੈ ਜੋ ਆਪਣੀ ਕਾਮ-ਵਾਸ਼ਨਾ ਦੀ ਤ੍ਰਿਪਤੀ ਲਈ ਇਧਰ ਉਧਰ ਭੱਟਕਦੀ ਫਿਰਦੀ ਹੈ। ਸਮੁੱਚੇ 'ਗੁਰਮਤਿ 'ਰਹੱਸਵਾਦ' ਵਿਚ 'ਸੁਹਾਗਣ' ਨੂੰ ਸਵੀਕ੍ਰਿਤੀ ਪ੍ਰਾਪਤ ਹੈ ਅਤੇ ,ਦੁਹਾਗਣ' ਨੂੰ ਨਹੀਂ। ਭਾਵੇਂ ਬਾਣੀਕਾਰ 'ਸੁਹਾਗਣ' ਤੇ 'ਦੁਹਾਗਣ' ਦਾ ਦਵੰਦ, ਅਧਿਆਤਮਕ ਅਰਥਾਂ ਨੂੰ ਉਘਾੜਣ ਲਈ ਹੀ ਪੇਸ਼ ਕਰਦੇ ਦੇਖੇ ਜਾਂਦੇ ਹਨ, ਪਰ ਇਸ ਨਾਲ ਮੱਧਕਾਲੀਨ ਸਾਮਰਾਜ ਵਿੱਚਲੀ ਪਰਿਵਾਰਕ ਮਰਿਆਦਾ ਦਾ ਪਾਸਾਰ ਵੀ ਉਜਾਗਰ ਹੋ ਜਾਂਦਾ ਹੈ। ਅਧਿਆਤਮਕ ਅਰਥਾਂ ਵਿਚ 'ਸੁਹਾਗਣ' ਤੀਵੀਂ ਦਾ ਉਲੇਖ ਗੁਰੂ ਸਾਹਿਬ ਇਉਂ ਕਰਦੇ ਹਨ ;—

> "ਸਬਦ ਰਤੀ ਸੋਹਾਗਣੀ ਸਤਿਗੁਰ ਕੇ ਭਾਇ ਪਿਆਰਿ ॥
> ਸਦਾ ਰਾਵੇ ਪਿਰੁ ਆਪਣਾ, ਸਚੈ ਪ੍ਰੇਮ-ਪਿਆਰਿ ॥
> ਅਤਿ ਸੁਆਲਿਓ ਸੁੰਦਰੀ, ਸੋਭਾਵੰਤੀ ਨਾਰਿ ॥
> ਨਾਨਕ ਨਾਮਿ ਸੋਹਾਗਣੀ, ਮੇਲੀ ਮੇਲ ਵਹਾਰਿ ॥
> (ਮਹਲਾ ੩ ਸਿਰੀ ਰਾਗ ਕੀ ਵਾਰ)

"ਵਾਰ ਸੂਹੀ ਕੀ' ਵਿਚ ਗੁਰੂ ਅਮਰਦਾਸ ਜੀ ਨੇ 'ਦੁਹਾਗਣ' ਲਈ 'ਸੂਹਵੀਏ' ਸ਼ਬਦ ਦੀ ਵਰਤੋਂ ਕਰ ਕੇ ਉਸ ਨੂੰ 'ਕਾਮ ਗਹੇਲਣ', ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਵਾਰ ਵਿਚ ਸੁਹਾਗਣ-ਦੁਹਾਗਣ ਦਾ ਇਹ ਦਵੰਦ ਆਪਣੇ ਪ੍ਰਚੰਡ ਰੂਪ ਵਿਚ ਪੇਸ਼ ਹੋਇਆ ਹੈ। ਇਸ ਤਰ੍ਹਾਂ ਬਾਣੀਕਾਰ ਧਾਰਮਕ ਸਮਾਜਕ, ਭਾਈਚਾਰਕ ਤੇ ਰਾਜਨੀਤਕ ਮਰਿਆਦਾ ਦੀ ਡੋਲ੍ਹਣ ਵਾਲੀ ਸਥਿਤੀ ਵਿਚ ਮੁੜ ਸੰਤੁਲਨ ਬਣਾਉਣ ਦਾ ਯਤਨ ਕਰਦੇ ਦੇਖੇ ਜਾਂਦੇ ਹਨ। ਰਾਜਨੀਤਕ ਪੱਧਰ 'ਤੇ ਵਿਗੜੀ ਹੋਈ ਸਥਿਤੀ ਪ੍ਰਤੀ ਉਨ੍ਹਾਂ ਦਾ ਸੁਰ ਤਿਖਾ ਤੇ ਇਨਕਲਾਬੀ ਹੋ ਜਾਂਦਾ ਹੈ। ਉਥੇ ਵੀ ਉਹ ਸਮਾਜਕ ਸੰਤੁਲਨ ਦੀ ਬਹਾਲੀ ਨੂੰ ਤਰਜੀਹ ਦੇਂਦੇ ਹਨ। ਬਹੁਤੇ ਸੂਫ਼ੀ ਤੇ ਕਿੱਸਾਕਾਰ, ਕਿਉਂਕਿ ਆਪਣੀ ਆਵਾਜ਼ ਸ਼ਰਾ ਦੇ ਵਿਰੋਧ ਵਿਚ ਬੁਲੰਦ ਕਰਦੇ ਹਨ, ਇਸ ਲਈ ਅਸੀਂ ਉਨ੍ਹਾਂ ਦੇ ਰਹੱਸਵਾਦ ਨੂੰ 'ਪ੍ਰਾਹਨਮੂਲਕ' (deviative) ਅਰਥਾਂ ਵਿਚ ਗ੍ਰਹਿਣ ਕੀਤਾ ਹੈ। ਉਨ੍ਹਾਂ ਲਈ ਸ਼ਰਾ ਜਾਂ ਇਸਲਾਮੀ ਮਰਿਆਦਾ ਅਰਥਹੀਣ ਹੈ। ਨਵੇਂ ਅਰਥਾਂ ਦਾ ਅਵਿਸ਼ਕਾਰ ਕਰਨ ਲਈ ਉਹ ਸ਼ਰਾ ਦਾ ਵਿਰੋਧ ਕਰਦੇ ਹਨ ਜਾਂ ਇਸ ਦੀ ਉਲੰਘਣਾ ਕਰਨ ਦੀ ਰੁਚੀ ਰਖਦੇ ਹਨ। ਇਨ੍ਹਾਂ ਦੇ ਮੁਕਾਬਲੇ ਵਿਚ 'ਗੁਰਮਤਿ ਰਹੱਸਵਾਦ' ਦਾ ਮਰਿਆਦਾ ਉਪਰ ਜ਼ੋਰ ਹੈ, ਇਸ ਲਈ ਪ੍ਰਤੀਮਾਨਮੂਲਕ (normative) ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੱਧਕਾਲੀਨ ਪੰਜਾਬੀ ਬਿਰਤਾਂਤਕ-ਵਾਰਤਕ ਦਾ ਜੁਗਤ-ਵਿਧਾਨ

ਮੱਧਕਾਲੀਨ ਪੰਜਾਬੀ ਬਿਰਤਾਂਤਕ-ਵਾਰਤਕ ਦੇ ਜੁਗਤ-ਵਿਧਾਨ ਨਾਲ ਆਪਣਾ ਸਰੋਕਾਰ ਜੋੜਣ ਤੋਂ ਪਹਿਲਾਂ ਇਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਬਣਦਾ ਹੈ ਕਿ ਮੱਧਕਾਲੀਨਤਾ ਦਾ ਸੰਕਲਪ ਕੇਵਲ ਕਾਲਵਾਚੀ ਹੀ ਨਹੀਂ, ਸਗੋਂ ਅਰਥਵਾਚੀ ਵੀ ਹੈ। ਕਾਲਵਾਚੀ ਪਰਿਪੇਖ ਵਿਚ ਇਹ ਇਕ ਨਿਸ਼ਚਤ ਇਤਿਹਾਸਕ ਸਮਾਂ ਹੈ, ਜਿਸ ਦਾ ਇਕ ਸਿਰਾ ਜੇਕਰ ਆਦਿ-ਕਾਲ ਨਾਲ ਜੁੜਿਆ ਹੋਇਆ ਹੈ ਤਾਂ ਦੂਸਰਾ ਸਿਰਾ ਆਧੁਨਿਕ-ਕਾਲ ਨਾਲ ਜਾ ਜੁੜਦਾ ਹੈ। ਪੰਜਾਬ ਦੇ ਇਤਿਹਾਸਕ ਤੇ ਸਭਿਆਚਾਰਕ ਪ੍ਰਸੰਗ ਵਿਚ ਇਹ ਸਮਾਂ ਅੱਠਵੀਂ-ਨੌਵੀਂ ਸਦੀ ਤੋਂ ਲੈ ਕੇ ਅਠ੍ਹਾਰਵੀਂ-ਉੱਨ੍ਹੀਵੀਂ ਸਦੀ ਦੇ ਮੱਧ ਤਕ ਫੈਲਿਆ ਹੋਇਆ ਹੈ। ਦੂਸਰੇ ਸ਼ਬਦਾਂ ਵਿਚ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਮਾਪਤੀ ਤੱਕ ਦਾ ਸਮਾਂ, ਮੱਧਕਾਲ ਅਖਵਾਉਂਦਾ ਹੈ। ਰਾਜਸੀ ਤੌਰ 'ਤੇ ਭਾਵੇਂ ਇਹ ਖ਼ਾਸਾ ਉਥਲ-ਪੁਥਲ ਦਾ ਸਮਾਂ ਸੀ। ਅਜਿਹੇ ਅਣਸੁਖਾਵੇਂ ਮਾਹੌਲ ਵਿਚ ਨਵੇਂ ਅਰਥਾਂ ਦਾ ਨਿਰਮਾਣ ਕਰਨਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਸੀ। ਪਰ ਪੰਜਾਬੀ ਸਿਰਜਣਾਤਮਕ-ਪ੍ਰਤਿਭਾ ਅਜਿਹੇ ਪਾਬੰਦੀਆਂ ਤੇ ਮੁਸ਼ਕਲਾਂ ਭਰੇ ਹਾਲਾਤ ਨਾਲ ਜੂਝਦੀ ਹੋਈ, ਅਰਥ-ਨਿਰਮਾਣ ਦੀ ਨਿਰੰਤਰ ਪ੍ਰਕਿਰਿਆ ਵਿਚ ਪਈ ਨਜ਼ਰ ਆਉਂਦੀ ਹੈ। ਨਤੀਜਨ, ਅਰਥਵਾਚੀ ਪਰਿਪੇਖ ਦੇ ਅੰਤਰਗਤ, ਇਕ ਵਿਸ਼ੇਸ਼ ਤਰ੍ਹਾਂ ਦੀ ਬੌਧਿਕਤਾ, ਮਾਨਸਿਕਤਾ ਤੇ ਸਾਹਿਤ-ਸਭਿਆਚਾਰ ਦਾ ਉਦੈਮਾਨ ਹੁੰਦਾ ਹੈ। ਇਸ ਜ਼ਮਾਨੇ ਵਿਚ ਜੇਕਰ ਇਕ ਪਾਸੇ ਗੁਰਬਾਣੀ ਤੇ ਸੂਫ਼ੀ-ਕਾਵਿ ਦੇ ਰੂਪ ਵਿਚ ਪ੍ਰਗੀਤਕ ਸਾਹਿਤ-ਸਭਿਆਚਾਰ ਹੋਂਦ ਵਿਚ ਆਇਆ ਤਾਂ ਦੂਸਰੀ ਤਰਫ਼ ਵੱਡੀ ਮਾਤਰਾ ਵਿਚ ਬਿਰਤਾਂਤਕ-ਸਾਹਿਤ ਦੀ ਵੀ ਰਚਨਾ ਹੋਈ। ਇਉਂ, ਪੰਜਾਬ ਦੀ ਭਾਸ਼ਾਈ-ਸਮਰੱਥਾ, ਇਨ੍ਹਾਂ ਭਿੰਨ ਭਿੰਨ ਸਾਹਿਤ-ਰੂਪਾਂ ਵਿਚ ਵੱਖ ਵੱਖ ਪ੍ਰਕਾਰਜ ਨਿਭਾਉਂਦੀ ਸਪੱਸ਼ਟ ਦਿਖਾਈ ਦਿੰਦੀ ਹੈ। ਇਥੇ ਅਸੀਂ ਇਸ ਬਿਰਤਾਂਤਕ-ਸਾਹਿਤ ਨਾਲ ਸੰਬੰਧਤ ਕੇਵਲ ਸਾਖੀ-ਸਾਹਿਤ ਤੇ ਕਥਾ-ਸਾਹਿਤ ਨੂੰ ਹੀ ਅਧਿਐਨ ਦਾ ਵਿਸ਼ਾ ਬਣਾਉਣ ਦੀ ਯੋਜਨਾ ਬਣਾਈ ਹੈ—ਉਹ ਵੀ ਇਕ ਨਿਸ਼ਚਤ ਦ੍ਰਿਸ਼ਟੀ-ਬਿੰਦੂ ਤੋਂ। ਅਰਥਾਤ, ਇਥੇ ਅਸੀਂ ਇਸ ਸਾਹਿਤ ਦੇ ਜੁਗਤ-ਵਿਧਾਨ ਉਪਰ ਹੀ ਆਪਣਾ ਧਿਆਨ ਕੇਂਦਰਿਤ ਕਰਾਂਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਡੀ ਸ਼ੁਰੂ ਤੋਂ ਹੀ ਇਹ ਸਮੱਸਿਆ ਰਹੀ ਹੈ ਕਿ ਅਸੀਂ ਇਸ ਬਿਰਤਾਂਤਕ ਸਾਹਿਤ ਨੂੰ ਵਾਰਤਕ ਵਜੋਂ ਵਿਚਾਰਣ ਦੇ ਆਦੀ ਰਹੇ ਹਾਂ। ਇਉਂ ਅਸੀਂ ਸਹਿਜੇ ਹੀ ਇਸ ਸਾਹਿਤ ਨੂੰ ਹੁਕਮਨਾਮਿਆਂ, ਰਹਿਤਨਾਮਿਆਂ, ਟੀਕਿਆਂ, ਪਰਮਾਰਥਾਂ ਤੇ ਬਚਨਾਂ ਆਦਿ ਭਿੰਨ ਭਿੰਨ ਵਾਰਤਕ-ਵੰਨਗੀਆਂ ਦੀ ਕੋਟੀ ਵਿਚ ਜਾ ਟਿਕਾਉਂਦੇ ਹਾਂ। ਅਜਿਹੀ ਸੋਚ-ਵਿਧੀ ਤੋਂ ਅਸੀਂ ਅੱਜ ਵੀ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕੇ। ਆਦਤਨ, ਹੁਣ ਅਸੀਂ ਇਸ ਨੂੰ ਨਿਰੋਲ ਵਾਰਤਕ ਦੀ ਥਾਂ ਬਿਰਤਾਂਤਕ-ਵਾਰਤਕ ਨਾਂ ਦੇ ਦਿੱਤਾ ਹੈ। ਜਦ ਕਿ ਇਹ ਸਾਰਾ ਬਿਰਤਾਂਤ-ਸਾਹਿਤ ਆਪਣੀ ਅੰਤਰੀਵ ਬਿਰਤੀ ਵਿਚ ਪ੍ਰਬੰਧਮੂਲਕ-ਗਲਪ ਦਾ ਦਰਜਾ ਰਖਦਾ ਹੈ। ਇਸ ਗਲਪ-ਪ੍ਰਬੰਧ ਵਿਚ ਜੁਗਤ ਤੇ ਯੋਜਨਾ ਪੂਰੀ ਤਰ੍ਹਾਂ ਵਿਆਪਤ ਹੋਣ ਕਰ ਕੇ, ਅਸੀਂ ਇਸ ਨੂੰ ਸੁਗਠਿਤ ਤੇ ਨਿਯੋਜਿਤ ਪ੍ਰਬੰਧ ਖ਼ਿਆਲ ਕਰਦੇ ਹਾਂ। ਦੂਸਰੇ ਸ਼ਬਦਾਂ ਵਿਚ ਇਹ ਗਲਪ-ਪ੍ਰਬੰਧ, ਭਿੰਨ ਭਿੰਨ ਬਿਰਤਾਂਤਕ-ਜੁਗਤਾਂ ਤੇ ਚਿਹਨਕੀ-ਵਿਧੀਆਂ ਰਾਹੀਂ ਸਾਕਾਰ ਹੁੰਦਾ ਦੇਖਿਆ ਜਾਂਦਾ ਹੈ। ਜਨਮ-ਸਾਖੀ-ਪਰੰਪਰਾ, ਜਨਮ ਸਾਖੀ ਭਗਤ ਕਬੀਰ, ਸੌ ਸਾਖੀ, ਸਾਖੀਆਂ ਅੱਡਣ ਸ਼ਾਹ, ਸਿੱਖਾਂ ਦੀ ਭਗਤ ਮਾਲਾ, ਨਾਸਕ੍ਰੇਤ ਕੀ ਕਥਾ, ਨਿਰੰਕਾਰ ਤੇ ਬਿਹੰਗਮ ਦੀ ਕਥਾ, ਕਥਾ ਆਦਿ ਰਾਮਾਇਣ ਕੀ (ਕ੍ਰਿਤ ਸੋਢੀ ਮਿਹਰਬਾਨ), ਮਸਲੇ ਸ਼ੇਖ਼ ਫ਼ਰੀਦ ਕੇ ਆਦਿ ਰਚਨਾਵਾਂ ਇਸ ਵਿਚਾਰ ਦੀ ਪੁਸ਼ਟੀ ਲਈ ਹਾਜ਼ਰ ਹਨ। ਇਨ੍ਹਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ, ਕਰਣੀ ਤੇ ਸਿੱਧਾਂਤ ਨਾਲ ਸੰਬੰਧਤ ਜਨਮਸਾਖੀਆਂ ਹੀ ਇਕ ਵਿਸ਼ੇਸ਼ ਪ੍ਰਕਾਰ ਦਾ ਬੱਝਵਾਂ ਤੇ ਇਕਾਗਰ ਪ੍ਰਭਾਵ ਸਿਰਜਣ ਦੀ ਸਮਰੱਥਾ ਰਖਦੀਆਂ ਹਨ। ਸਭ ਤੋਂ ਪਹਿਲਾਂ ਇਨ੍ਹਾਂ ਜਨਮਸਾਖੀਆਂ ਨੂੰ ਹੀ ਅਸੀਂ ਚਰਚਾ ਦਾ ਵਿਸ਼ਾ ਬਣਾਉਣਾ ਯੋਗ ਸਮਝਦੇ ਹਾਂ।

ਗਹੁ ਨਾਲ ਵਾਚਿਆਂ ਪਤਾ ਚਲਦਾ ਹੈ ਕਿ ਸਾਡੀ ਪਰੰਪਰਾ ਦੇ ਅੰਤਰਗਤ ਜਨਮਸਾਖੀ ਨੂੰ ਬਾਰ ਬਾਰ ਲਿਖਣ ਦੀ ਪ੍ਰਵਿਰਤੀ ਖ਼ਾਸੀ ਪ੍ਰਬਲ ਰਹੀ ਹੈ। ਇਹ ਪ੍ਰਵਿਰਤੀ ਦਸ ਪਾਉਂਦੀ ਹੈ ਸਿੱਖ-ਸੰਪਰਦਾਇ ਦੀ, ਇਸ ਸਾਹਿਤ ਨਾਲ ਇਕ ਵਿਸ਼ੇਸ਼ ਪ੍ਰਕਾਰ ਦੀ ਤ੍ਰਿਪਤੀ ਹੁੰਦੀ ਹੈ। ਜਨਮ ਸਾਖੀ ਨੂੰ ਬਾਰ ਬਾਰ ਲਿਖਣ ਦੀ ਇਸ ਪ੍ਰਵਿਰਤੀ ਸਦਕਾ, ਜਨਮਸਾਖੀਆਂ ਦੇ ਇਕ ਤੋਂ ਵੱਧ ਪਾਠ ਹੋਂਦ ਵਿਚ ਆ ਗਏ ਹਨ। ਆਪਣੇ ਭਾਈਚਾਰੇ ਦੇ ਅੰਤਰਗਤ, ਜਨਮਸਾਖੀ ਦੇ ਇਨ੍ਹਾਂ ਭਿੰਨ ਭਿੰਨ ਪਾਠਾਂ ਨੂੰ ਅਸੀਂ ਜਨਸ-ਸਾਖੀ ਪਰੰਪਰਾ ਦਾ ਨਾਂ ਦੇ ਰਖਿਆ ਹੈ। ਇਨ੍ਹਾਂ ਵਿੱਚੋਂ ਕੋਈ ਪੁਰਾਤਨ ਜਨਮਸਾਖੀ ਨਾਂ ਨਾਲ ਜਾਣੀ ਜਾਂਦੀ ਹੈ ਅਤੇ ਕੋਈ ਭਾਈ ਬਾਲੇ ਵਾਲੀ ਜਨਮਸਾਖੀ, ਕੋਈ ਸੋਢੀ ਮਿਹਰਬਾਨ ਵਾਲੀ ਜਨਮਸਾਖੀ, ਕੋਈ 'ਆਦਿ ਸਾਖੀਆਂ' ਤੇ ਕੋਈ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਨਾਂ ਨਾਲ ਪ੍ਰਚਲਤ ਹੋਈ। ਚਿੰਤਨਮਈ ਦ੍ਰਿਸ਼ਟੀ ਤੋਂ ਦੇਖਿਆਂ ਪਤਾ ਚਲਦਾ ਹੈ ਕਿ ਇਹ ਸਾਰੇ ਜਨਮਸਾਖੀ ਪਾਠ 'ਪੁਰਾਤਨ ਜਨਮਸਾਖੀ' ਦੇ ਹੀ ਰੂਪਾਂਤਰਿਤ ਤੇ ਵਿਸਥਾਪਿਤ ਰੂਪ ਹਨ। ਆਪਣੀਆਂ ਕੁਝ ਸ਼ੈਲੀਗੱਤ ਤੇ ਰੂਪਾਕਾਰੀ ਵਿਸ਼ੇਸ਼ਤਾਵਾਂ ਕਰ ਕੇ ਉਪਰੋਂ ਇਹ ਜ਼ਰੂਰ ਭਿੰਨ ਭਿੰਨ ਪਾਠ ਨਜ਼ਰ ਆਉਂਦੇ ਹਨ, ਪਰ ਆਪਣੀ ਅੰਤਰੀਵ ਮਨੋ-ਬਣਤਰ ਵਿਚ ਇਹ ਸਾਰੇ ਪਾਠ, ਇਕ ਵਿਸ਼ੇਸ਼ ਪ੍ਰਕਾਰ ਦੀ ਖ਼ਿਥਿਕਤਾ ਨਾਲ ਸੰਬੰਧਤ ਹਨ। ਇਥੋਂ ਤੱਕ ਕਿ ਇਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਪਾਠਾਂ ਦਾ ਜੁਗਤ-ਵਿਧਾਨ ਵੀ ਸਮਾਨ ਰੂਪ ਵਿਚ ਕਾਰਜਸ਼ੀਲ ਪ੍ਰਤੀਤ ਹੁੰਦਾ ਹੈ।

ਇਹ ਤਾਂ ਸਪੱਸ਼ਟ ਹੀ ਹੈ ਕਿ ਇਹ ਜਨਮਸਾਖੀ-ਸਾਹਿਤ ਨਾ ਤਾਂ ਜੀਵਨੀ ਮੂਲਕ ਸਾਹਿਤ ਹੈ ਅਤੇ ਨਾ ਹੀ ਇਹ ਸਾਖੀ-ਨਾਇਕ ਦੇ ਜੀਵਨ-ਇਤਿਹਾਸ ਜਾਂ ਵਾਸਤਵਿਕਤਾ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਆਪਣੀ ਅੰਤਰੀਵ ਬਿਰਤੀ ਵਿਚ ਪ੍ਰਬੰਧਮੂਲਕ ਗਲਪ ਦਾ ਦਰਜਾ ਰਖਦਾ ਹੈ। ਗਲਪ ਨੂੰ ਅਸੀਂ ਇਥੇ ਇਕ ਭਾਸ਼ਾਬੱਧ ਨਿਯੋਜਿਤ ਪ੍ਰਬੰਧ ਦੇ ਅਰਥਾਂ ਵਿਚ ਗ੍ਰਹਿਣ ਕਰ ਰਹੇ ਹਾਂ। ਇਹ ਗਲਪ-ਪ੍ਰਬੰਧ ਪੂਰੀ ਤਰ੍ਹਾਂ ਨਿਯੋਜਿਤ ਵੀ ਹੈ ਤੇ ਸੁਗਠਿਤ ਵੀ। ਇਸ ਪ੍ਰਬੰਧ ਨੂੰ ਅਸੀਂ ਭਿੰਨ ਭਿੰਨ ਬਿਰਤਾਂਤਕ ਜੁਗਤਾਂ ਤੇ ਵਿਧੀਆਂ ਰਾਹੀਂ ਸਾਕਾਰ ਹੁੰਦਾ ਦੇਖਦੇ ਹਾਂ। ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਇਸ ਗਲਪ-ਪ੍ਰਬੰਧ ਵਿੱਚੋਂ ਉਪਜਣ ਵਾਲਾ ਬੁਨਿਆਦੀ ਸੰਦੇਸ਼ ਮਿਥਕੀ ਵੀ ਹੈ ਤੇ ਅਧਿਆਤਮੀ ਵੀ। ਅਕਸਰ, ਅਧਿਅਨ ਦੌਰਾਨ ਇਹ ਮਿਥਕੀ-ਅਧਿਆਤਮੀ ਸੰਦੇਸ਼ ਅਗਰਭੂਮੀ ਵਿਚ ਆ ਜਾਂਦਾ ਹੈ ਅਤੇ ਜੁਗਤ-ਵਿਧਾਨ ਪਿਛੋਕੜ ਵਿਚ ਚਲਿਆ ਜਾਂਦਾ ਹੈ। ਪਰ, ਇਥੇ ਸਾਡਾ ਬੁਨਿਆਦੀ ਸਰੋਕਾਰ ਇਸ ਜੁਗਤ-ਵਿਧਾਨ ਨਾਲ ਨੇੜ੍ਹੇ ਦੀ ਸਾਂਝ ਪਾਉਣ ਦਾ ਹੈ। ਜਿਨ੍ਹਾਂ ਬਿਰਤਾਂਤਕ-ਜੁਗਤਾਂ ਨਾਲ ਇਹ ਗਲਪੀ-ਪ੍ਰਬੰਧ ਸਾਕਾਰ ਹੁੰਦਾ ਹੈ, ਉਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਣ ਹੈ ਕਥਾਨਕ (ਪਲਾਟ) ਦੀ ਜੁਗਤ। 'ਕਥਾਨਕ' ਨੂੰ ਅਸੀਂ 'ਯੋਜਨਾ' ਦੇ ਅਰਥਾਂ ਵਿਚ ਗ੍ਰਹਿਣ ਕਰਨ ਦੀ ਗੁਸਤਾਖ਼ੀ ਕਰ ਰਹੇ ਹਾਂ। ਜਨਮਸਾਖੀ-ਸਾਹਿਤ ਦੇ ਇਨ੍ਹਾਂ ਪਾਠਾਂ ਵਿਚ ਕਥਾਨਕ ਦੀ ਜੁਗਤ ਵਿਆਪਤ ਹੈ, ਜੋ ਇਨ੍ਹਾਂ ਗਲਪੀ-ਪਾਠਾਂ ਨੂੰ ਸੁਗਠਿਤ ਤੇ ਸੁਨੇਮਿਤ ਕਰਣ ਦਾ ਕੰਮ ਕਰਦੀ ਹੈ। ਦੂਸਰੇ ਸ਼ਬਦਾਂ ਵਿਚ ਜਨਮਸਾਖੀ-ਪਰੰਪਰਾ ਦੇ ਇਨ੍ਹਾਂ ਪਾਠਾਂ ਵਿਚ ਸੁਗਠਨ ਦਾ ਸਾਰਾ ਕਾਰਜ ਇਸੇ ਜੁਗਤਮੂਲਕ ਵਿਵੇਕ ਦੁਆਰਾ ਹੀ ਸੰਪੰਨ ਹੁੰਦਾ ਦੇਖਿਆ ਜਾਂਦਾ ਹੈ।

ਵੀਹਵੀਂ ਸਦੀ ਦੇ ਰੂਸੀ-ਰੂਪਵਾਦੀਆਂ ਨੇ ਜਦੋਂ ਆਪਣੇ ਕਾਵਿ-ਸ਼ਾਸਤਰ ਨੂੰ ਵਿਗਿਆਨ ਤੇ ਤਕਨਾਲੋਜੀ ਦੇ ਕਰੜੇ ਸੰਜਮ ਅਨੁਕੂਲ ਢਾਲਣ ਦਾ ਯਤਨ ਕੀਤਾ, ਤਾਂ ਕਥਾਨਕ ਦੀ ਜੁਗਤ ਕੇਂਦਰ ਵਿਚ ਆ ਗਈ। ਮੂਲ ਰੂਪ ਵਿਚ ਉਹ ਕਲਾ ਤੇ ਸਾਹਿਤ ਨੂੰ ਇਕ ਨਿਯੋਜਿਤ ਤਕਨੀਕੀ ਪ੍ਰਬੰਧ ਦੇ ਅਰਥਾਂ ਵਿਚ ਗ੍ਰਹਿਣ ਕਰਨ ਦੇ ਹਾਮੀ ਸਨ। ਇਨ੍ਹਾਂ ਸਾਹਿਤ-ਚਿੰਤਕਾਂ ਪਾਸੋਂ ਅੰਤਰ-ਦ੍ਰਿਸ਼ਟੀ ਗ੍ਰਹਿਣ ਕਰਦੇ ਹੋਏ ਇਥੇ ਅਸੀਂ ਵੀ ਜਨਮਸਾਖੀਆਂ ਦੇ ਇਨ੍ਹਾਂ ਗਲਪੀ-ਪਾਠਾਂ ਨੂੰ ਸੁਗਠਿਤ ਤੇ ਨਿਯੋਜਿਤ ਪ੍ਰਬੰਧ ਖ਼ਿਆਲ ਕਰ ਕੇ ਤੁਰਦੇ ਹਾਂ. ਕਿਉਂਕਿ ਇਨ੍ਹਾਂ ਪਾਠਾਂ ਵਿਚ ਕਥਾਨਕ ਦੀ ਜੁਗਤ ਜਾਂ ਯੋਜਨਾ ਵਿਆਪਤ ਹੈ। ਇਸ ਯੋਜਨਾ ਨੇ ਜਨਮਸਾਖੀ, ਬਿਰਤਾਂਤ ਤੇ ਸਾਰੇ ਵਿਵਰਣਾਂ ਨੂੰ ਆਦਿ ਤੋਂ ਅੰਤ ਤੀਕ ਕੱਸ ਕੇ ਬੰਨ੍ਹ ਰਖਿਆ ਹੈ। ਇਹ ਬਿਰਤਾਂਤਕ-ਵਿਵਰਣ ਜਾਂ ਵੇਰਵੇ ਵਾਸਤਵਿਕਤਾ ਨਾਲ ਵੀ ਸੰਬੰਧਤ ਹਨ ਤੇ ਮਿਥਿਕਤਾ ਨਾਲ ਵੀ। ਯੋਜਨਾ, ਜਨਮਸਾਖੀ-ਨਾਇਕ ਨੂੰ ਵਾਸਤਵਿਕਤਾ ਤੇ ਇਤਿਹਾਸਿਕਤਾ ਨਾਲੋਂ ਤੋੜ ਕੇ ਅਧਿਆਤਮਿਕਤਾ ਨਾਲ ਜੋੜਨ ਦੀ ਹੈ। ਇਹ ਕਾਰਜ, ਇਨ੍ਹਾਂ ਸਾਰੇ ਜਨਮਸਾਖੀ-ਪਾਠਾਂ ਦੇ ਅੰਤਰਗਤ ਨਿਰੰਤਰ ਵਾਪਰਦਾ ਦੇਖਿਆ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਨੂੰ ਇਸ ਗੱਲ ਦੀ ਸੋਝੀ ਉਦੋਂ ਹੁੰਦੀ ਹੈ ਜਦੋਂ ਅਸੀਂ ਇਨ੍ਹਾਂ ਬਿਰਤਾਂਤਕ ਵਿਵਰਣਾਂ ਤੇ ਵੇਰਵਿਆਂ ਨੂੰ ਯੋਜਨਾ ਉਪਰ ਘਟਾ ਕੇ ਵੇਖਦੇ ਹਾਂ। ਮਿਸਾਲ ਦੇ ਤੌਰ 'ਤੇ ਅਸੀਂ 'ਮਿਹਰਬਾਨ ਵਾਲੀ ਜਨਮਸਾਖੀ' ਦੇ ਗਲਪੀ-ਪ੍ਰਬੰਧ ਨੂੰ ਹੀ ਲੈਂਦੇ ਹਾਂ। ਇਸ ਜਨਮਸਾਖੀ ਦੇ ਮੂਲ ਪਾਠ ਅੰਦਰ ਪ੍ਰਵੇਸ਼ ਕਰਦਿਆਂ ਹੀ ਸਭ ਤੋਂ ਪਹਿਲਾਂ ਸਾਡਾ ਵਾਹ ਇਨ੍ਹਾਂ ਸਤਰਾਂ ਨਾਲ ਪੈਂਦਾ ਹੈ :—

> ''ਤਬ ਗੁਰੂ ਬਾਬਾ ਨਾਨਕੁ ਕਾਲੂ ਕੈ ਘਰਿ ਤਿਪਰਾ ਕੈ ਉਦਰਿ,
> ਬੇਦੀ ਕੈ ਬੰਸਿ ਖਤ੍ਰੀ ਕੈ ਜਨਮਿ ਪੰਜਾਬ ਕੀ ਧਰਤੀ ਚਾਹਲਾ, ਵਾਲੇ,
> ਸੰਮਤ 1526 ਵੈਸਾਖ ਮਾਸਿ ਥਿਤੀ ਤਿਤ੍ਰੀਏ ਚਾਨਣੀ ਕਉ, ਪਹਰੁ
> ਰਾਤਿ ਪਿਛਲੀ ਰਹਤੀ ਕਉ ਅੰਬ੍ਰਿਤ ਵੇਲਾ ਜਨਮੁ ਲਇਆ, ਕਲਿ ਕੈ
> ਬਿਖੈ ਆਇ ਅਵਤਰੇ, ਅਨਾਹਦ ਸਬਦ ਵਾਜੇ, ਤੇਤ੍ਰੀਸ ਕਰੋੜੀ
> ਦੇਵਤਿਅਹੁ ਨਮਸਕਾਰੁ ਕੀਆ; ਨਵਹੁ ਕਾਥਹੁ ਨਮਸਕਾਰੁ ਕੀਆ;
> ਛਿਅਹੁ ਜਤੀਅਹੁੰ ਨਮਸਕਾਰੁ ਕੀਆ; ਚਉਰਾਸੀਹੁ ਸਿਧਹੁ
> ਨਮਸਕਾਰੁ ਕੀਆ; ਨਵਹੁ ਨਾਥਹੁ ਨਮਸਕਾਰੁ ਕੀਆ; ਛਿਅਹੁ
> ਜਤੀਅਹੁੰ ਨਮਸਕਾਰੁ ਕੀਆ; ਚਉਰਾਬੀਹੁ ਸਿਧਹੁ ਨਮਸਕਾਰੁ ਕੀਆ;
> ਗੁਪਤ ਪਰਗਟਹੁ ਨਮਸਕਾਰ ਕੀਆ;
> ਸਿਧਹੁ ਸਾਧਿਕਹੁ ਨਮਸਕਾਰੁ ਕੀਆ। ਕੋਟ ਕਰੋੜੀ ਬੈਸਨਹੁ ਨਮਸਕਾਰੁ
> ਕੀਆ।'' (ਜਨਮਸਾਖੀ ਪਰੰਪਰਾ, ਪੰਨਾ-੫੮)

'ਅਵਤਾਰ ਧਾਰਨਾ' ਸਾਖੀ ਨਾਲ ਸੰਬੰਧਤ ਮੁੱਢਲੇ ਵੇਰਵੇ ਵਾਸਤਵਿਕ ਜਾਪਦੇ ਹਨ, ਜਿਨ੍ਹਾਂ ਰਾਹੀਂ ਸਾਨੂੰ ਸਾਖੀ-ਨਾਇਕ ਗੁਰੂ ਨਾਨਕ ਦੇਵ ਜੀ ਦੇ ਜਨਮ ਬਾਰੇ, ਉਨ੍ਹਾਂ ਦੇ ਮਾਪਿਆਂ ਬਾਰੇ, ਵੰਸ਼, ਜਨਮ ਵਰ੍ਹੇ ਤੇ ਸਮੇਂ ਬਾਰੇ ਕੁਝ ਸੂਚਨਾ ਮਿਲਦੀ ਹੈ। ਪਰ, ਝੱਟ ਹੀ ਸਾਖੀਕਾਰ ਆਪਣੇ ਨਾਇਕ ਨੂੰ ਇਸ ਭੌਤਿਕ ਵਾਸਤਵਿਕਤਾ ਨਾਲੋਂ ਤੋੜ ਕੇ ਪਰਾਭੌਤਿਕਤਾ ਨਾਲ ਜੋੜਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਕਾਰਜ ਸਾਖੀ-ਨਾਇਕ ਨੂੰ ਸਧਾਰਣ ਸੰਸਾਰਿਕਤਾ ਨਾਲੋਂ ਤੋੜਣ ਤੇ ਅਸਧਾਰਣ ਅਧਿਆਤਮਿਕਤਾ ਨਾਲ ਉਸ ਦਾ ਸੰਬੰਧ ਜੋੜਣ ਨਾਲ ਸੰਪੰਨ ਹੁੰਦਾ ਹੈ। ਸਾਖੀ ਨਾਇਕ ਦੇ ਅਵਤਾਰ ਧਾਰਣ 'ਤੇ ਅਨਹਦ ਸ਼ਬਦ ਦਾ ਵਜਣਾ, ਤੇਤੀ ਕਰੋੜ ਦੇਵਤਿਆਂ, ਨੌਂ ਨਾਥਾਂ, ਛੇਆਂ ਜਤੀਆਂ, ਚੌਰਾਸੀ ਸਿਧਾਂ, ਕੋਟ ਕਰੋੜੀ ਵੈਸ਼ਨਵਾਂ ਆਦਿ ਦਾ ਸਾਖੀ-ਨਾਇਕ ਨੂੰ ਨਮਸਕਾਰ ਕਰਨਾ, ਬਾਜੰਤਰ ਬਾਜਿਆਂ ਦਾ ਵਜਣਾ ਅਤੇ ਬੰਦੀ ਜਨਾਂ ਦਾ ਮੁਕਤ ਹੋਣਾ ਆਦਿ ਬਾਰੇ ਵੇਰਵੇ ਇਸ ਵਿਚਾਰ ਦੀ ਪੁਸ਼ਟੀ ਕਰਦੇ ਪ੍ਰਤੀਤ ਹੁੰਦੇ ਹਨ। ਇਉਂ, ਜਨਮਸਾਖੀ ਦੇ ਅਰੰਭ ਵਿਚ ਹੀ ਇਕ ਵਿਸ਼ੇਸ਼ ਕਿਸਮ ਦਾ ਅਧਿਆਤਮੀ-ਪ੍ਰਸੰਗ ਸਿਰਜ ਲਿਆ ਗਿਆ ਹੈ, ਜੋ ਅੱਗੇ ਚਲ ਕੇ ਸਮੁੱਚੀ ਜਨਮਸਾਖੀ ਦੇ ਅੰਤਰਗਤ ਵਿਸਥਾਰ ਗ੍ਰਹਿਣ ਕਰਦਾ ਦੇਖਿਆ ਜਾਂਦਾ ਹੈ। ਇਹ ਅਧਿਆਤਮੀ-ਪ੍ਰਸੰਗ ਆਪਣੀ ਮੂਲ ਬਿਰਤੀ ਵਿਚ ਮਿਥਕੀ-ਪ੍ਰਵਚਨ ਦਾ ਦਰਜਾ ਰਖਦਾ ਹੈ। ਅਜਿਹਾ ਮਿਥਕੀ-ਪ੍ਰਵਚਨ ਹਮੇਸ਼ਾਂ ਹੀ ਕਾਲ ਦੀ ਨਿਰੰਤਰ ਗਤੀ ਨੂੰ ਦਬਾ ਕੇ ਹੀ ਆਪਣੀ ਸਾਰਥਕਤਾ ਜ਼ਾਹਰ ਕਰਨ ਦੀ ਰੁਚੀ ਰਖਦਾ ਹੈ। ਦੂਸਰੇ ਸ਼ਬਦਾਂ ਵਿਚ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਸਧਾਰਣ ਕਾਲਗਤੀ ਨੂੰ ਅਕਾਲਗਤੀ ਵਿਚ ਰੂਪਾਂਤਰਣ ਦੇਣ ਦੀ ਇਕ ਮੰਨੀ-ਪਰਮੰਨੀ ਜੁਗਤ ਹੈ। ਇਸ ਜੁਗਤ ਦੀ ਵਰਤੋਂ ਕੇਵਲ ਇਸ ਜਨਮਸਾਖੀ ਵਿਚ ਹੀ ਨਹੀਂ, ਸਗੋਂ 'ਜਨਮਸਾਖੀ ਪਰੰਪਰਾ' ਨਾਲ ਸੰਬੰਧਤ ਸਾਰੇ ਗਲਪੀ-ਪਾਠਾਂ ਵਿਚ ਬੜੀ ਸ਼ਿੱਦਤ ਨਾਲ ਹੋਈ ਹੈ। ਸਾਖੀ ਨਾਇਕਦੇ ਅਵਤਾਰ ਧਾਰਣ ਨਾਲ ਸੰਬੰਧਤ ਇਹ ਸਾਰੇ ਵੇਰਵੇ ਹੀ ਸਾਖੀਕਾਰ (ਸੋਢੀ ਮਿਹਰਬਾਨ) ਦੀ ਅਧਿਆਤਮੀ-ਜੁਗਤ ਅਧੀਨ ਪੇਸ਼ ਨਹੀਂ ਹੋਏ, ਸਗੋਂ ਉਸ ਦੀ ਸ਼ਖ਼ਸੀਅਤ ਦਾ ਵਿਕਾਸ ਵੀ ਇਸੇ ਜੁਗਤ ਅਨੁਸਾਰੀ ਹੁੰਦਾ ਹੈ। ਮਸਲਨ, ਇਸੇ ਸਾਖੀ ਨਾਲ ਸੰਬੰਧਤ ਇਹ ਸਤਰਾਂ ਹੀ ਲਉ :—

> ''ਅਵਰਾ ਬਾਲਕਾ ਕਾ ਸੁਭਾਉ ਰੋਵਣੈ ਕਾ'' ''ਊਆਂ ਊਆਂ ਅਰੁ ਗੁਰੂ ਬਾਬੇ ਨਾਨਕ ਕਾ ਸੁਭਾਉ ਏਹੀ ਕਹੈ'' ਤੇਰੋ ਨਾਉਂ, ਤੇਰੋ ਨਾਉਂ।'' ਪਣੁ ਪੈਛਾਣਿ ਕੋਈ ਨ ਸਕੈ ਜੋ ਏਹੁ ਕਿਆ ਕਰਤਾ ਹੈ।''
>
> (ਪੰਨਾ-੫੮) ਜ. ੫.

ਇਥੇ ਬਾਲ ਨਾਨਕ ਦੇ ਸੁਭਾਅ ਨੂੰ ਸਧਾਰਣ ਬਾਲਕਾਂ ਦੇ ਸੁਭਾਅ ਤੋਂ ਨਿਖੇੜਨ ਦਾ ਸੁਚੇਤ ਯਤਨ ਹੈ। ਆਮ ਬੱਚੇ 'ਉਆਂ ਊਆਂ' ਕਰ ਕੇ ਰੋਂਦੇ ਹਨ ਪਰ ਬਾਲ ਨਾਨਕ 'ਤੇਰੋ ਨਾਉਂ, ਤੇਰੋ ਨਾਉਂ' ਉਚਾਰਦਾ ਹੈ, ਜੋ ਕਿਸੇ ਦੀ ਸਮਝ ਨਹੀਂ ਪੈਂਦਾ। ਅੰਤਰ-ਨਿਖੇੜ ਦਾ ਇਹ ਸਿਲਸਿਲਾ ਇਸ ਸਾਖੀ ਵਿਚ ਨਿਰੰਤਰ ਚਲਦਾ ਵੇਖਿਆ ਜਾਂਦਾ ਹੈ। ਮਸਲਨ :—

> ''ਗੁੜਤੀ ਜਬ ਮਿਲੈ ਤਬ ਲੇ ਨਾ, ਨਾਤਰਿ ਪੜਿਆ ਅੰਗਸਤੁ ਚੂਸੇ।
> ਮਾਤਾ ਜਬ ਅਸਥਨੁ ਦੇਇ ਤਉ ਦੇਇ, ਨਾਤਰਿ ਰੋਇ ਕਰਿ ਨ ਲੇਇ।
> ਸਹਜ ਸਉ ਦੇਇ ਤਉ ਦੇਇ। ਨਾਤਰਿ ਗੁਰੂ ਬਾਬੇ ਨਾਨਕ ਦਾ ਜਨਮ ਸੁਭਾਉ ਇਵ ਹੀ ਹੈ; 'ਤੇਰੇ ਨਾਉਂ, ਤੇਰੋ ਨਾਉਂ।''

ਇਹ ਗੱਲ ਫਿਰ ਬਾਲ ਨਾਨਕ ਨੂੰ ਸਧਾਰਣ ਮਾਨਵਤਾ ਤੋਂ ਨਿਖੇੜਦੀ ਹੈ। ਸਾਖੀਕਾਰ ਨੇ ਜੰਮਦਿਆਂ ਹੀ ਬਾਲ ਨਾਨਕ ਨੂੰ ਅਧਿਆਤਮਿਕਤਾ ਦੇ ਵਸ ਕਰ ਦਿੱਤਾ ਹੈ। ਉਸ ਦੇ ਸੁਭਾਅ ਦੀਆਂ ਅਲਾਮਤਾਂ ਜਾਂ ਲੱਛਣ ਦਸ ਪਾਉਂਦੇ ਹਨ ਕਿ ਉਹ ਕੋਈ ਆਮ ਬਾਲਕ ਨਹੀਂ, ਸਗੋਂ ਕੋਈ ਅਤਿਆਤਮੀ ਪੁਰਖ ਹੈ। ਅੱਗੇ ਚਲ ਕੇ ਸਾਖੀਕਾਰ ਆਪਣੇ ਨਾਇਕ ਨੂੰ 'ਕੁਲਿ ਤਾਰਕੁ' ਤੇ 'ਕੁਲਿ ਨਿਸਤਾਰਣਹਾਰਾ' ਹੋਣ ਦਾ ਖ਼ਿਤਾਬ ਪ੍ਰਦਾਨ ਕਰਦਾ ਹੈ। 'ਪੁਰਾਤਨ ਜਨਮਸਾਖੀ' ਵਿਚ ਇਸ ਨੂੰ 'ਪਾਰਬ੍ਰਹਮ ਦਾ ਨਿਜ ਭਗਤ' ਤੇ 'ਜਗਤੁ ਨਿਸਤਾਰਣਹਾਰਾ' ਕਰਾਰ ਦਿੱਤਾ ਗਿਆ ਸੀ। ਬਾਕੀ ਦੇ ਜਨਮਸਾਖੀ-ਪਾਠਾਂ ਵਿਚ ਵੀ ਲੱਗਭਗ ਇੰਝ ਹੀ ਵਾਪਰਦਾ ਦੇਖਿਆ ਜਾਂਦਾ ਹੈ। ਸੋ ਸਪੱਸ਼ਟ ਹੈ ਕਿ ਜਨਮ ਨਾਲ ਹੀ ਸਾਖੀ-ਨਾਇਕ ਦੇ ਇਰਧ-ਗਿਰਧ ਵਿਸ਼ੇਸ਼ ਪ੍ਰਕਾਰ ਦਾ ਅਧਿਆਤਮੀ-ਪ੍ਰਸੰਗ ਉਸਾਰ ਦਿੱਤਾ ਜਾਂਦਾ ਹੈ, ਜਿਸ ਦੇ ਨੇਮ-ਪ੍ਰਬੰਧ ਅਨੁਕੂਲ ਹੀ ਸਾਖੀ-ਨਾਇਕ ਦੀ ਸ਼ਖ਼ਸ਼ੀਅਤ ਦਾ ਵਿਕਾਸ ਹੁੰਦਾ ਦੇਖਿਆ ਜਾਂਦਾ ਹੈ। ਬਾਲ ਨਾਨਕ ਦੀਆਂ ਹਰਕਤਾਂ ਤੇ ਬੈਠਣ ਦੇ ਤੌਰ-ਤਰੀਕੇ ਉਸ ਨੂੰ ਸਧਾਰਣ ਬਾਲਕਾਂ ਨਾਲੋਂ ਨਖੇੜਦੇ ਹਨ। ਮਸਲਨ :—

> ''ਤਬ ਓਹਿ ਜੁਗਿੰਦ੍ਰ ਚਕ੍ਰ ਦੀ ਗੋਠਿ ਉਤਾਰਿ ਕਰਿ ਸੀਧੀ ਗੋਠਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੋਇ ਬੈਠਾਵਹਿ । ਜਬ ਲਗੁ ਫੜਿ ਰਾਖਹਿ ਤਬ ਲਗੁ ਸੀਧੀ ਗੋਠਿ ਹੋਇ ਜਬ ਛੋਡਿ ਦੇਹਿ ਤਬ ਬਹੁੜਿ ਜੋਗ ਚਕ੍ਰ ਗੋਠਿ ਹੋਇ ਜਾਇ । ਤਬ ਲੋਕ ਕਹਹਿ ਜਿ ਏ ਪਰਮੇਸੁਰ ! ਏਸ ਕੀ ਕੈਸੀ ਗੋਠਿ ਹੈ ਬੈਠਣੇ ਕੀ, ਕਿਉ ਕਰਿ ਬੈਠਤਾ ਹੈ ਸਾਤ ਮਹੀਨੇ ਕਾ ਬਾਲਕੁ, ਅਰੁ ਏਸ ਕੀ ਬੈਠਕ ਜੋਗ ਚਕ੍ਰ ਹੋਇ ਜਾਤੀ ਹੈ ।" (ਪੰਨਾ-੫੯) ਜ. ਪ.

"ਜਬ ਚਾਰਿ ਬਰਸ ਕਾ ਹੂਆ ਤਬ ਗੋਲੀਐ ਟੇਟੀਐ ਲਾਗਾ ਖੇਲਨੈ ਬਾਲਕਾ ਸਾਥਿ । ਅਵਰੁ ਬਾਲਕਾ ਕੀ ਅਵਰੁ ਚੇਸ਼ਟਾ ਗੁਰੂ ਬਾਬੇ ਨਾਨਕ ਜੀ ਕੀ ਕਿਛੁ ਅਵਰੁ ਚੇਸ਼ਟਾ । ਜਬ ਪੰਜਿ ਛਿਆਂ ਬਰਸਾਂ ਕਾ ਹੂਆ ਤਬ ਖੇਲੈ ਬਾਲਕਹੁ ਸਾਥਿ ਅਰੁ ਬੋਲੈ ਬ੍ਰਹਮ ਗਿਆਨੁ, ਨਸੀਹਤਿ ਦੇ ਬਾਲਕਾਂ ਕਉ ਅਰੁ ਵਡਿਆਂ ਕਉ, ਬਿਗਿਆਨਿਆਂ ਕਉ ।"

(ਪੰਨਾ-੫੯) ਜ. ਪ.

ਇਉਂ, ਬਾਲ ਨਾਨਕ ਦੀ ਸ਼ਖ਼ਸੀਅਤ ਦੇ ਲੱਛਣ, ਹਰਕਤਾਂ, ਪ੍ਰਤੀ ਉੱਤਰ, ਉਠਣ-ਬੈਠਣ ਦੇ ਤੌਰ-ਤਰੀਕੇ, ਜੀਵਨ-ਜਾਚ ਆਦਿ ਸਭ ਕੁਝ ਉਸ ਨੂੰ ਸਧਾਰਣ ਮਾਨਵਤਾ ਤੋਂ ਨਿਖੇੜਦਾ ਚਲਿਆ ਜਾਂਦਾ ਹੈ । ਸਾਖੀਕਾਰ ਉਸ ਨੂੰ ਜਨਮ ਨਾਲ ਹੀ 'ਕੁਲਿ ਤਾਰਕੁ', 'ਕੁਲਿ ਨਿਸਤਾਰਣਹਾਰਾ' 'ਪਰਮੇਸ਼ਰ' ਆਦਿ ਵਿਸ਼ੇਸ਼ਣਾਂ ਨਾਲ ਉਸ ਦੀ ਪ੍ਰਤਿਭਾ ਨੂੰ ਵਡਿਆਉਂਦਾ ਹੈ । ਕੇਵਲ ਵਡਿਆਉਂਦਾ ਹੀ ਨਹੀਂ, ਸਗੋਂ ਇਕ ਗਿਣੀ-ਮਿਥੀ ਯੋਜਨਾ ਅਨੁਸਾਰ ਉਸ ਨੂੰ ਸੰਸਾਰਿਕਤਾ ਨਾਲੋਂ ਨਿਰੰਤਰ ਤੋੜਦਾ ਚਲਿਆ ਜਾਂਦਾ ਹੈ ਅਤੇ ਪਾਰਲੌਕਿਕਤਾ ਨਾਲ ਉਸ ਦਾ ਸਰੋਕਾਰ ਜੋੜਣ ਦੇ ਆਹਰ ਵਿਚ ਰੁਝਿਆ ਨਜ਼ਰ ਆਉਂਦਾ ਹੈ । ਇਸ ਸਾਰੇ ਕਾਸੇ ਵਿਚ ਉਸ ਨੂੰ ਆਪਣੀ ਪੂਰਵ ਨਿਸ਼ਚਤ ਅਧਿਆਤਮੀ-ਜੁਗਤ ਹੀ ਰਾਸ ਆਉਂਦੀ ਹੈ । ਇਹ ਇਕ ਐਸੀ ਜੁਗਤ ਹੈ ਜੋ ਕੇਵਲ ਇਸ ਜਨਮਸਾਖੀ ਵਿਚ ਹੀ ਨਹੀਂ, ਸਗੋਂ ਸਾਰੇ ਜਨਮਸਾਖੀ-ਪਾਠਾਂ ਵਿਚ ਹਿਸਾਬੀਅਤ ਦੇ ਨੇਮ ਵਾਂਗ ਬਾਰ ਬਾਰ ਦੁਹਰਾਈ ਜਾਂਦੀ ਹੈ । ਨਤੀਜਨ, ਸਾਰੇ ਜਨਮਸਾਖੀਕਾਰਾਂ ਦੀ ਇਹ ਇਕ ਪ੍ਰਮੁੱਖ ਜੁਗਤ ਹੋ ਨਿਬੜਦੀ ਹੈ । ਹਰ ਜਨਮਸਾਖੀਕਾਰ, ਆਪਣੇ ਨਾਇਕ ਦੀ ਅਧਿਆਤਮਿਕ ਉੱਚਤਾ ਤੇ ਸਭਿਆਚਾਰਕ ਮਹੱਤਤਾ ਨੂੰ ਉਭਾਰਣ ਲਈ, ਉਸ ਦੇ ਜਨਮ ਨਾਲ ਸੰਬੰਧਤ ਸਾਰੇ ਵੇਰਵਿਆਂ ਨੂੰ ਅਧਿਆਤਮਿਕਤਾ ਉਪਰ ਘਟਾਉਂਦਾ ਚਲਿਆ ਜਾਂਦਾ ਹੈ । ਇਹ ਸਿਲਸਿਲਾ ਕੇਵਲ ਇਸ ਸਾਖੀ ਵਿਚ ਹੀ ਨਹੀਂ, ਸਗੋਂ ਸਮੁੱਚੀ ਜਨਮਸਾਖੀ-ਪਰੰਪਰਾ ਵਿਚ ਨਿਰੰਤਰ ਚਲਦਾ ਹੈ । ਸਿੱਟੇ ਵਜੋਂ, ਇਨ੍ਹਾਂ ਜਨਮਸਾਖੀ-ਪਾਠਾਂ 'ਚੋਂ ਜੋ ਨਾਨਕ-ਬਿੰਬ ਉੱਭਰ ਕੇ ਸਾਹਮਣੇ ਆਉਂਦਾ ਹੈ—ਉਹ ਨਾ ਤਾਂ ਨਿਰੋਲ ਇਤਿਹਾਸਕ-ਬਿੰਬ ਹੁੰਦਾ ਹੈ ਅਤੇ ਨਾ ਹੀ ਵਾਸਤਵਿਕ । ਇਨ੍ਹਾਂ ਦੇ ਉਲਟ ਉਹ ਇਕ ਪ੍ਰਕਾਰ ਦਾ ਮਿਥਕ-ਬਿੰਬ ਹੋ ਨਿਬੜਦਾ ਹੈ । ਅਜਿਹੇ ਮਿਥਕ-ਬਿੰਬ ਦੀ ਉਸਾਰੀ ਲਈ ਸਾਖੀਕਾਰ ਕੇਵਲ ਕਾਲ ਦੀ ਨਿਰੰਤਰਤਾ ਨੂੰ ਹੀ ਭੰਗ ਨਹੀਂ ਕਰਦੇ ਸਗੋਂ ਥਾਂ ਥਾਂ ਬਿਰਤਾਂਤ ਦੀ ਨਿਰੰਤਰਤਾ ਨੂੰ ਵੀ ਭੰਗ ਕਰਦੇ ਚਲੇ ਜਾਂਦੇ ਹਨ । ਇਹੀ ਵਜ੍ਹਾ ਹੈ ਕਿ ਇਨ੍ਹਾਂ ਜਨਮਸਾਖੀਆਂ ਦਾ ਬਿਰਤਾਂਤ ਕਿਸੇ ਲੰਬੇ ਵਕਫ਼ੇ ਵਿਚ ਫੈਲਣ ਦੀ ਥਾਂ ਨਿਰੰਤਰ ਸੁੰਘੜਦਾ ਚਲਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਜਾਂਦਾ ਹੈ । ਸਾਖੀਕਾਰਾਂ ਦੀ ਅਧਿਆਤਮਕ-ਜੁਗਤ, ਕੇਵਲ ਸਾਖੀ-ਨਾਇਕ ਦੀ ਸ਼ਖ਼ਸੀਅਤ ਨੂੰ ਉਸਾਰਣ ਵਿਚ ਹੀ ਅਹਿਮ ਭੂਮਿਕਾ ਨਹੀਂ ਨਿਭਾਉਂਦੀ, ਸਗੋਂ ਜਨਮਸਾਖੀ-ਬਿਰਤਾਂਤ ਉਪਰ ਵੀ ਇਸ ਦਾ ਅਸਰ ਪ੍ਰਤੱਖ ਹੈ ।

ਇਥੇ ਇਹ ਨੁਕਤਾ ਵੀ ਮਹੱਤਵਪੂਰਣ ਹੈ ਕਿ ਸਾਰੇ ਜਨਮਸਾਖੀਕਾਰ ਆਪਣੇ ਨਾਇਕ ਬਾਬੇ ਨਾਨਕ ਨੂੰ ਕੇਵਲ ਅਧਿਆਤਮੀ-ਪੁਰਖ ਵਜੋਂ ਹੀ ਸਥਾਪਤ ਕਰਨਾ ਨਹੀਂ ਲੋਚਦੇ, ਸਗੋਂ ਉਸ ਨੂੰ ਇਕ ਸਰਬ ਸਾਂਝੇ ਸਭਿਆਚਾਰਕ-ਨਾਇਕ ਵਜੋਂ ਵੀ ਉਭਾਰਣਾ ਚਾਹੁੰਦੇ ਹਨ । ਇਸ ਮੰਤਵ ਦੀ ਪੂਰਤੀ ਹਿੱਤ ਉਹ ਜਨਮ 'ਤੇ, ਆਪਣੇ ਸਾਖੀ-ਨਾਇਕ ਨੂੰ ਬੀਰਾਂ, ਸਿਧਾਂ, ਨਾਥਾਂ, ਵੈਸ਼ਨਵਾਂ ਆਦਿ ਪਾਸੋਂ ਨਮਸ਼ਕਾਰ ਕਰਵਾ ਕੇ, ਉਸਦੀ ਸਿਰਮੌਰਤਾ ਨੂੰ ਵੱਖ ਵੱਖ ਸੰਪਰਦਾਵਾਂ ਪਾਸੋਂ ਮਾਨਤਾ ਦਿਵਾਉਣਾ ਚਾਹੁੰਦੇ ਹਨ । ਇਸੇ ਯੋਜਨਾ ਅਧੀਨ ਹੇਠ ਲਿਖੀਆਂ ਪੰਗਤੀਆਂ ਦੀ ਸਾਰਥਕਤਾ ਵੀ ਜ਼ਾਹਿਰ ਹੁੰਦੀ ਹੈ :—

> "ਜੇ ਕੋਈ ਹਿੰਦੂ ਜਨਮੁ ਦੇਖੈ ਸਿ ਕਹੈ, "ਧੰਨਿ ਗੋਂਬਿੰਦ ! ਏਤਾ ਕੁ ਬਾਲਕੁ ਹੈ ਅਰੁ ਕਹਾ ਸੁਭ ਬਚਨ ਕਹਤਾ ਹੈ ਤੈਸਾ ਹੀ ਸੁੰਦਰਤਾਈ ਹੈ ਅਰੁ ਤੈਸੋ ਹੀ ਸੁਭ ਬਚਨ ਬੋਲਤਾ ਹੈ । ਕੋਈ ਪਰਮੇਸੁਰ ਕਾ ਰੂਪ ਹੈ । ਅਰੁ ਜੇ ਕੋਈ ਤੁਰਕੁ ਦੇਖੈ ਸੁ ਇਵੈ ਹੀ ਕਹੈ ਜਿ "ਵਾਹੁ ਖ਼ੁਦਾਇ । ਤੇਰੀ ਪੈਦਾਸ਼ਿ, ਕੈਸਾ ਲੜਕਾ ਖੂਬਿਸੂਰਤਿ ਹੈ ਅਰੁ ਬੋਲਤਾ ਕੈਸਾ ਨਸੀਹਤਿ ਹੈ । ਅਰੁ ਨਿਸ਼ਾ ਕੈਸੀ ਹੋਤੀ ਹੈ ਏਸ ਕੇ ਬੋਲਣੈ ਸਾਥਿ । ਵਡਾ ਕੋਈ ਖ਼ੁਦਾਦਿ ਦਾ ਨੇਕੁ ਹੈ ।" (ਪੰਨਾ 59 ਜ.ਪ.)

ਹਿੰਦੂ ਇਸਨੂੰ 'ਪਰਮੇਸੁਰ ਕਾ ਰੂਪ ਕਰਕੇ ਜਾਣਦੇ ਹਨ ਅਤੇ ਤੁਰਕ 'ਵਡਾ ਕੋਈ ਖੁਦਾਇ ਦਾ ਨੇਕੁ' ਕਹਿਕੇ ਵਡਿਆਉਂਦੇ ਹਨ । ਇਉਂ ਉਹ ਹਿੰਦੂ-ਮੁਸਲਿਮ ਦੋਹਾਂ ਧਿਰਾਂ ਨੂੰ ਸਮਾਨ ਰੂਪ ਵਿਚ ਸਵੀਕ੍ਰਿਤ ਹੈ । ਅਜਿਹੀ ਸਵੀਕ੍ਰਿਤੀ ਦਿਵਾਉਣ ਲਈ ਸਾਖੀਕਾਰ ਸਾਂਝੇ ਪੰਜਾਬੀ ਸਭਿਆਚਾਰ ਦੀ ਚਿਹਨਕੀ-ਜੁਗਤ ਨੂੰ ਇਸਤੇਮਾਲ ਵਿਚ ਲਿਆਉਂਦਾ ਹੈ । ਇਹ ਚਿਹਨਕੀ-ਜੁਗਤ ਵੀ ਸਾਖੀ-ਨਾਇਕ ਬਾਬੇ ਨਾਨਕ ਦੀ ਅਧਿਆਤਮਿਕਤਾ ਨੂੰ ਹੀ ਉਭਾਰਦੀ ਨਜ਼ਰ ਆਉਂਦੀ ਹੈ । 'ਅਵਤਾਰ ਧਾਰਨਾ' ਸਾਖੀ ਨਾਲ ਸਾਖੀ-ਸੰਰਚਨਾ ਦਾ ਇਕ ਅਜਿਹਾ ਮਾਡਲ ਨਿਸ਼ਚਤ ਹੋ ਜਾਂਦਾ ਹੈ, ਜਿਸ ਦੇ ਅਨੁਸਾਰ ਹੀ ਅੱਗਲੀਆਂ ਸਾਰੀਆਂ ਸਾਖੀਆਂ ਦੀ ਸਿਰਜਣਾ ਹੁੰਦੀ ਹੈ । ਇਹ ਹੱਥਲੀ ਜਨਮ ਸਾਖੀ ਦਾ ਆਪਣਾ ਕੋਈ ਨਿਵੇਕਲਾ ਮਾਡਲ ਨਹੀਂ, ਸਗੋਂ 'ਪੁਰਾਤਨ ਜਨਮਸਾਖੀ' ਵਿਚ ਸਿਰਜੇ ਗਏ ਮਾਡਲ ਦਾ ਹੀ ਰੂਪਾਂਤਰਿਤ ਰੂਪ ਹੈ । ਇਥੋਂ ਤੱਕ ਕਿ ਅੱਗਲੀਆਂ ਜਨਮਸਾਖੀਆਂ ਦੀ ਸਿਰਜਣਾ ਵੀ ਇਸੇ ਮਾਡਲ ਅਨੁਸਾਰ ਹੋਈ ਦੇਖੀ ਜਾਂਦੀ ਹੈ । ਸਾਖੀ-ਨਾਇਕ ਦੇ ਮਿਥਕੀ-ਆਧਿਆਤਮ ਨੂੰ ਹੋਰ ਉਭਾਰਣ ਲਈ ਇਹ ਜਨਮਸਾਖੀਕਾਰ, ਅੱਗੇ ਚਲ ਕੇ 'ਕਰਾਮਾਤ' ਤੇ 'ਬਾਣੀ ਸਿਰਜਣਾ' ਦੀਆਂ ਦੋ ਹੋਰ ਜੁਗਤਾਂ ਨੂੰ ਵਰਤੋਂ ਵਿਚ ਲਿਆਉਂਦੇ ਹਨ । ਇਨ੍ਹਾਂ ਜੁਗਤਾਂ ਦੀ ਵਰਤੋਂ ਸਮੁੱਚੀ ਜਨਮਸਾਖੀ-ਪਰੰਪਰਾ ਵਿਚ ਨਿਰੰਤਰ ਹੋਈ ਮਿਲਦੀ ਹੈ । ਇਨ੍ਹਾਂ ਜੁਗਤਾਂ ਦੀ ਸਹਾਇਤਾ ਨਾਲ ਜਨਮਸਾਖੀਕਾਰ ਬਾਬੇ ਨਾਨਕ ਦੇ ਜੀਵਨ ਨਾਲ ਸੰਬੰਧਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਤਿਹਾਸਿਕਤਾ ਦਾ ਅਜਣਬੀਕਰਣ ਕਰਦੇ ਚਲੇ ਜਾਂਦੇ ਹਨ । ਇਹ 'ਅਜਨਬੀਕਰਣ' ਦੂਸਰੇ ਸ਼ਬਦਾਂ ਵਿਚ ਇਤਿਹਾਸਿਕਤਾ ਤੇ ਵਾਸਤਵਿਕਤਾ ਦੀ 'ਮਿਥੀਕਰਣ' ਹੀ ਹੈ। ਪਾਂਧੇ ਪਾਸ ਪੜ੍ਹਨਾ, ਜੰਞੂ ਸੰਸਕਾਰ, ਖੇਤ, ਹਰਿਆ ਦਰਖ਼ਤ ਦੀ ਛਾਂ ਨਾ ਢਲਨਾ, ਵੈਦ ਬੁਲਾਇਆ, ਵੇਈਂ ਪ੍ਰਵੇਸ਼ ਆਦਿ ਲੱਗਭਗ ਸਾਰੀਆਂ ਸਾਖੀਆਂ ਵਿਚ ਇਹ ਜੁਗਤਾਂ ਵਿਆਪਤ ਹਨ । ਜੁਗਤਾਂ ਦੀ ਅਜਿਹੀ ਵਰਤੋਂ, ਪੂਰਵ ਨਿਸ਼ਚਤ ਯੋਜਨਾ ਮੁਤਾਬਕ ਹੋਈ ਹੈ । ਯੋਜਨਾ, ਸਾਖੀ-ਨਾਇਕ ਨੂੰ ਪਰਿਵਾਰਿਕਤਾ ਤੇ ਸੰਸਾਰਿਕਤਾ ਤੋਂ ਤੋੜ ਕੇ ਅਧਿਆਤਮੀ ਜਗਤ ਵਿਚ ਟਿਕਾਉਣ ਦੀ ਹੈ । ਭਾਵ, ਬਾਬੇ ਨਾਨਕ ਦੇ ਜੀਵਨ ਨਾਲ ਸੰਬੰਧਤ ਇਤਿਹਾਸਿਕਤਾ ਤੇ ਵਾਸਤਵਿਕਤਾ ਨੂੰ ਮਿਥਕੀ-ਅਧਿਆਤਮ ਵਿਚ ਰੂਪਾਂਤਰਣ ਦੇਣ ਦੀ ਹੈ । ਜਿਉਂ ਜਿਉਂ ਅਸੀਂ ਇਨ੍ਹਾਂ ਗਲਪੀ-ਪਾਠਾਂ ਦੇ ਬਿਰਤਾਂਤਕ ਵਿਵਰਣਾਂ ਤੇ ਵੇਰਵਿਆਂ ਨੂੰ ਇਕ ਯੋਜਨਾ ਉਪਰ ਘਟਾਉਂਦੇ ਚਲੇ ਜਾਂਦੇ ਹਾਂ, ਤਿਉਂ ਤਿਉਂ ਇਨ੍ਹਾਂ ਦੇ ਜੁਗਤ-ਵਿਧਾਨ ਦੀ ਸਾਰਥਕਤਾ ਉਜਾਗਰ ਹੁੰਦੀ ਜਾਂਦੀ ਹੈ । ਸੋ ਸਪੱਸ਼ਟ ਹੈ ਕਿ ਇਨ੍ਹਾਂ ਗਲਪੀ-ਪਾਠਾਂ ਦੇ ਰਚੈਤਾ ਆਪਣੀ ਯੋਜਨਾ ਤੇ ਜੁਗਤ-ਵਿਧਾਨ ਪ੍ਰਤੀ ਕਾਫੀ ਸੁਚੇਤ ਹਨ ।

ਅਜਿਹੀਆਂ ਹੀ ਕੁਝ ਜੁਗਤਾਂ 'ਜਨਮ ਸਾਖੀ ਭਗਤ ਕਬੀਰ' ਵਿਚ ਵੀ ਵਿਆਪਤ ਹੋਈਆਂ ਪ੍ਰਤੀਤ ਹੁੰਦੀਆਂ ਹਨ । ਇਹ ਜਨਮਸਾਖੀ ਭਗਤ ਕਬੀਰ ਜੀ ਦੇ ਜੀਵਨ, ਪ੍ਰਵਚਨਾਂ ਤੇ ਸਿੱਧਾਂਤਾਂ ਨੂੰ ਇਕ ਗਲਪੀ-ਪ੍ਰਬੰਧ ਵਿਚ ਬੰਨ੍ਹਣ ਦਾ ਯਤਨ ਹੈ । ਉਪਰ ਕਥਿਤ ਜਨਮਸਾਖੀ-ਪਰੰਪਰਾ ਦੀ ਤਰ੍ਹਾਂ, ਇਹ ਜਨਮਸਾਖੀ ਵੀ ਪੂਰੀ ਤਰ੍ਹਾਂ ਸੁਗਠਿਤ ਤੇ ਇਕ ਨਿਯੋਜਿਤ-ਪ੍ਰਬੰਧ ਦੀ ਲਖਾਇਕ ਹੈ । ਇਸ ਵਿਚ ਵੀ ਭਗਤ ਕਬੀਰ ਹੋਰਾਂ ਦੀ ਜੀਵਨਗਤ ਵਾਸਤਵਿਕਤਾ ਤੇ ਇਤਿਹਾਸਿਕਤਾ ਨੂੰ ਮਿਥਕੀ-ਅਧਿਆਤਮ ਵਿਚ ਰੂਪਾਂਤਰਣ ਦੇਣ ਦੀ ਜੁਗਤ ਪ੍ਰਤੱਖ ਹੈ । ਮਿਸਾਲ ਦੇ ਤੌਰ 'ਤੇ ਇਸ ਜਨਮਸਾਖੀ ਦੀ ਇਕੱਤ੍ਰਵੀਂ ਸਾਖੀ ਨਾਲ ਸੰਬੰਧਤ ਇਹ ਪੰਕਤੀਆਂ ਲਉ :—

> "ਤਬ ਫਿਰਿ ਉਨਹੁ ਗੋਬਿੰਦ ਲੋਕਹੁ ਕਹਿਆ ਜੀ ਕਬੀਰ ਗੁਸਾਈਂ ਜੀ ਇਕ ਇਹ ਬੇਨਤੀ ਹੈ ਜੀ । ਓਹ ਜਿ ਚਾਕਰ ਹੋਤੇ ਹੈਂ ਸੁ ਉਨਕੇ ਅੰਤਰਿ ਮਹਾਂਬਲੁ ਅਹੰਕਾਰੁ ਹੋਤਾ ਹੈ ਲੜਣੇ ਕਾ ।। ਅਰੁ ਜੀ ਉਨਕੇ ਸਾਥਿ ਵਾਜੇ ਵਜਤੇ ਚਲਤੇ ਹੈਂ ਜੀ । ਅਰ ਜੀ ਓਹ ਲੜਿਆ ਹੀ ਲੜਿਆ ਚਾਹਤੇ ਹੈ ਓਹ ਸਿਰ ਕੀ ਕਾਨਿ ਨਾਹੀਂ ਕਰਤੇ ਮੂਆ ਹੀ ਮੂਆ ਚਾਹਤੇ ਹੈਂ ਜੀ । ਅਰੁ ਜੀ ਜਿਸ ਕੇ ਚਾਕਰ ਹੋਤੇ ਹੈ ਤਿਸੁ ਆਗੇ ਤਲਵਾਰੀ ਮਾਰਤੇ ਹੈਂ ਅਰੁ ਜੂਝਤੇ ਹੈਂ । ਏ ਕਬੀਰ ਜੀ ਤੁਮ ਮਹਿ ਬਲੁ ਅਹੰਕਾਰ ਕੈਸਾ ਹੈ ਜੀ । ਅਰੁ ਤੁਮ ਲੜਾਈ ਕਿਸੁ ਆਗੇ ਕਰਤੇ ਹਉ ਜੀ । ਤਬ ਕਬੀਰ ਗੁਸਾਈਂ ਬਾਨੀ ਬੋਲੀ ।। : ਅੰਤਰਿ ਜੋਤਿ ਪ੍ਰੇਮ ਰਸਿ ਭੀਜੈ ਸਬਦੁ ਅਨਾਹਦੁ ਵਾਜੈ ।। ਹੋਇ ਨਿਰੰਤਰਿ ਸਿਰ ਉਪਰਿ ਖੇਲੈ ਜੂਝੈ ਰਾਮ ਕੈ ਆਗੇ । ਤਿਸ ਕਾ ਪਰਮਾਰਥੁ : (ਪੰਨਾ ੬੫) ਪ.ਪ.ਵ.

ਇਸ ਜਨਮਸਾਖੀ ਵਿਚ ਦਰਜ ਸਾਖੀਆਂ ਨੂੰ 'ਕਥਾ' ਕਿਹਾ ਗਿਆ ਹੈ । ਵੈਸੇ ਵੀ ਇਹ ਸਾਖੀਆਂ, ਕਥਾ-ਸ਼ੈਲੀ ਵਿਚ ਰਚੀਆਂ ਹੋਣ ਕਰਕੇ, ਅਧਿਆਤਮਕ-ਪ੍ਰਵਚਨਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਨੇੜੇ ਪ੍ਰਤੀਤ ਹੁੰਦੀਆਂ ਹਨ। ਗੋਬਿੰਦ ਲੋਕ ਕਬੀਰ ਗੁਸਾਈਂ ਪਾਸੋਂ ਰਮਜ਼ ਭਰੇ ਪ੍ਰਸ਼ਨ ਪੁੱਛਦੇ ਹਨ। ਅੱਗੋਂ ਭਗਤ ਕਬੀਰ ਹੋਰੀਂ ਬਾਣੀ-ਉਚਾਰਣ ਤੇ ਉਸ ਦਾ ਪਰਮਾਰਥ ਦੱਸਦੇ ਹੋਏ, ਪੁੱਛੇ ਗਏ ਪ੍ਰਸ਼ਨਾਂ ਦਾ ਜਵਾਬ ਦੇਂਦੇ ਦੇਖੇ ਜਾਂਦੇ ਹਨ। ਪ੍ਰਸ਼ਨਾਂ ਤੇ ਜਵਾਬਾਂ ਦਾ ਇਹ ਸਿਲਸਿਲਾ ਇਸ ਜਨਮਸਾਖੀ ਵਿਚ ਨਿਰੰਤਰ ਚਲਦਾ ਹੈ। ਗੋਬਿੰਦ ਲੋਕਾਂ ਦੁਆਰਾ ਪੁੱਛੇ ਜਾਂਦੇ ਬਹੁਤੇ ਪ੍ਰਸ਼ਨ ਸੰਸਾਰਿਕਤਾ ਨਾਲ ਸੰਬੰਧ ਰਖਦੇ ਹਨ, ਪਰ ਭਗਤ ਕਬੀਰ ਜੀ ਉਨ੍ਹਾਂ ਦਾ ਜਵਾਬ ਅਧਿਆਤਮਕ ਦ੍ਰਿਸ਼ਟੀ-ਬਿੰਦੂ ਤੋਂ ਦੇਂਦੇ ਹਨ। ਇਉਂ ਇਥੇ ਵੀ ਸੰਸਾਰਿਕਤਾ ਦਾ ਅਧਿਆਤਮੀਕਰਣ ਨਿਰੰਤਰ ਹੁੰਦਾ ਦੇਖਿਆ ਜਾਂਦਾ ਹੈ। ਕਬੀਰ ਹੋਰਾਂ ਦੇ ਜਵਾਬ ਨਾਲ, ਉਨ੍ਹਾਂ ਗੋਬਿੰਦ ਲੋਕਾਂ ਦੀ ਤਸੱਲੀ ਹੋ ਜਾਂਦੀ ਹੈ ਅਤੇ ਉਹ ਅਖ਼ੀਰ ਕਬੀਰ ਪੰਥੀ ਜਾਂ ਭਗਤ ਕਬੀਰ ਹੋਰਾਂ ਦੇ ਸਿੱਖ ਹੋ ਨਿਬੜਦੇ ਹਨ। ਨਤੀਜਨ, ਜਨਮਸਾਖੀ-ਨਾਇਕ ਭਗਤ ਕਬੀਰ ਗੁਸਾਈਂ ਹੋਰਾਂ ਦੀ ਅਧਿਆਤਮਕ-ਸਿਰਮੌਰਤਾ ਸਥਾਪਤ ਹੁੰਦੀ ਚਲੀ ਜਾਂਦੀ ਹੈ। ਇਹ ਸਾਰਾ ਕਾਰਜ ਜਨਮਸਾਖੀਕਾਰ ਵੀ ਗਿਣੀ-ਮਿਥੀ ਯੋਜਨਾ ਮੁਤਾਬਕ ਹੀ ਨੇਪਰੇ ਚੜ੍ਹਦਾ ਹੈ। ਜਨਮਸਾਖੀ ਪਰੰਪਰਾ ਦੀ ਤਰ੍ਹਾਂ ਇਸ ਜਨਮਸਾਖੀ ਵਿਚ ਵੀ ਜੁਗਤ ਤੇ ਯੋਜਨਾ ਵਿਆਪਤ ਹੈ। ਇਸੇ ਲਈ ਅਸੀਂ ਇਸ ਜਨਮਸਾਖੀ ਨੂੰ ਇਕ ਸੁਗਠਿਤ ਨਿਯੋਜਿਤ ਪ੍ਰਬੰਧ ਖ਼ਿਆਲ ਕਰਦੇ ਹਾਂ। ਸ਼ੈਲੀ, ਯੋਜਨਾ ਤੇ ਜੁਗਤ-ਵਿਧਾਨ ਪੱਖੋਂ ਇਹ ਜਨਮਸਾਖੀ, ਪੁਰਾਤਨ ਸਾਖੀ ਜਾਂ ਸੋਢੀ ਮਿਹਰਬਾਨ ਵਾਲੀ ਜਨਮਸਾਖੀ ਨਾਲ ਮੇਲ ਖਾਂਦੀ ਪ੍ਰਤੀਤ ਹੁੰਦੀ ਹੈ।

ਇਨ੍ਹਾਂ ਜਨਮਸਾਖੀਆਂ ਤੋਂ ਛੁੱਟ ਇਸ ਕਾਲ ਦੇ ਦੌਰਾਨ ਰਚੇ ਗਏ ਕੁਝ ਹੋਰ ਸਾਖੀ-ਸੰਗ੍ਰਹਿ ਵੀ ਉਪਲੱਬਧ ਹਨ। ਇਨ੍ਹਾਂ ਵਿਚੋਂ ਸੌ ਸਾਖੀ, ਸਾਖੀਆਂ ਅੱਡਣ ਸ਼ਾਹ, ਸਿੱਖਾਂ ਦੀ ਭਗਤਮਾਲਾ ਆਦਿ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਇਨ੍ਹਾਂ ਸਾਖੀਆਂ ਵਿਚ ਕਿਸੇ ਗੁਰੂ, ਸੰਤ ਜਾਂ ਸਿੱਖ ਦੇ ਜੀਵਨ ਨਾਲ ਸੰਬੰਧਤ ਕੋਈ ਘਟਨਾ ਦੇ ਕੇ, ਉਸ ਰਾਹੀਂ ਕੋਈ ਨਾ ਕੋਈ ਅਧਿਆਤਮਕ-ਸੰਦੇਸ਼ ਸੰਚਾਰਿਤ ਕੀਤਾ ਗਿਆ ਹੁੰਦਾ ਹੈ। ਭਾਵੇਂ ਇਹ ਸਾਖੀਆਂ, ਜਨਮਸਾਖੀ-ਪਰੰਪਰਾ ਵਰਗਾ ਕੋਈ ਬੱਝਵਾਂ ਜਾਂ ਇਕਾਗਰ ਪ੍ਰਭਾਵ ਸਿਰਜਣ ਦੇ ਸਮਰੱਥ ਨਹੀਂ ਹਨ, ਪਰ ਫਿਰ ਵੀ ਇਨ੍ਹਾਂ ਵਿਚ ਵਿਆਪਤ ਯੋਜਨਾ ਤੇ ਜੁਗਤ ਤੋਂ ਅਸੀਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋ ਸਕਦੇ। ਗਹੁ ਨਾਲ ਵਾਚਿਆਂ ਪਤਾ ਚਲਦਾ ਹੈ ਕਿ ਇਨ੍ਹਾਂ ਸਾਖੀਆਂ ਵਿਹ ਕੁਝ ਸ਼ੈਲੀਗਤ ਸਮਾਨਤਾਵਾਂ ਹਨ। ਇਨ੍ਹਾਂ ਵਿਚ ਵਧੇਰੇ ਕਰਕੇ ਸੰਬਾਦ-ਵਿਧੀ ਨੂੰ ਹੀ ਵਰਤੋਂ ਵਿਚ ਲਿਆਇਆ ਗਿਆ ਹੈ। ਮਸਲਨ, 'ਸਿੱਖਾਂ ਦੀ ਭਗਤਮਾਲਾ' ਨਾਲ ਸੰਬੰਧਤ ਇਹ ਪੰਗਤੀਆਂ ਹੀ ਲਉ :—

> "ਤਾਂ ਉਨਾਂ ਅਰਦਾਸ ਕੀਤੀ। ਜੀ ਗਰੀਬ ਨਿਵਾਜ ਗੁਰਮੁਖਿ ਕਿਤਨੇ ਪ੍ਰਕਾਰ ਦੇ ਹੋਇ ਹੈਨਿ। ਤੇ ਮਨਮੁਖਿ ਕਿਤਨੇ ਪ੍ਰਕਾਰ ਦੇ ਹੈਨ। ਤਾਂ ਬਚਨੁ ਹੋਇਆ ਤਿਨ ਪ੍ਰਕਾਰ ਦੇ ਮਨਮੁਖਿ ਹੈਨ। ਤੇ ਤਿਨ ਪ੍ਰਕਾਰ ਦੇ ਗੁਰਮੁਖ ਗੁਰਮੁਖ ਹੈਨਿ। ਇਕ ਗੁਰਮੁਖ ਹੈ ਇਕ ਗੁਰਮੁਖਿਤਰੁ ਹੈਹਿ। ਇਕ ਗੁਰਮੁਖਿਤਮ ਹੈ...।" (ਪੰਨਾ ੭੨) ਪ.ਪ.ਵ.

ਇਥੇ ਪੁੱਛੇ ਗਏ ਪ੍ਰਸ਼ਨ ਵੀ ਧਾਰਮਕ-ਅਧਿਆਤਮਿਕਤਾ ਨਾਲ ਸੰਬੰਧਤ ਹਨ ਅਤੇ ਉਨ੍ਹਾਂ ਦੇ ਜਵਾਬ ਵੀ। ਕਹਿਣ ਨੂੰ ਭਾਵੇਂ ਇਹ ਸਾਖੀਆਂ ਹਨ, ਪਰ ਇਨ੍ਹਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬਿਰਤਾਂਤ ਕੋਈ ਅਹਿਮ ਭੂਮਿਕਾ ਨਿਭਾਉਂਦਾ ਨਹੀਂ ਦੇਖਿਆ ਜਾਂਦਾ। ਇਨ੍ਹਾਂ ਸਾਖੀਆਂ ਦੇ ਬਿਰਤਾਂਤ ਨੂੰ ਲੰਬੇ ਵਕਫ਼ੇ ਵਿਚ ਫੈਲਣ ਦਾ ਮੌਕਾ ਪ੍ਰਾਪਤ ਨਹੀਂ ਹੈ। ਇਥੇ ਵੀ ਬਿਰਤਾਂਤ ਦੀ ਨਿਰੰਤਰਤਾ ਨੂੰ ਥਾਂ ਥਾਂ ਭੰਗ ਕੀਤਾ ਜਾਂਦਾ ਹੈ ਅਤੇ ਸਧਾਰਣ ਕਾਲਗਤੀ ਨੂੰ ਅਕਾਲਗਤੀ ਵਿਚ ਰੂਪਾਂਤਰਣ ਦੇਣ ਦੀ ਰੁਚੀ ਖ਼ਾਸੀ ਪ੍ਰਬਲ ਹੈ। ਕੇਵਲ ਇਨ੍ਹਾਂ ਸਾਖੀਆਂ ਵਿਚ ਹੀ ਨਹੀਂ, ਸਗੋਂ ਇਸ ਕਾਲ ਦੇ ਦੌਰਾਨ ਰਚੇ ਗਏ ਕਥਾ-ਸਾਹਿਤ ਵਿਚ ਵੀ ਇਹ ਪ੍ਰਵਿਰਤੀ ਪ੍ਰਧਾਨ ਹੈ! ਨਿਰੰਕਾਰ ਤੇ ਬਿਹੰਗਮ ਦੀ ਕਥਾ, ਨਾਸਕੇਤ ਦੀ ਕਥਾ, ਕਥਾ ਆਦਿ ਰਮਾਇਣ ਕੀ ਅਤੇ ਮਸਲੇ ਸ਼ੇਖ ਫ਼ਰੀਦ ਕੇ, ਆਦਿ ਕਥਾਵਾਂ ਇਸ ਵਿਚਾਰ ਦੀ ਪੁਸ਼ਟੀ ਲਈ ਹਾਜ਼ਰ ਹਨ। ਇਉਂ, ਅਸੀਂ ਦੇਖਦੇ ਹਾਂ ਕਿ ਮੱਧਕਾਲ ਵਿਚ ਰਚਿਆ ਗਿਆ ਸਮੁੱਚਾ ਬਿਰਤਾਂਤਕ-ਸਾਹਿਤ ਆਪਣੇ ਜੁਗਤ-ਵਿਧਾਨ ਪ੍ਰਤੀ ਖ਼ਾਸਾ ਸੁਚੇਤ ਹੈ। ਕੁਝ ਗਿਣੀਆਂ ਚੁਣੀਆਂ ਜੁਗਤਾਂ ਹਨ, ਜਿਨ੍ਹਾਂ ਨੂੰ ਇਸ ਸਾਹਿਤ ਦੇ ਅੰਤਰਗਤ ਹਿਸਾਬੀਅਤ ਦੇ ਨੇਮ ਵਾਂਗ ਬਾਰ ਬਾਰ ਦੁਹਰਾਇਆ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਇਨ੍ਹਾਂ ਜੁਗਤਾਂ ਰਾਹੀਂ ਹੀ ਇਸ ਸਾਹਿਤ ਦਾ ਸਮੁੱਚਾ ਗਲਪੀ-ਪ੍ਰਬੰਧ ਸਾਕਾਰ ਹੁੰਦਾ ਦੇਖਿਆ ਜਾਂਦਾ ਹੈ। ਇਨ੍ਹਾਂ ਵਿੱਚੋਂ ਪ੍ਰਮੁੱਖ ਜੁਗਤਾਂ ਦੋ ਹੀ ਹਨ—ਇਕ ਕਥਾਨਕ ਦੀ ਜੁਗਤ ਅਤੇ ਦੂਸਰੀ ਮਿਥਕੀ-ਅਧਿਆਤਮ ਦੀ ਜੁਗਤ। ਇਨ੍ਹਾਂ ਤੋਂ ਛੁੱਟ ਕੁਝ ਦੂਜੈਲੀ ਸਾਰਥਕਤਾ ਵਾਲੀਆਂ ਸ਼ਾਬਦਿਕ ਤੇ ਗ਼ੈਰ-ਸ਼ਾਬਦਿਕ ਜੁਗਤਾਂ ਵੀ ਇਸ ਸਾਹਿਤ ਵਿਚ ਵਿਆਪਤ ਹਨ, ਜਿਨ੍ਹਾਂ ਦੀ ਅਹਿਮੀਅਤ ਤੋਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋਇਆ ਜਾ ਸਕਦਾ। ਮੱਧਕਾਲ ਵਿਚ ਰਚੇ ਗਏ ਇਸ ਬਿਰਤਾਂਤਕ-ਸਾਹਿਤ ਨੂੰ ਸਾਰਥਕਤਾ, ਇਨ੍ਹਾਂ ਜੁਗਤਾਂ ਤੋਂ ਹੀ ਪ੍ਰਾਪਤ ਹੁੰਦੀ ਹੈ। ਇਹ ਜੁਗਤ-ਵਿਧਾਨ, ਵਿਗਿਆਨ ਜਾਂ ਤਕਨਾਲੋਜੀ ਦੇ ਕਰੜੇ ਸੰਜਮ ਵਾਂਗ ਪੂਰੀ ਤਰ੍ਹਾਂ ਸੁਗਠਿਤ ਤੇ ਨਿਯੋਜਿਤ ਹੈ। ਇਹ ਜੁਗਤ-ਵਿਧਾਨ ਹਿਸਾਬੀਅਤ ਦੇ ਨੇਮ ਵਾਂਗ ਹੀ ਕੰਮ ਕਰਦਾ ਦੇਖਿਆ ਜਾਂਦਾ ਹੈ।

## ਸਹਾਇਕ ਪੁਸਤਕਾਂ

1. ਜਨਮਸਾਖੀ ਪਰੰਪਰਾ (ਸੰਪਾ:) ਡਾ. ਕਿਰਪਾਲ ਸਿੰਘ।
2. ਪੁਰਾਤਨ ਪੰਜਾਬੀ ਵਾਰਤਕ (ਸੰਪਾ.) ਡਾ. ਸੁਰਿੰਦਰ ਸਿੰਘ ਕੋਹਲੀ।
3. ਸਾਖੀ-ਸੁਰਤਿ (ਸੰਪਾ.) ਡਾ. ਹਰਿਭਜਨ ਸਿੰਘ ਤੇ ਡਾ. ਮਨਜੀਤ ਸਿੰਘ।
4. ਜਨਮਸਾਖੀ/ਮਿਥ–ਵਿਗਿਆਨ, ਡਾ. ਮਨਜੀਤ ਸਿੰਘ।
5. ਪੰਜਾਬੀ ਵਾਰਤਕ : ਸਿੱਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪ੍ਰੋ. ਪਿਆਰਾ ਸਿੰਘ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# 'ਤੇਰੇ ਭਾਣੇ' : ਮਹਾਂ-ਕਾਵਿਕ ਨਾਵਲ

'ਤੇਰੇ ਭਾਣੇ' ਪੰਜਾਬੀ ਦੇ ਸ਼ਰੋਮਣੀ ਗਲਪਕਾਰ ਕਰਤਾਰ ਸਿੰਘ ਦੁੱਗਲ ਹੋਰਾਂ ਦਾ ਸੱਜਰਾ ਨਾਵਲ ਹੈ, ਜੋ ਮੂਲ ਰੂਪ ਵਿਚ ਉਨ੍ਹਾਂ ਦੇ ਇਕ ਤ੍ਰੈਲੜੀ-ਨਾਵਲ ਦੀ ਦੂਜੀ ਕਿਸ਼ਤ ਹੈ। ਇਸ ਤ੍ਰੈਲੜੀ-ਨਾਵਲ ਦੀ ਪਹਿਲੀ ਕਿਸ਼ਤ ("ਨਾਨਕ ਨਾਮ ਚੜ੍ਹਦੀ ਕਲਾ") ਸੰਨ 1989 ਨੂੰ ਪ੍ਰਕਾਸ਼ਤ ਹੋਈ ਸੀ, ਜਿਸ ਵਿਚ ਪਹਿਲੇ ਚਾਰ ਸਿੱਖ ਗੁਰੂ ਸਾਹਿਬਾਨ ਦੇ ਜੀਵਨ-ਕਾਲ ਦੀ ਕਹਾਣੀ ਦਾ ਗਲਪੀ-ਬਿੰਬ ਉਸਾਰਿਆ ਗਿਆ ਸੀ। ਹੱਥਲੇ ਨਾਵਲ ਵਿਚ, ਇਸੇ ਗਲਪੀ-ਬਿੰਬ ਨੂੰ ਨਵੇਂ ਇਤਿਹਾਸਕ-ਮਿਥਿਹਾਸਕ ਪ੍ਰਸੰਗਾਂ ਨਾਲ ਵਿਸਥਾਰ ਪ੍ਰਾਪਤ ਹੋਇਆ ਹੈ। ਭਾਵ, 'ਤੇਰੇ ਭਾਣੇ' ਨਾਵਲ ਵਿਚ ਅੱਗਲੇ ਪੰਜ ਸਿੱਖ ਗੁਰੂ ਸਾਹਿਬਾਨ ਦੇ ਜੀਵਨ-ਕਾਲ ਦੀਆਂ ਰਾਜਨੀਤਕ-ਧਾਰਮਕ, ਸਮਾਜਕ-ਸਭਿਆਚਾਰਕ, ਪਰਿਵਾਰਕ-ਭਾਈਚਾਰਕ ਘਟਨਾਵਾਂ ਤੇ ਸਥਿਤੀਆਂ-ਪਰਸਥਿਤੀਆਂ ਦਾ ਗਲਪੀ-ਬਿੰਬ ਉਸਾਰਣ ਦਾ ਯਤਨ ਹੈ। ਆਕਾਰ ਦੇ ਨਾਲ ਨਾਲ, ਇਸ ਨਾਵਲ ਦਾ ਕੈਨਵਸ ਵੀ ਖ਼ਾਸਾ ਵਿਸ਼ਾਲ ਹੈ। ਇਹ ਨਾਵਲ, ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਅਦੁੱਤੀ ਸ਼ਹਾਦਤ ਤੱਕ ਦੀਆਂ ਘਟਨਾਵਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਦੂਸਰੇ ਸ਼ਬਦਾਂ ਵਿਚ ਇਰ ਨਾਵਲ, ਸ਼ਹਾਦਤ ਤੋਂ ਸ਼ਹਾਦਤ ਤੱਕ ਦਾ ਸਫ਼ਰ ਤੈਅ ਕਰਦਾ ਦੇਖਿਆ ਜਾਂਦਾ ਹੈ। ਇਸ ਦਾ ਅਰੰਭ, ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਨਾਲ ਹੁੰਦਾ ਹੈ ਤੇ ਅੰਤ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਨਾਲ। ਦੋਵੇਂ ਸ਼ਹਾਦਤਾਂ, 'ਉਦਾਤੀ' (sublime) ਵੀ ਹਨ ਤੇ 'ਲਾਸਾਨੀ' ਵੀ। ਇਨ੍ਹਾਂ ਦੇ ਪਿਛੋਕੜ ਵਿਚ, ਅਕਾਲ ਪੁਰਖ ਦੇ ਭਾਣੇ ਨੂੰ ਮੰਨਣ ਦੀ ਭਾਵਨਾ, ਪ੍ਰਚੰਡ ਰੂਪ ਧਾਰਦੀ ਨਜ਼ਰ ਆਉਂਦੀ ਹੈ। ਗਹੁ ਨਾਲ ਵਾਚਿਆਂ ਪਤਾ ਚਲਦਾ ਹੈ ਕਿ ਭਾਣੇ ਨੂੰ ਮੰਨਣ ਦੀ ਇਹ ਅਦੁੱਤੀ ਸਪਿਰਟ, ਹੱਥਲੇ ਨਾਵਲ ਦੇ ਆਰ-ਪਾਰ ਇਕ 'ਥੀਮ' ਵਾਂਗ ਫੈਲੀ ਹੋਈ ਹੈ। ਨਾਵਲ ਦੀਆਂ ਲੱਗਭਗ ਸਾਰੀਆਂ ਮੁੱਖ ਘਟਨਾਵਾਂ ਤੇ ਸਥਿਤੀਆਂ-ਪਰਸਸਿਥੀਆਂ, ਇਸ ਅਦੁੱਤੀ ਫ਼ਲਸਫ਼ੇ ਨਾਲ ਸਿੱਧਾ ਜਾਂ ਅਸਿੱਧਾ ਸਰੋਕਾਰ ਜ਼ਰੂਰ ਰਖਦੀਆਂ ਹਨ।

ਅਸਲ ਵਿਚ ਇਹ ਤ੍ਰੈਲੜੀ-ਨਾਵਲ, ਦੁੱਗਲ ਹੋਰਾਂ ਦਾ ਇਕ ਪੂਰਵ ਨਿਸ਼ਚਤ ਯੋਜਨਾਬੱਧ ਪ੍ਰੋਜੈਕਟ ਹੈ। ਜਿਥੇ ਇਸ ਦੀਆਂ ਪਹਿਲੀਆਂ ਦੋ ਕਿਸ਼ਤਾਂ ਵਿਚ ਪਹਿਲੇ ਨੌਂ ਸਿੱਖ ਗੁਰੂ ਸਾਹਿਬਾਨ ਦੇ ਜੀਵਨ-ਕਾਲ ਦੌਰਾਨ ਵਾਪਰੀਆਂ ਇਤਿਹਾਸਕ ਮਹੱਤਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਾਲੀਆਂ ਘਟਨਾਵਾਂ ਨੂੰ 'ਗਲਪ' ਵਿਚ ਢਾਲਣ ਦਾ ਯਤਨ ਕੀਤਾ ਗਿਆ ਹੈ, ਉਥੇ ਤੀਸਰੇ ਭਾਗ ਵਿਚ, ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਲੈ ਕੇ ਸਮਕਾਲੀਨ ਅਕਾਲੀ-ਅੰਦੋਲਨ (ਪੰਜਾਬ ਦੇ ਅਜੋਕੇ ਸੰਤਾਪ) ਨੂੰ ਪੇਸ਼ ਕਰਨ ਦੀ ਯੋਜਨਾ ਹੈ। ਇਸ ਤ੍ਰੈਲੜੀ-ਨਾਵਲ ਦੀਆਂ ਪਹਿਲੀਆਂ ਦੋ ਪ੍ਰਕਾਸ਼ਤ ਕਿਸ਼ਤਾਂ ਤੋਂ ਇਹ ਸਪੱਸ਼ਟ ਸੰਕੇਤ ਮਿਲਦੇ ਹਨ ਕਿ ਦੁੱਗਲ ਹੋਰਾਂ ਦੇ ਇਸ ਯੋਜਨਾਬੱਧ ਪ੍ਰੋਜੈਕਟ ਨਾਲ ਕਰੀਬਨ ਪੰਜ-ਸਵਾ ਪੰਜ ਸੌ ਵਰ੍ਹਿਆਂ ਦੇ ਸਿੱਖ-ਇਤਿਹਾਸ ਦਾ ਇਕ ਭੱਰਵਾਂ, ਗ਼ਤੀਸ਼ੀਲ ਤੇ ਪ੍ਰਚੰਡ ਗਲਪੀ-ਬਿੰਬ ਉਭਰੇਗਾ।

ਦੁੱਗਲ, ਇਸ ਯੋਜਨਾਬੱਧ ਪ੍ਰੋਜੈਕਟ ਦਾ ਮਕਸਦ, ਸਿੱਖੀ ਦੀ ਆਪਣੀ ਨਵੇਕਲੀ 'ਸ਼ਨਾਖਤ' ਨੂੰ ਸਥਾਪਤ ਕਰਨਾ ਦਸਦਾ ਹੈ। 'ਨਾਨਕ ਨਾਮ ਚੜ੍ਹਦੀ ਕਲਾ' ਨਾਵਲ ਦੀ ਭੂਮਿਕਾ ਵਿਚ ਪੇਸ਼, ਲੇਖਕ ਦਾ ਇਹ ਸ੍ਵੈ-ਕਥਨ, ਇਸ ਵਿਚਾਰ ਦੀ ਪੁਸ਼ਟੀ ਲਈ ਹਾਜ਼ਰ ਹੈ :

'ਇਹ ਯਤਨ ਮੇਰਾ ਸਿੱਖੀ ਦੀ ਪਛਾਣ ਦੀ ਕਹਾਣੀ ਹੈ,
ਇਕ ਕਹਾਣੀ, ਲੇਖਕ ਦੀ ਜ਼ਬਾਨੀ।
ਇਹ ਮੇਰੀ ਪੇਸ਼ਕਸ਼ ਸਿੱਖ-ਇਤਿਹਾਸ ਦੀ
ਕਹਾਣੀ ਨਹੀਂ,
ਇਹ ਇਕ ਕਹਾਣੀ ਹੈ ਜਿਸ ਵਿਚ ਸਿੱਖ-ਇਤਿਹਾਸ
ਪ੍ਰਤੀਬਿੰਬਤ ਹੁੰਦਾ ਹੈ, ਜਿਹੋ ਜਿਹਾ ਮੈਂ
ਇਸ ਨੂੰ ਪਾਇਆ ਹੈ।
ਤੇ ਇੰਜ ਕਰ ਰਿਹਾ ਮੇਰੀ ਜੁਸਤਜੂ ਸਿੱਖੀ ਦੀ
ਪਛਾਣ ਰਹੀ ਹੈ ਤੇ ਬਸ।''

ਆਪਣੇ ਇਨ੍ਹਾਂ ਸ੍ਵੈ-ਕਥਨਾਂ ਰਾਹੀਂ ਦੁੱਗਲ ਹੋਰਾਂ ਨੇ ਆਪਣੀ ਪੋਜੀਸ਼ਨ ਸਪੱਸ਼ਟ ਕਰ ਦਿੱਤੀ ਹੈ। ਇਨ੍ਹਾਂ ਰਚਨਾਵਾਂ ਦੀ ਅੰਦਰਲੀ ਸਪਿਰਟ ਸੰਬੰਧੀ ਇਹ ਸ੍ਵੈ-ਕਥਨ ਸਾਨੂੰ ਸਹੀ ਦਿਸ਼ਾ ਪ੍ਰਦਾਨ ਕਰਦੇ ਹਨ। ਇਸੇ ਅਧਾਰ 'ਤੇ ਇਨ੍ਹਾਂ ਨਾਵਲੀ-ਰਚਨਾਵਾਂ ਦੇ ਰੂਪਾਕਾਰ ਸੰਬੰਧੀ ਵੀ ਨਿਰਣਾ ਕੀਤਾ ਜਾ ਸਕਦਾ ਹੈ।

'ਤੇਰੇ ਭਾਣੇ' ਨਾਵਲ ਵਿਚ ਪਹਿਲੇ ਭਾਗ ਵਾਲੀ ਕਹਾਣੀ ਹੀ ਅੱਗੇ ਤੁਰਦੀ ਹੈ। ਕੇਵਲ ਪ੍ਰਸੰਗ ਤੇ ਸਥਿਤੀਆਂ-ਪਰਸਥਿਤੀਆਂ ਹੀ ਬਦਲੀਆ ਹਨ। ਪਹਿਲੇ ਭਾਗ ('ਨਾਨਕ ਨਾਮ ਚੜ੍ਹਦੀ ਕਲਾ') ਦੀ ਤਰ੍ਹਾਂ ਹੱਥਲੇ ਨਾਵਲ ਵਿਚ ਵੀ ਦੋ ਕਹਾਣੀਆਂ ਨਾਲੋ ਨਾਲ ਨਿਰੰਤਰ ਤੁਰਦੀਆਂ ਹਨ — ਇਕ, ਸਿੱਖ ਗੁਰੂ ਸਾਹਿਬਾਨ ਤੇ ਮੁਗ਼ਲ ਬਾਦਸ਼ਾਹਾਂ ਦੇ ਇਤਿਹਾਸ ਦੀ ਕਹਾਣੀ ਅਤੇ ਦੂਸਰੀ, ਸਿਰਜਤ ਗਲਪੀ-ਪਾਤਰਾਂ ਦੇ ਆਪਸੀ ਸੰਬੰਧਾਂ ਦੀ ਕਹਾਣੀ। ਵੇਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਇਥੇ ਇਤਿਹਾਸਕ ਤੇ ਗਲਪੀ ਪਾਤਰ ਅਕਸਰ ਅੰਤਰ-ਸੰਬੰਧਾਂ ਵਿਚ ਬੱਝਦੇ ਦੇਖੇ ਜਾਂਦੇ ਹਨ। ਇਨ੍ਹਾਂ ਪਾਤਰਾਂ ਵਿਚਾਲੇ, ਨਿਰੰਤਰ ਅੰਤਰ-ਕਿਰਿਆ (interaction) ਵੀ ਹੁੰਦੀ ਹੈ। ਸ਼ਕਤੀ, ਸੁੰਦਰੀ, ਨਸਰੀਨ, ਅਮਨ, ਸ਼ੈਲੀ, ਸੁਮਨ, ਕਮਾਲ ਆਦਿ ਗਲਪੀ-ਪਾਤਰ ਸਿੱਖ ਗੁਰੂ ਸਾਹਿਬਾਨ ਦੀ ਕਥਨੀ, ਕਰਨੀ, ਬਾਣੀ, ਸ਼ਖ਼ਸੀਅਤ ਤੇ ਉਨ੍ਹਾਂ ਦੇ ਮਾਨਵ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਵਾਦੀ ਨੱਜ਼ਰੀਏ ਤੋਂ ਪ੍ਰਭਾਵਿਤ ਵੀ ਹੁੰਦੇ ਹਨ ਤੇ ਪ੍ਰੇਰਿਤ ਵੀ। ਇਨ੍ਹਾਂ ਵਿਚ ਹਿੰਦੂ ਪਾਤਰ ਵੀ ਸ਼ਾਮਲ ਹਨ ਤੇ ਮੁਸਲਮਾਨ ਵੀ। ਜੇਕਰ 'ਨਸਰੀਨ' ਮੁਸਲਮਾਨ ਤੀਵੀਂ ਹੈ ਤਾਂ 'ਤੇਜੀ' ਹਿੰਦੂ ਘਰਾਣੇ ਨਾਲ ਸੰਬੰਧਤ ਹੈ। ਭਾਵ, ਮਲਕ ਦੀ ਧੀ ਹੈ। 'ਸ਼ੈਲੀ' ਨਸਰੀਨ ਦਾ ਪੁੱਤਰ ਹੈ ਤੇ 'ਅਮਨ', ਤੇਜੀ ਦਾ। ਇਸ ਤ੍ਰੈਲੜੀ-ਨਾਵਲ ਦੀ ਪਹਿਲੀ ਕਿਸ਼ਤ 'ਚੋਂ ਪਤਾ ਚਲਦਾ ਹੈ ਕਿ ਸ਼ੈਲੀ ਤੇ ਅਮਨ ਦੋਵੇਂ ਇਕੋ ਜਰਵਾਣੇ (ਮੁਗ਼ਲ ਫ਼ੌਜਾਂ ਦੇ ਸਿਪਾਹੀ) ਦੀ ਔਲਾਦ ਹਨ। ਦੋਵੇਂ ਹਮ-ਉਮਰ ਹਨ ਤੇ ਸ਼ਕਲੋਂ ਭਰਾ ਜਾਪਦੇ ਹਨ—ਦੋ ਬੁੱਤ ਇਕ ਜਾਨ। ਹੱਥਲੇ ਨਾਵਲ ('ਤੇਰੇ ਭਾਣੇ') ਵਿਚ ਇਨ੍ਹਾਂ ਗਲਪੀ ਪਾਤਰਾਂ ਦੇ ਨਾਲ, ਅੱਗੋਂ ਇਨ੍ਹਾਂ ਦੀ ਔਲਾਦ ਦੀ ਕਹਾਣੀ-ਅੱਗੇ ਤੁਰਦੀ ਹੈ। ਸੁਮਨ, ਵੀਰਾਂ, ਕਮਾਲ, ਚਮਨ ਆਦਿ ਦਾ ਭਾਵੁਕ ਅੰਤਰ-ਸੰਬੰਧਾਂ ਵਿਚ ਬੱਝਣਾ ਅਤੇ ਇਨ੍ਹਾਂ ਸੰਬੰਧਾਂ 'ਚੋਂ ਉਪਜੇ ਤਨਾਉ ਨੂੰ ਭੋਗਣ ਤੋਂ ਇਸ ਵਿਚਾਰ ਦੀ ਸਹਿਜੇ ਹੀ ਪੁਸ਼ਟੀ ਹੋ ਜਾਂਦੀ ਹੈ। 'ਵੀਰਾਂ', ਸੁੰਦਰੀ ਦੀ ਧੀ ਹੈ ਅਤੇ ਉਸਦਾ ਵਿਆਹ 'ਸੁਮਨ' ਨਾਲ ਹੁੰਦਾ ਹੈ। 'ਸੁਮਨ', ਗੁਰੂ ਸਾਹਿਬ ਦਾ ਅਨਿੰਨ ਭਗਤ ਹੈ ਤੇ ਮਗਰੋਂ ਆਪਣੇ ਗੁਰੂ ਦੀ ਖ਼ਾਤਰ ਸ਼ਹਾਦਤ ਦਾ ਜਾਮ ਪੀਂਦਾ ਹੈ। ਦੂਨੀ ਚੰਦ ਦੀ ਧੀ 'ਸ਼ਕਤੀ', ਸ਼ੈਲੀ ਦੀ ਪਤਨੀ ਹੈ। 'ਇੰਦਰ' ਉਸ ਦਾ ਪੁੱਤਰ ਤੇ 'ਮਾਲਾ' ਉਸਦੀ ਧੀ ਹੈ। 'ਨਸਰੀਨ', 'ਸੁਮਨ', ਦੀ ਦਾਦੀ ਹੈ ਤੇ 'ਤੇਜੀ' ਉਸਦੀ ਤ੍ਰੀਮਤ ਦੀ ਦਾਦੀ। 'ਸੁਮਨ' ਦੇ ਬੇਟੇ ਦਾ ਨਾਂ 'ਧਰਮ' ਹੈ। 'ਸ਼ਕਤੀ' ਕਿਉਂਕਿ ਪਹਿਲਾਂ ਪਹਿਲ 'ਅਮਨ' ਨੂੰ ਪਿਆਰ ਕਰਦੀ ਸੀ, ਇਸ ਲਈ ਉਸਨੇ ਆਪਣੇ ਬੇਟੇ 'ਇੰਦਰ' ਦਾ ਨਾ 'ਚਮਨ' ਰਖ ਦਿੱਤਾ। ਉਧਰ 'ਕਮਾਲ', 'ਨਸੀਮ' ਦਾ ਬੇਟਾ ਹੈ। 'ਵੀਰਾਂ ਵਾਲੀ' ਦਾ ਪੁੱਤਰ 'ਧਰਮ' ਹੈ ਤੇ ਧੀ ਦਾ ਨਾਂ 'ਭਾਗਾਂ' (ਨਿੱਕੀ) ਹੈ। 'ਸੁਮਨ' ਦੀ ਸ਼ਹਾਦਤ ਮਗਰੋਂ ਉਹ 'ਕਮਾਲ' ਨੂੰ ਪਿਆਰ ਕਰਦੀ ਹੈ, 'ਕਮਾਲ' ਗੁਰੂ-ਭਗਤੀ ਵਿਚ ਲੀਨ ਹੋ ਜਾਂਦਾ ਹੈ ਅਤੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਬਾਹਰ ਦੌਰਿਆਂ 'ਤੇ ਚਲਾ ਜਾਂਦਾ ਹੈ। ਹਾਲਾਤ ਤੋਂ ਤੰਗ ਆ ਕੇ 'ਵੀਰਾਂ' ਆਖ਼ਰ ਗੁਰੂ ਘਰ ਤੋਂ ਬੇਮੁੱਖ ਹੋ ਜਾਂਦੀ ਹੈ ਅਤੇ ਦਿੱਲੀ ਆ ਜਾਂਦੀ ਹੈ। ਦਿੱਲੀ ਵਿਖੇ ਉਹ ਆਲਮ ਖ਼ਾਨ ਨਾਂ ਦੇ ਇਕ ਬੰਦੇ ਨਾਲ ਸੰਬੰਧ ਬਣਾਉਂਦੀ ਹੈ, ਜਦੋਂ ਕਮਾਲ ਨੂੰ ਇਨ੍ਹਾਂ ਸੰਬੰਧਾਂ ਦਾ ਪਤਾ ਚਲਦਾ ਹੈ ਤਾਂ ਉਹ ਖ਼ਫ਼ਾ ਹੋ ਜਾਂਦਾ ਹੈ। ਜਦਕਿ ਆਲਮ ਖ਼ਾਨ ਪਾਕ ਦਿਲ ਇਨਸਾਨ ਸੀ। ਅਖ਼ੀਰ ਕਮਾਲ, ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਦਿੱਲੀ ਪਹੁੰਚ ਜਾਂਦਾ ਹੈ ਅਤੇ ਇਕ ਨੀਤੀ ਬਣਾ ਕੇ ਸ਼ਹੀਦ ਹੋ ਜਾਂਦਾ ਹੈ। ਉਹ ਵੀਰਾਂ ਨੂੰ ਇਕ ਚਿੱਠੀ ਰਾਹੀਂ ਸਾਰੀ ਸਕੀਮ ਦਸ ਦਿੰਦਾ ਹੈ ਅਤੇ ਆਪਣੇ ਸ਼ਹੀਦ ਹੋਣ ਤੋਂ ਪਹਿਲਾਂ ਵੀਰਾਂ ਨੂੰ ਆਲਮ ਖ਼ਾਨ ਦੇ ਸਪੁੱਰਦ ਕਰ ਦਿੰਦਾ ਹੈ। ਗਲਪੀ-ਪਾਤਰਾਂ ਦੇ ਆਪਸੀ ਭਾਵਕ-ਸੰਬੰਧਾਂ ਅਤੇ ਗੁਰੂ ਸਾਹਿਬਾਨ ਨਾਲ ਉਨ੍ਹਾਂ ਦੀ ਅੰਤਰ-ਕਿਰਿਆ ਦੀ ਇਹ ਕਹਾਣੀ ਬਹੁਤ ਦਿਲਚਸਪ ਹੈ। ਇਨ੍ਹਾਂ ਸੰਬੰਧਾਂ ਤੇ ਅੰਤਰ-ਕਿਰਿਆਵਾਂ ਸਦਕਾ, ਨਾਵਲੀ-ਬਿਰਤਾਂਤ ਵਿਚ ਨਿਰੰਤਰਤਾ ਬਣੀ ਰਹਿੰਦੀ ਹੈ।

ਇਨ੍ਹਾਂ ਅੰਤਰ-ਸੰਬੰਧਾਂ ਤੇ ਅੰਤਰ-ਕਿਰਿਆਵਾਂ ਦੇ ਨਾਲ ਨਾਲ, ਇਸ ਨਾਵਲ ਵਿਚ ਸਿੱਖ ਗੁਰੂ ਸਾਹਿਬਾਨ ਤੇ ਮੁਗ਼ਲ ਬਾਦਸ਼ਾਹਾਂ ਦੇ ਆਪਸੀ ਸੰਬੰਧਾਂ ਦੀ ਕਹਾਣੀ ਨੂੰ ਵੀ ਨਵਾਂ ਵਿਸਥਾਰ ਪ੍ਰਾਪਤ ਹੁੰਦਾ ਹੈ। ਇਸ ਤ੍ਰੈਲੜੀ-ਨਾਵਲ ਦੇ ਪਹਿਲੇ ਭਾਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਿੱਚੋਂ ਇਹ ਸੂਚਨਾ ਪ੍ਰਾਪਤ ਹੁੰਦੀ ਹੈ ਕਿ ਗੁਰੂ ਨਾਨਕ ਨੇ 'ਬਾਬੇ ਕਿਆਂ' ਤੇ 'ਬਾਬਰ ਕਿਆਂ' ਨੂੰ ਇਕ ਦੂਸਰੇ ਦੇ ਨੇੜੇ ਲਿਆਉਣ ਲਈ ਮੁਗ਼ਲਾਂ ਨੂੰ ਸੱਤ ਪੀੜ੍ਹੀਆਂ ਦਾ ਰਾਜ ਬਖ਼ਸ਼ਿਆ ਸੀ। ਨਾਵਲ ਦੀਆਂ ਪਹਿਲੀਆਂ ਦੋ ਕਿਸ਼ਤਾਂ ਵਿਚ, ਪਹਿਲੇ ਨੌਂ ਸਿੱਖ ਗੁਰੂ ਸਾਹਿਬਾਨ ਅਤੇ ਬਾਬਰ ਤੋਂ ਔਰੰਗਜ਼ੇਬ ਤੱਕ ਦੇ ਛੇ ਮੁਗ਼ਲ ਬਾਦਸ਼ਾਹਾਂ ਨਾਲ ਸਮੇਂ ਸਮੇਂ ਹੋਂਦ ਵਿਚ ਆਏ ਵੰਨ-ਸੁਵੰਨੇ ਸੰਬੰਧਾਂ ਦੀ ਭਰਵੀਂ ਤਸਵੀਰ ਖਿੱਚੀ ਗਈ ਹੈ। ਇਹ ਸੰਬੰਧ ਕਦੇ ਬਣਦੇ, ਕਦੇ ਵਿਗੜਦੇ ਅਤੇ ਮੁੜ ਸੰਵਰਦੇ ਹਨ। ਇਨ੍ਹਾਂ ਸੰਬੰਧਾਂ ਵਿਚ ਕਦੇ ਕਦੇ ਰਾਜਨੀਤੀ ਵੀ ਚਲਦੀ ਹੈ। ਇਹ ਸੰਬੰਧ, ਕਦੇ ਤਨਾਉ ਨੂੰ ਜਨਮ ਦੇਂਦੇ ਹਨ ਅਤੇ ਕਦੇ ਟਕਰਾਉ ਨੂੰ। ਇਨ੍ਹਾਂ ਸੰਬੰਧਾਂ ਦੀ ਆਪਣੀ ਵਿਸ਼ੇਸ਼ ਸਾਰਥਕਤਾ ਨੂੰ ਸਹਿਜੇ ਕੀਤਿਆਂ, ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਮੱਧ-ਕਾਲੀਨ ਪੰਜਾਬੀ-ਸਭਿਆਚਾਰ ਦੇ ਨਿਰਮਾਣ ਵਿਚ, ਇਨ੍ਹਾਂ ਸੰਬੰਧਾਂ ਦੀ ਆਪਣੀ ਵਿਸ਼ੇਸ਼ ਭੂਮਿਕਾ ਰਹੀ ਹੈ। ਜਿਸ ਪੰਜਾਬੀ-ਸਭਿਆਚਾਰ ਉਪਰ ਅੱਜ ਅਸੀਂ ਫ਼ਖ਼ਰ ਕਰਦੇ ਹਾਂ ਉਸਦਾ ਨਿਰਮਾਣ ਮੱਧਕਾਲ ਵਿਚ ਹੀ ਹੋਇਆ। ਮੁਗ਼ਲ ਬਾਦਸ਼ਾਹਾਂ ਨੇ ਸਮੇਂ ਸਮੇਂ ਕਈ ਚੁਣੌਤੀਆਂ-ਵੰਗਾਰਾਂ ਨੂੰ ਜਨਮ ਦਿੱਤਾ ਅਤੇ ਸਿੱਖ ਗੁਰੂ ਸਾਹਿਬਾਨ ਨੇ ਆਪਣੀ ਕਥਨੀ, ਕਰਨੀ ਤੇ ਬਾਣੀ ਰਾਹੀਂ ਉਨ੍ਹਾਂ ਦਾ ਪ੍ਰਤੀਉੱਤਰ ਦਿੱਤਾ। ਇਸ ਪ੍ਰਕਿਰਿਆ ਵਿੱਚੋਂ ਹੀ ਮੱਧਕਾਲੀਨ ਪੰਜਾਬੀ-ਸਭਿਆਚਾਰ ਦਾ ਮੂੰਹ-ਮੁਹਾਂਦਰਾ ਬਣਦਾ ਹੈ। ਇਉਂ ਇਹ ਨਾਵਲ, ਮੱਧਕਾਲੀਨ ਪੰਜਾਬੀ-ਸਭਿਆਚਾਰ ਦੀ ਨਿਰਮਾਣ ਪ੍ਰਕਿਰਿਆ ਨੂੰ ਸਮਝਾਉਣ ਵਿਚ ਵੀ ਸਾਡੀ ਮਦਦ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਇਨ੍ਹਾਂ ਨਾਵਲਾਂ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਇਸਲਾਮ ਤੇ ਸਿੱਖ-ਧਰਮ ਦੇ ਆਪਸੀ ਸੰਬੰਧਾਂ ਤੇ ਇਨ੍ਹਾਂ ਵਿਚਲੀਆਂ ਵੱਖਰਤਾਵਾਂ ਉਪਰ, ਇਥੇ ਕਈ ਸੰਕਲਪਸ਼ੀਲ ਟਿੱਪਣੀਆਂ ਕੀਤੀਆਂ ਗਈਆਂ ਹਨ। ਦੋਹਾਂ ਧਰਮਾਂ ਵਿਚਲੀਆ ਸਮਾਨਤਾਵਾਂ ਤੇ ਵੱਖਰਤਾਵਾਂ ਨੂੰ ਉਭਾਰਨ ਲਈ ਲੇਖਕ ਅਕਸਰ ਸੰਬਾਦ-ਵਿਧੀ ਦਾ ਸਹਾਰਾ ਲੈਂਦਾ ਦੇਖਿਆ ਜਾਂਦਾ ਹੈ। ਖ਼ਾਸ ਕਰਕੇ, ਇਸ ਨਾਵਲ ਦੀ ਪਹਿਲੀ ਕਿਸ਼ਤ ਦੇ ਚੌਥੇ ਭਾਗ ਨਾਲ ਸੰਬੰਧਤ ਦਸਵੇਂ ਤੇ ਯਾਰਵੇਂ ਕਾਂਡ ਵਿਚ ਪੇਸ਼, ਸੁੰਦਰੀ ਤੇ ਮੁਗ਼ਲਾਣੀ ਦੇ ਆਪਸੀ ਸੰਬਾਦ ਸਾਡਾ ਧਿਆਨ ਆਪਣੇ ਵੱਲ ਖਿੱਚਦੇ ਹਨ। ਮਸਲਨ :—

> "ਇਸਲਾਮ ਦਾ ਮਤਲਬ ਹੈ "ਅਮਨ"। ਮੁਗ਼ਲਾਣੀ ਨੇ ਸੁਮਨ ਨੂੰ ਦੱਸਿਆ।
> "ਅਮਨ ਦਾ ਮਤਲਬ ਏ "ਆਸਤੀ",
> "ਦੋਸਤੀ", "ਭਰਾਵਲੀ"।
> ਇਹ ਅਰਬੀ ਦਾ ਲਫ਼ਜ਼ ਏ। ਇਸ ਦਾ ਮਤਲਬ
> "ਤਾਬੇਦਾਰੀ" ਤੇ
> "ਅਧੀਨਗੀ" ਵੀ ਏ।...ਮੁਸਲਮਾਨ ਉਹ ਜਿਹੜਾ ਇਕ ਰੱਬ ਨੂੰ ਮੰਨਦਾ ਹੈ।"
> 'ਤੇ ਫੇਰ ਸਾਡੇ ਗੁਰੂ ਮਹਾਰਾਜ!" ਹੁਣ ਸੁੰਦਰੀ ਤੋਂ ਨਾ ਰਿਹਾ ਗਿਆ ਤੇ ਉਹ ਮੁਗ਼ਲਾਣੀ ਤੋਂ ਪੁੱਛਣ ਲਗੀ।" (ਪੰਨੇ 420-22)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਇਨ੍ਹਾਂ ਸੰਬਾਦਾਂ ਤੋਂ, ਸਿੱਖੀ ਦੀ ਆਪਣੀ ਨਵੇਕਲੀ ਸ਼ਨਾਖ਼ਤ ਤਾਂ ਸਥਾਪਤ ਹੁੰਦੀ ਹੀ ਹੈ, ਨਾਲ ਹੀ 'ਸਾਂਝੇ ਪੰਜਾਬੀ ਸਭਿਆਚਾਰ' ਦੇ ਸਾਮੀ-ਸਰੋਤ (ਸੈਮਟਿਕ ਸਰੋਤ) ਵੀ ਸਪੱਸ਼ਟ ਹੁੰਦੇ ਹਨ । ਇਨ੍ਹਾਂ ਨਾਵਲਾਂ ਵਿੱਚਲੇ ਹਿੰਦੂ-ਸਿੱਖ- ਮੁਸਲਮਾਨ ਪਾਤਰ, ਜੋ ਵੀ ਬੋਲ ਬੋਲਦੇ ਹਨ ਉਨ੍ਹਾਂ ਵਿੱਚੋਂ, ਉਨ੍ਹਾਂ ਦੇ ਸਭਿਆਚਾਰਕ-ਪਿਛੋਕੜ ਦੀ ਝਲਕ ਜ਼ਰੂਰ ਦਿਸ ਆਉਂਦੀ ਹੈ । ਇਨ੍ਹਾਂ ਨਾਵਲਾਂ ਦੇ ਪਾਤਰ-ਚਿਤਰਣ ਨਾਲ ਸੰਬੰਧਤ, ਇਹ ਇਕ ਅਹਿਮ ਨੁਕਤਾ ਹੈ । ਪਾਤਰਾਂ ਦੇ ਆਪਸੀ ਸੰਬਾਦਾਂ ਰਾਹੀਂ ਜਿਥੇ, ਇਸਲਾਮ ਦੀ ਵਿਆਖਿਆ ਹੁੰਦੀ ਹੈ ਉਥੇ, ਸਿੱਖ-ਧਰਮ ਨਾਲ ਸੰਬੰਧਤ ਮੀਰੀ-ਪੀਰੀ; ਭਗਤੀ-ਸ਼ਕਤੀ: ਦੇਗ-ਤੇਗ਼; ਧਰਮ ਤੇ ਰਾਜਨੀਤੀ ਜਹੇ ਮਹੱਤਵਪੂਰਣ ਸੰਕਲਪ ਤੇ ਮਸਲੇ ਵੀ ਥਾਂ ਥਾਂ ਚਰਚਾ ਦਾ ਵਿਸ਼ਾ ਬਣਦੇ ਹਨ । ਇਸ ਸੰਬੰਧ ਵਿਚ ਵਰਣਨਯੋਗ ਗੱਲ ਇਹ ਹੈ ਕਿ ਸੰਕਲਪ ਵਿਕੋਲਿਤਰੇ ਰੂਪ ਵਿਚ ਨਹੀਂ, ਸਗੋਂ ਆਪਣੇ ਇਤਿਹਾਸਕ-ਮਿਥਿਹਾਸਕ ਪ੍ਰਸੰਗਾਂ ਸਮੇਤ ਪੇਸ਼ ਹੋਏ ਹਨ ।

ਹੁਣ ਸਾਡੇ ਦਰਪੇਸ਼ ਮਸਲਾ ਇਨ੍ਹਾਂ ਨਾਵਲਾਂ ਦੇ 'ਰੂਪਾਕਾਰ' ਨਾਲ ਸੰਬੰਧਤ ਹੈ । ਇਨ੍ਹਾਂ ਨਾਵਲਾਂ ਨੂੰ ਇਤਿਹਾਸਕ-ਨਾਵਲਾਂ ਦੀ ਕੋਟੀ ਵਿਚ ਰਖਿਆ ਜਾ ਸਕਦਾ ਹੈ ਜਾਂ ਨਹੀਂ ?—ਇਹ ਵਿਚਾਰਣਯੋਗ ਇਕ ਅਹਿਮ ਨੁਕਤਾ ਹੈ । ਇਸ ਨੁਕਤੇ ਸੰਬੰਧੀ ਕੋਈ ਨਿਰਣਾ ਲੈਣ ਤੋਂ ਪਹਿਲਾਂ, ਲੇਖਕ ਦੇ ਇਸ ਸੰਬੰਧੀ ਇਨ੍ਹਾਂ ਸ੍ਵੈ-ਕਥਨਾਂ ਨੂੰ ਧਿਆਨ ਵਿਚ ਰਖਣਾ ਜ਼ਰੂਰੀ ਜਾਪਦਾ ਹੈ :—

> "ਸਿੱਖ ਮਾਪਿਆਂ ਦੇ ਘਰ ਜੰਮਿਆ, ਸਿੱਖ ਭਾਈਚਾਰੇ ਵਿਚ ਪ੍ਰਵਾਨ ਚੜ੍ਹਿਆ, ਮੈਂ ਸਿੱਖੀ ਦਾ ਸ਼ੈਦਾਈ ਹਾਂ, ਇਤਿਹਾਸਕਾਰ ਹੋਣ ਦਾ ਮੇਰਾ ਦਾਅਵਾ ਨਹੀਂ । ਕਹਾਣੀ-ਲੇਖਕ ਮੈਂ ਜ਼ਰੂਰ ਹਾਂ । ਇਹ ਯਤਨ ਮੇਰਾ ਸਿੱਖੀ ਦੀ ਪਛਾਣ ਦੀ ਕਹਾਣੀ ਹੈ, ਇਕ ਕਹਾਣੀ-ਲੇਖਕ ਦੀ ਜ਼ਬਾਨੀ । ਇਹ ਮੇਰੀ ਪੇਸ਼ਕਸ਼ ਸਿੱਖ-ਇਤਿਹਾਸ ਦੀ ਕਹਾਣੀ ਨਹੀਂ । ਇਹ ਇਕ ਕਹਾਣੀ ਹੈ ਜਿਸ ਵਿਚ ਸਿੱਖ-ਇਤਿਹਾਸ ਪ੍ਰਤੀਬਿੰਬਤ ਹੁੰਦਾ ਹੈ, ਜਿਹੋ ਜਿਹਾ ਮੈਂ ਇਸ ਨੂੰ ਪਾਇਆ ਹੈ । ਤੇ ਇੰਜ ਕਰ ਰਿਹਾ ਮੇਰੀ ਜੁਸਤਜੂ ਸਿੱਖੀ ਦੀ ਪਹਿਚਾਣ ਰਹੀ ਹੈ ਤੇ ਬਸ ।"

('ਨਾਨਕ ਨਾਮ ਚੜ੍ਹਦੀ ਕਲਾ' ਪੰਨੇ : 6-7)

ਲੇਖਕ ਦੇ ਇਨ੍ਹਾਂ ਸ੍ਵੈ-ਕਥਨਾਂ ਤੋਂ ਸਪੱਸ਼ਟ ਹੈ ਕਿ ਉਸ ਦੀ ਮੂਲ ਪ੍ਰਤੀਬੱਧਤਾ, ਇਤਿਹਾਸਕ-ਤੱਥਾਂ ਦੀ ਪੇਸ਼ਕਾਰੀ ਨਾਲ ਨਹੀਂ ਅਤੇ ਨਾ ਹੀ ਉਸ ਨੇ ਇਥੇ ਇਤਿਹਾਸ-ਕਾਰ ਹੋਣ ਦਾ ਕੋਈ ਦਾਅਵਾ ਕੀਤਾ ਹੈ । ਉਹ ਤਾਂ ਆਪਣੀ ਇਸ ਪੇਸ਼ਕਸ਼ ਨੂੰ, ਸਿੱਖ-ਇਤਿਹਾਸ ਦੀ ਕਹਾਣੀ ਮਾਤਰ ਵੀ ਮੰਨਣ ਨੂੰ ਤਿਆਰ ਨਹੀਂ । ਉਸ ਦਾ ਜ਼ੋਰ ਤਾਂ ਕਹਾਣੀ-ਲੇਖਨ ਉਪਰ ਹੈ, ਜਿਸ ਵਿਚ ਸਿੱਖ-ਇਤਿਹਾਸ ਪ੍ਰਤੀ-ਬਿੰਬਤ ਹੁੰਦਾ ਨਜ਼ਰ ਆਉਂਦਾ ਹੈ । ਜ਼ਾਹਿਰ ਹੈ ਇਥੇ ਲੇਖਕ ਨੇ ਪਹਿਲ 'ਕਹਾਣੀ' ਨੂੰ ਦਿੱਤੀ ਹੈ ਨਾ ਕਿ ਸਿੱਖ-ਇਤਿਹਾਸ ਨੂੰ । ਇਥੋਂ ਤੱਕ ਕਿ ਲੇਖਕ ਇਤਿਹਾਸ ਦੀ ਇਸ ਪੇਸ਼ਕਾਰੀ ਸੰਬੰਧੀ ਆਪਣੀ 'ਆਤਮਪਰਕਤਾ' (subjectivity) ਪ੍ਰਤੀ ਵੀ ਪੂਰਾ ਸੁਚੇਤ ਹੈ । ਭਾਵ, ਇਸ ਕਹਾਣੀ ਵਿਚ ਪ੍ਰਤੀਬਿੰਬਤ ਸਿੱਖ-ਇਤਿਹਾਸ ਉਹੀ ਹੈ, ਜਿਹੋ ਜਿਹਾ ਉਸ ਨੇ ਇਸ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆਪਣੇ ਅੰਦਰ ਆਤਮਸਾਤ (assimilate) ਕੀਤਾ ਹੋਇਆ ਹੈ। ਇਤਿਹਾਸ ਦੀ ਅਜਿਹੀ ਪੇਸ਼ਕਾਰੀ ਲੇਖਕ ਦੀ ਸ਼ਰਧਾ-ਭਾਵਨਾ ਤੋਂ ਅਭਿੱਜ ਨਹੀਂ। ਸੋ, ਸਪੱਸ਼ਟ ਹੈ ਕਿ ਇਥੇ ਦੁੱਗਲ ਦਾ ਸਿੱਖ-ਇਤਿਹਾਸ ਪ੍ਰਤੀ ਰਵੱਈਆ 'ਵਸਤੂਪਰਕ' (objective) ਨਹੀਂ, ਸਗੋਂ 'ਆਤਮਪਰਕ' ("ਮੈਂ ਸਿੱਖੀ ਦਾ ਸ਼ੈਦਾਈ ਹਾਂ") ਹੈ। ਦੂਸਰੇ ਸ਼ਬਦਾਂ ਵਿਚ ਇਹ ਸਿੱਖ-ਇਤਿਹਾਸ ਦਾ ਉਹ ਰੂਪ ਹੈ ਜੋ ਸਿੱਖ-ਮਾਨਸਿਕਤਾ ਵਿਚ 'ਮਿਥ' ਵਾਂਗ ਰੂੜ੍ਹ ਹੋ ਚੁੱਕਿਆ ਹੈ। ਗਹੁ ਨਾਲ ਵਾਚਿਆਂ ਪਤਾ ਚਲਦਾ ਹੈ ਕਿ ਦੁੱਗਲ ਇਥੇ ਸਿੱਖ-ਇਤਿਹਾਸ ਦੀ ਕੋਈ ਨਵੀਂ ਵਿਆਖਿਆ ਕਰਨ ਵੱਲ ਰੁਚਿਤ ਨਹੀਂ। ਉਹ ਮੂਲ ਰੂਪ ਵਿਚ ਇਥੇ ਆਪਣੇ ਸਿੱਖ-ਭਾਈਚਾਰੇ ਵਿਚ ਪ੍ਰਵਾਨ ਚੜ੍ਹੇ ਇਤਿਹਾਸ ਦੇ ਮਾਡਲ (ਮਿਥੀਕ੍ਰਿਤ) ਨੂੰ ਹੀ ਆਪਣਾ ਅਧਾਰ ਬਣਾਉਂਦਾ ਨਜ਼ਰ ਆਉਂਦਾ ਹੈ। ਸਿੱਖੀ ਨਾਲ ਸੰਬੰਧਤ ਮਿਥਾਂ ਨੂੰ 'ਡੀਮਿਥੀਫ਼ਾਈ' (demythify) ਕਰਨ ਵਿਚ ਲੇਖਕ ਦੀ ਕੋਈ ਰੁਚੀ ਨਹੀਂ। ਉਹ ਪੂਰੀ ਸ਼ਰਧਾ-ਭਾਵਨਾ ਨਾਲ, ਭਿੰਨ ਭਿੰਨ ਸਰੋਤਾਂ (ਜਨਮਸਾਖੀਆਂ, ਧਾਰਮਕ ਲਿਖਤਾਂ, ਇਤਿਹਾਸ-ਗਰੰਥਾਂ ਆਦਿ) ਤੋਂ ਪ੍ਰਾਪਤ ਸਿੱਖ-ਇਤਿਹਾਸ ਨਾਲ ਸੰਬੰਧਤ ਸਮੱਗ੍ਰੀ ਨੂੰ 'ਟੈਕਸਟ' ਵਾਂਗ ਪੜ੍ਹ ਕੇ, ਆਪਣੇ 'ਪ੍ਰਵਚਨ' (discourse) ਵਿਚ ਢਾਲਣ ਦੇ ਆਹਰ ਵਿਚ ਹੈ। ਇਹੀ ਵਜ੍ਹਾ ਹੈ ਕਿ ਇਨ੍ਹਾਂ ਰਚਨਾਵਾਂ ਨੂੰ 'ਇਤਿਹਾਸਕ-ਨਾਵਲ' ਦੀ ਕੋਟੀ ਨਾਲ ਸੰਬੰਧਤ ਕਰਨ ਦੀ ਬਜਾਏ, 'ਪ੍ਰਵਚਨ-ਨਿਰਮਾਣ ਕਰਨ ਵਾਲੀਆਂ ਨਾਵਲੀ-ਕਿਰਤਾਂ' ਦੇ ਅਰਥਾਂ ਵਿਚ ਗ੍ਰਹਿਣ ਕੀਤਾ ਹੈ। ਇਹ ਤਾਂ ਸਪੱਸ਼ਟ ਹੀ ਹੈ, ਕਿ 'ਪਾਠ' (Text) ਪ੍ਰਦੱਤ ਹੁੰਦਾ ਹੈ ਅਤੇ 'ਪ੍ਰਵਚਨ' ਹਮੇਸ਼ਾਂ ਪ੍ਰਸੰਗ ਦੀ ਸਹਾਇਤਾ ਨਾਲ ਸਿਰਜਿਆ ਜਾਂਦਾ ਹੈ। ਜੂਲੀਆ ਕ੍ਰਿਸਤੇਵਾ ਦੀ ਤਕਨੀਕੀ 'ਭਾਸ਼ਾ' ਵਿਚ ਅਸੀਂ ਇਨ੍ਹਾਂ ਰਚਨਾਵਾਂ ਨੂੰ 'ਅੰਤਰ ਪਾਠ' (inter-text) ਕਹਿ ਸਕਦੇ ਹਾਂ। ਭਾਵ, ਰਚਿਤ-ਪਾਠਾਂ ਉਪਰ ਰਚੇ ਗਏ 'ਨਵੇਂ ਪਾਠ'। ਇਸ ਵਿਚ, ਆਪਣੀ ਪਰੰਪਰਾ ਨੂੰ ਮੁੜ ਪੜ੍ਹਣ ਤੇ ਪਛਾਣਨ ਦਾ ਯਤਨ ਨਿਹਿਤ ਹੈ। ਸੋ ! ਅਸੀਂ ਕਹਿ ਸਕਦੇ ਹਾਂ ਕਿ ਦੁੱਗਲ ਦੀ ਇਸ ਇਤਿਹਾਸਕ ਪੇਸ਼ਕਸ਼ ਵਿਚ, ਆਪਣੇ ਪਰੰਪਰਾਗਤ-ਵਿਰਸੇ (ਇਤਿਹਾਸ-ਮਿਥਿਹਾਸ, ਸਾਹਿਤ-ਸਭਿਆਚਾਰ ਤੇ ਜੀਵਨ-ਫ਼ਲਸਫ਼ਾ ਆਦਿ) ਨੂੰ ਆਧੁਨਿਕ ਪ੍ਰਸੰਗ ਵਿਚ ਰਖ ਕੇ ਵਿਆਖਿਆਉਣ ਦੀ ਰੁਚੀ ਕਾਫੀ ਪ੍ਰਬਲ ਹੈ। ਦੂਸਰੇ ਸ਼ਬਦਾਂ ਵਿਚ ਇਹ, ਆਪਣੇ ਵਰਤਮਾਨ ਦੇ ਦ੍ਰਿਸ਼ਟੀ-ਬਿੰਦੂ 'ਤੇ ਖੜ੍ਹੇ ਹੋ ਕੇ ਕੀਤੀ, ਪਰੰਪਰਾਗਤ-ਵਿਰਸੇ ਦੀ ਪੁਨਰ-ਵਿਆਖਿਆ ਹੈ। ਪੰਜਾਬ ਦਾ ਅਜੋਕਾ ਸੰਤਾਪ ਤੇ ਵਰਤਮਾਨ ਵਿਸਫ਼ੋਟਕ ਸਥਿਤੀ, ਦੁੱਗਲ ਦੇ ਸਾਹਵੇਂ ਹੈ। ਅਸਲ ਵਿਚ, ਇਸੇ ਸਥਿਤੀ ਨੇ ਹੀ ਦੁੱਗਲ ਨੂੰ ਅਜਿਹਾ ਕਰਨ ਲਈ ਪ੍ਰੇਰਿਤ ਕੀਤਾ ਹੈ। ਮੱਧਕਾਲ ਵਿਚ ਜਦੋਂ ਮੁਗਲ ਬਾਦਸ਼ਾਹਾਂ ਨੇ ਨਿਤ-ਨਵੀਆਂ ਵੰਗਾਰਾਂ-ਚਣੌਤੀਆਂ ਨੂੰ ਜਨਮ ਦਿੱਤਾ ਤਾਂ ਸਿੱਖ ਗੁਰੂ ਸਾਹਿਬਾਨ ਵੱਲੋਂ ਸਮੇਂ ਸਮੇਂ ਉਨ੍ਹਾਂ ਨੂੰ ਢੁੱਕਵੇਂ ਪ੍ਰਤੀਉੱਤਰ ਵੀ ਮਿਲੇ। ਇਉਂ, ਵੰਗਾਰਾਂ ਤੇ ਪ੍ਰਤੀਉੱਤਰਾਂ ਦਾ ਇਹ ਸਿਲਸਿਲਾ, ਮੱਧਕਾਲ ਵਿਚ ਨਿਰੰਤਰ ਚਲਦਾ ਰਿਹਾ। ਵੰਗਾਰਾਂ ਵਿਚ 'ਹਿੰਸਾ ਤੇ ਤਸ਼ੱਦਦ' ਸਿਖਰ 'ਤੇ ਸੀ ਅਤੇ ਪ੍ਰਤੀਉੱਤਰਾਂ ਵਿਚ 'ਅਹਿੰਸਾ' ਤੇ 'ਪ੍ਰਤੀਹਿੰਸਾ' ਦੀ ਭਾਵਨਾ ਕੇਂਦਰ ਵਿਚ ਸੀ। 'ਅਹਿੰਸਾ' ਸਿੱਖ ਗੁਰੂ ਸਾਹਿਬਾਨ ਦਾ ਆਦਰਸ਼ ਸੀ ਅਤੇ 'ਹਿੰਸਾ' ਤੇ 'ਪ੍ਰਤੀਹਿੰਸਾ' ਨੂੰ ਉਨ੍ਹਾਂ ਨੇ ਮਗਰੋਂ ਜੁਗਤ ਵਾਂਗ ਵਰਤਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਨਤੀਜਨ, ਨਵੀਆਂ ਸਭਿਆਚਾਰਕ-ਸੰਰਚਨਾਵਾਂ (cultural structures) ਹੋਂਦ ਵਿਚ ਆਈਆਂ, ਜਿਨ੍ਹਾਂ ਨੂੰ ਮੁਗਲ ਬਾਦਸ਼ਾਹਾਂ ਨੇ ਆਪਣੇ ਰਾਜ-ਵਿਰੁੱਧ ਬਗਾਵਤ ਦੇ ਅਰਥਾਂ ਵਿਚ ਗ੍ਰਹਿਣ ਕੀਤਾ। ਸਥਾਪਤੀ ਪ੍ਰਤੀ ਵਿਦਰੋਹ; ਰਾਜ ਅੰਦਰ ਰਾਜ; ਅਣਖ ਤੇ ਸਵੈਮਾਨ ਦੀ ਰਾਖੀ ਲਈ ਕੁਰਬਾਨੀਆਂ—ਸ਼ਹਾਦਤਾਂ; ਆਪਣੀ ਧਰਤੀ ਤੋਂ ਟੁੱਟਣ, ਸ਼ਕਤੀ ਦੇ ਵਿਕੇਂਦਰੀਕਰਣ ਲਈ ਲੜ੍ਹਾਈ, ਹੱਕਾਂ ਲਈ ਜੂਝਣਾ; ਹਿੰਸਾ-ਪ੍ਰਤੀਹਿੰਸਾ ਆਦਿ ਮਸਲੇ, ਪੰਜਾਬ ਦੀ ਅਜੋਕੀ ਸਥਿਤੀ ਵਿਚ ਉਤਨੇ ਹੀ ਪ੍ਰਚੰਡ ਹਨ, ਜਿਤਨੇ ਮੱਧਕਾਲ ਵਿਚ ਸਨ। ਇਉਂ ਲਗਦੈ ਜਿਵੇਂ ਸਥਿਤੀਆਂ-ਪਰਸਥਿਤੀਆਂ ਤੇ ਸਮੱਸਿਆਵਾਂ ਤਾਂ ਲੱਗਭਗ ਉਹੋ ਜਹੀਆਂ ਹਨ, ਕੇਵਲ ਪ੍ਰਸੰਗ ਬਦਲੇ ਹਨ। ਇਸ ਦ੍ਰਿਸ਼ਟੀ ਤੋਂ ਇਨ੍ਹਾਂ ਨਾਵਲੀ-ਕਿਰਤਾਂ ਨੂੰ ਪੜ੍ਹਣ ਤੇ ਵਿਚਾਰਣ ਨਾਲ, ਦੁੱਗਲ ਦੀ ਇਸ ਪੇਸ਼ਕਸ਼ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ।

ਆਪਣੇ ਪਰੰਪਰਾਗਤ-ਵਿਰਸੇ ਨੂੰ ਆਧੁਨਿਕ-ਪ੍ਰਸੰਗ ਵਿਚ ਵਿਆਖਿਆਉਣ ਵਾਲਾ ਨੁਕਤਾ, ਇਸ ਗੱਲ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ 'ਨਾਨਕ ਨਾਮ ਚੜ੍ਹਦੀ ਕਲਾ' ਦੀ ਤਰ੍ਹਾਂ 'ਤੇਰੇ ਭਾਣੇ' ਨਾਵਲ ਦਾ ਅਰੰਭ ਵੀ 'ਪੰਜਾਬੀ ਸੂਬੇ' ਦੀ ਸਮੱਸਿਆ ਦੇ ਦ੍ਰਿਸ਼ ਨਾਲ ਹੁੰਦਾ ਹੈ। ਇਹ ਦੋਹਾਂ ਨਾਵਲਾਂ ਨਾਲ ਸੰਬੰਧਤ ਇਕ ਅਹਿਮ ਨੁਕਤਾ ਹੈ। ਦੁੱਗਲ, ਪੰਜਾਬ ਦੇ ਸਮਕਾਲੀ ਸੰਕਟ ਦੇ ਕਾਰਣਾਂ ਨੂੰ, ਇਸੇ ਸਥਿਤੀ ਨਾਲ ਜੋੜਦਾ ਪ੍ਰਤੀਤ ਹੁੰਦਾ। ਦੇਸ਼ ਦੀ ਆਜ਼ਾਦੀ ਮਗਰੋਂ ਸਾਰੇ ਰਾਜਾਂ ਨੂੰ ਬੋਲੀ ਦੇ ਅਧਾਰ 'ਤੇ ਬਣਾਇਆ ਗਿਆ, ਪਰ ਪੰਜਾਬ ਨਾਲ ਇਸ ਪੱਖੋਂ ਸ਼ੁਰੂ ਤੋਂ ਹੀ ਵਿਤਕਰਾ ਕੀਤਾ ਜਾਂਦਾ ਰਿਹਾ ਹੈ। ਇਉਂ ਪੰਜਾਬ ਨਾਲ ਹੋਏ ਤੇ ਹੋ ਰਹੇ ਵਿਤਕਰਿਆਂ ਦਾ ਇਕ ਲੰਬਾ ਇਤਿਹਾਸ ਹੈ। ਦੁੱਗਲ ਨੇ ਆਪਣੇ ਇਨ੍ਹਾਂ ਦੋਹਾਂ ਨਾਵਲਾਂ ਵਿਚ ਸਮੇਂ ਸਮੇਂ ਹੋਂਦ ਵਿਚ ਆਈਆਂ ਸਥਿਤੀਆਂ ਦੇ 'ਰਾਜਨੀਤਕ ਅਵਚੇਤਨ' (Political unconscious) ਨੂੰ ਉਭਾਰਣ ਦਾ ਯਤਨ ਕੀਤਾ ਹੈ। ਉਸ ਨੇ ਇਨ੍ਹਾਂ ਸਥਿਤੀਆਂ ਦੇ ਅੰਦਰ ਪਈਆਂ ਰਾਜਨੀਤਕ-ਚੁੱਪਾਂ (Political silences) ਨੂੰ ਬੋਲ ਪ੍ਰਦਾਨ ਕੀਤੇ ਹਨ ਅਤੇ ਸਥਿਤੀਆਂ ਦੀ ਗੰਭੀਰਤਾ ਪ੍ਰਤੀ ਸਾਨੂੰ ਸੁਚੇਤ ਕੀਤਾ ਹੈ। ਨਤੀਜਨ, ਇਨ੍ਹਾਂ ਨਾਵਲਾਂ ਰਾਹੀਂ ਜਿਥੇ ਸਿੱਖ ਗੁਰੂ ਸਾਹਿਬਾਨ ਦੀ ਕਥਨੀ ਤੇ ਕਰਨੀ ਵਿਚਲੀ ਏਕਤਾ ਉੱਭਰਦੀ ਹੈ ਉਥੇ ਮੁਗਲ ਬਾਦਸ਼ਾਹਾਂ ਦੀਆਂ ਕੁਟਲ-ਨੀਤੀਆਂ ਦਾ ਪਰਦਾ ਵੀ ਫ਼ਾਸ਼ ਹੁੰਦਾ ਹੈ। ਭਾਵੇਂ ਇਨ੍ਹਾਂ ਨਾਵਲਾਂ ਦਾ ਕੈਨਵਸ ਬਹੁਤ ਵਿਸ਼ਾਲ ਹੈ, ਪਰ ਫਿਰ ਵੀ ਇਨ੍ਹਾਂ ਵਿਚ ਕਾਰਜ-ਕਾਰਣ ਦੀ ਸੰਗਲੀ ਬਣੀ ਰਹਿੰਦੀ ਹੈ। ਘਟਨਾਵਾਂ, ਘਟਨਾਵਾਂ ਵਿੱਚੋਂ ਜਨਮ ਲੈਂਦੀਆਂ ਹਨ। ਇਸ ਸਦਕਾ, ਬਿਰਤਾਂਤ ਨੂੰ ਡੂੰਘਾਈ ਪ੍ਰਾਪਤ ਹੁੰਦੀ ਹੈ। ਇਥੇ ਹੀ ਬਸ ਨਹੀਂ, ਇਨ੍ਹਾਂ ਦੋਹਾਂ ਨਾਵਲਾਂ ਵਿਚ ਸੰਰਚਨਾਤਮਕ (structural) ਤੇ ਥੀਮਕ ਇਕਸਾਰਤਾ (thematic coherence) ਵੀ ਨਿਰੰਤਰ ਬਣੀ ਰਹਿੰਦੀ ਹੈ। 'ਨਾਨਕ ਨਾਮ ਚੜ੍ਹਦੀ ਕਲਾ' ਨਾਵਲ ਦਾ ਮੁੱਖ 'ਥੀਮ' ਇਹ ਬਣਦਾ ਹੈ :—

"ਬਾਬਾ ਨਾਨਕ ਸ਼ਾਹ ਫ਼ਕੀਰ
ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਹ ਵਿਚਾਰ, ਕੇਵਲ ਗੁਰੂ ਨਾਨਕ ਸਾਹਿਬ ਉਪਰ ਹੀ ਲਾਗੂ ਨਹੀਂ ਹੁੰਦਾ, ਸਗੋਂ ਪੂਰੀ ਗੁਰੂ-ਪਰੰਪਰਾ ਨਾਲ ਸੰਬੰਧਤ ਹੋ ਜਾਂਦਾ ਹੈ । 'ਤੇਰੇ ਭਾਣੇ' ਨਾਵਲ ਵਿਚ ਇਹੋ 'ਥੀਮ' ਨਵੇਂ ਪ੍ਰਸੰਗਾਂ ਤੇ ਨਵੀਆਂ ਸਥਿਤੀਆਂ ਵਿਚ ਵਿਸਥਾਰ ਗ੍ਰਹਿਣ ਕਰਦਾ ਦੇਖਿਆ ਜਾਂਦਾ ਹੈ । ਇਹ ਸੰਰਚਨਾਤਮਕ ਤੇ ਥੀਮਕ-ਇਕਸਾਰਤਾ, ਲੇਖਕ ਦੁਆਰਾ ਥਾਪੀ ਕਲਾਤਮਕ-ਵਿੱਥ (artistic-distance) ਦਾ ਹੀ ਸਿੱਟਾ ਹੈ ।

ਕੁੱਲ ਮਿਲਾ ਕੇ ਇਹ ਦੋਵੇਂ ਨਾਵਲ, ਇਕ ਵਿਸ਼ੇਸ਼ ਪ੍ਰਕਾਰ ਦੇ ਗਲਪ-ਪ੍ਰਬੰਧ ਨੂੰ ਸਿਰਜਣ ਵੱਲ ਰੁਚਿਤ ਹਨ । ਇਸ ਗਲਪ-ਪ੍ਰਬੰਧ ਵਿਚ 'ਯੋਜਨਾ' ਪੂਰੀ ਤਰ੍ਹਾਂ ਵਿਆਪਤ ਹੈ ਜੋ ਭਿੰਨ ਭਿੰਨ ਜੁਗਤਾਂ ਤੇ ਵਿਧੀਆਂ ਰਾਹੀਂ ਸਾਕਾਰ ਹੁੰਦੀ ਦੇਖੀ ਜਾਂਦੀ ਹੈ । ਯੋਜਨਾ ਹੈ : ਵਰਤਮਾਨ ਦ੍ਰਿਸ਼ਟੀ-ਬਿੰਦੂ ਤੋਂ, ਪਰੰਪਰਕ ਇਤਿਹਾਸ-ਮਿਥਿਹਾਸ ਦੀ ਪੁਨਰ ਵਿਆਖਿਆ ਨਾਲ, ਸਿੱਖੀ ਦੀ ਆਪਣੀ ਨਵੇਕਲੀ ਸ਼ਨਾਖ਼ਤ ਜਾਂ ਪਛਾਣ ਨੂੰ ਸਥਾਪਤ ਕਰਨਾ । ਅਜਿਹਾ ਕਰਦਿਆਂ ਦੁੱਗਲ 'ਇਤਿਹਾਸ' ਤੇ 'ਗਲਪ' ਦੇ ਆਪਸੀ ਰਿਸ਼ਤੇ ਅਤੇ ਅੰਤਰ-ਨਿਖੇੜ ਨੂੰ ਪੂਰੀ ਤਰ੍ਹਾਂ ਸਮਝਦਾ ਹੈ । ਇਹੀ ਵਜ੍ਹਾ ਹੈ ਕਿ 'ਤੇਰੇ ਭਾਣੇ' ਨਾਵਲ ਦੇ 'ਮੁਖ ਬੰਦ' ਵਿਚ ਉਹ ਇਸ ਵਿਸ਼ੇ ਨਾਲ ਸੰਬੰਧਤ ਡਾ. ਗੰਡਾ ਸਿੰਘ ਦੇ ਵਿਚਾਰਾਂ ਉਪਰ ਕਟਾਖ਼ਸ਼ ਕਰਦਾ ਦੇਖਿਆ ਜਾਂਦਾ ਹੈ । 'ਇਤਿਹਾਸ' ਤੇ 'ਗਲਪ' ਦੀ ਤੁਲਨਾ ਕਰਦੇ ਹੋਏ ਯੂਨਾਨੀ ਚਿੰਤਕ ਅਰਸਤੂ ਨੇ, ਗਲਪ ਨੂੰ ਇਤਿਹਾਸ ਨਾਲੋਂ ਵਧੇਰੇ ਦਾਰਸ਼ਨਿਕ ਤੇ ਗੰਭੀਰ ਕਰਾਰ ਦਿੱਤਾ ਸੀ । ਲੱਗਦੈ, ਦੁੱਗਲ ਨੂੰ ਅਰਸਤੂ ਦੇ ਇਨ੍ਹਾਂ ਵਿਚਾਰਾਂ ਦਾ ਸਹਿਜ ਗਿਆਨ ਹੈ ਇਸੇ ਕਰ ਕੇ, ਉਸ ਨੇ ਆਪਣੀ ਇਸ ਪੇਸ਼ਕਸ਼ ਵਿਚ ਇਤਿਹਾਸ ਨਾਲੋਂ ਕਹਾਣੀ (ਗਲਪ) ਨੂੰ ਵਧੇਰੇ ਤਰਜੀਹ ਦਿੱਤੀ ਹੈ । ਉਸ ਦੇ ਆਪਣੇ ਸ਼ਬਦਾਂ ਵਿਚ ਇਹ ਇਕ ਕਹਾਣੀ ਹੈ, ਜਿਸ ਵਿਚ ਸਿੱਖ-ਇਤਿਹਾਸ ਪ੍ਰਤੀਬਿੰਬਤ ਹੁੰਦਾ ਹੈ । ਦੂਸਰੇ ਸ਼ਬਦਾਂ ਵਿਚ ਇਥੇ, ਇਤਿਹਾਸ ਦੇ ਗਲਪੀਕਰਣ ਦੀ ਪ੍ਰਕਿਰਿਆ ਦਾ ਹੀ ਨਤੀਜਾ ਹੈ ਕਿ ਇਥੇ ਦੁੱਗਲ ਆਪਣੀ ਕਲਪਨਾ-ਸ਼ਕਤੀ ਨਾਲ ਕੁਝ ਅਜਿਹੀਆਂ ਗੱਲਾਂ ਵੀ ਪੇਸ਼ ਕਰ ਗਿਆ ਹੈ, ਜਿਨ੍ਹਾਂ ਦਾ ਜ਼ਿਕਰ ਮੇਰੀ ਜਾਚੇ, ਇਤਿਹਾਸ ਵਿਚ ਨਹੀਂ ਆਉਂਦਾ । ਮਸਲਨ, ਬਾਬਾ ਬੁੱਢਾ ਜੀ ਦੇ ਵਰਦਾਨ ਸੰਬੰਧੀ ਲੋਕ ਰਾਏ ਨੂੰ ਹੀ ਲਓ । ਅਜਿਹੀਆਂ ਕੁਝ ਹੋਰ ਮਿਸਾਲਾਂ ਵੀ ਪੇਸ਼ ਕੀਤੀਆਂ ਜਾ ਸਕਦੀਆਂ ਹਨ । ਇਸ ਨਾਲ ਲੋਕ-ਚੇਤਨਾ ਵਿਚਲੇ ਈਰਖਾ ਦੇ ਭਾਵਾਂ ਨੂੰ ਬੋਲ ਜ਼ਰੂਰ ਹਾਸਲ ਹੁੰਦੇ ਹਨ । ਪਰ, ਇਸ ਨਾਲ ਬੇਲੋੜੇ ਵਾਦ-ਵਿਵਾਦ ਦੀ ਸੰਭਾਵਨਾ ਵੀ ਬਣ ਸਕਦੀ ਹੈ ਕਿਉਂਕਿ, ਦੁੱਗਲ ਦੀ ਦਿਲਚਸਪੀ ਇਸ ਵਰਦਾਨ ਦੀ ਮਿਥ ਨੂੰ ਤੋੜਣ ਵਿਚ ਨਹੀਂ । ਦੁੱਗਲ, ਮੂਲ ਰੂਪ ਵਿਚ ਗਲਪਕਾਰ ਹੈ, ਇਤਿਹਾਸਕਾਰ ਨਹੀਂ । ਆਪਣੀ ਗਲਪੀ-ਚੇਤਨਾ ਦੀ ਮਦਦ ਨਾਲ ਉਹ, ਥਾਂ ਥਾਂ ਇਤਿਹਾਸ ਵਿੱਚਲੇ ਖੱਪਿਆਂ ਨੂੰ ਭਰਣ ਦੀ ਰੁਚੀ ਵੀ ਰਖਦਾ ਹੈ ਤਾਂ ਜੋ ਬਿਰਤਾਂਤ ਵਿੱਚਲੀ ਸੁਭਾਵਕਤਾ ਨੂੰ ਉਜਾਗਰ ਕੀਤਾ ਜਾ ਸਕੇ । ਉਸ ਦੀ ਰੁਚੀ, ਕੇਵਲ ਇਤਿਹਾਸਕ-ਘਟਨਾਵਾਂ ਦੀ ਪੇਸ਼ਕਾਰੀ ਵਿਚ ਹੀ ਨਹੀਂ, ਸਗੋਂ ਉਹ ਉਨ੍ਹਾਂ ਘਟਨਾਵਾਂ ਦੇ ਲੋਕ-ਪ੍ਰਤੀਕਰਮਾਂ ਨੂੰ ਵੀ ਸਿਰਜਣ ਦੀ ਕੋਸ਼ਿਸ਼ ਕਰਦਾ ਹੈ ।

ਮੈਂ ਦੁੱਗਲ ਦੇ ਇਸ ਯੋਜਨਾਬੱਧ ਪ੍ਰੋਜੈਕਟ ਨੂੰ ਇਕ ਮਹਾਂ-ਕਾਵਿਕ ਨਾਵਲ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਅਰਥਾਂ ਵਿਚ ਗ੍ਰਹਿਣ ਕੀਤਾ ਹੈ। ਇਸ ਦਾ ਕੈਨਵਸ ਮਹਾਂ-ਕਾਵਿ ਵਾਂਗ ਵਿਸ਼ਾਲ ਹੈ। ਨਾਲੇ ਮਹਾਂ-ਕਾਵਿ ਦੀ ਤਰ੍ਹਾਂ ਇਸ ਵਿਚ, ਉਸ ਸਮੇਂ ਦੇ ਸਮਾਜਕ, ਆਰਥਕ, ਸਭਿਆਚਾਰਕ, ਧਾਰਮਕ ਤੇ ਰਾਜਨੀਤਕ-ਯਥਾਰਥ ਦੇ ਭੱਰਵੇਂ ਚਿੱਤਰ ਉਲੀਕੇ ਮਿਲਦੇ ਹਨ। ਕੇਵਲ ਚਿੱਤਰ ਹੀ ਨਹੀਂ ਸਗੋਂ ਉਨ੍ਹਾਂ ਦਾ ਰਾਜਨੀਤਕ-ਅਵਚੇਤਨ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਨੀਲਗਿਰੀ-ਕਹਾਣੀਆਂ : ਇਕ ਸੰਬਾਦ

ਬਰਤਾਨੀਆ ਵਿਚ ਵੱਸਦੇ ਪਰਵਾਸੀ ਪੰਜਾਬੀ ਲੇਖਕਾਂ ਵਿਚ ਤਰਸੇਮ ਨੀਲਗਿਰੀ ਇਕ ਜਾਣਿਆ-ਪਛਾਣਿਆ ਤੇ ਚਰਚਿਤ ਨਾਂ ਹੈ । ਵਿਸ਼ੇਸ਼ ਕਰਕੇ ਪਰਵਾਸੀ ਪੰਜਾਬੀ ਕਹਾਣੀ ਵਿਚ ਉਸਨੇ ਆਪਣੇ ਨਵੇਕਲੇ ਹਸਤਾਖਰ ਅੰਕਿਤ ਕੀਤੇ ਹਨ । ਭਾਵੇਂ ਉਸ ਨੇ ਕਹਾਣੀ ਦੇ ਨਾਲ ਨਾਲ ਨਾਵਲ ਤੇ ਨਾਟਕ ਆਦਿ ਸਾਹਿਤ-ਰੂਪਾਂ ਉਪਰ ਵੀ ਹੱਥ ਅਜ਼ਮਾਇਆ ਪਰ, ਵਧੇਰੇ ਕਰਕੇ ਉਹ ਇਕ ਕਹਾਣੀਕਾਰ ਦੇ ਤੌਰ 'ਤੇ ਹੀ ਉਭਰਿਆ । ਹੁਣ ਤੱਕ ਉਸਦੇ ਤਿੰਨ ਨਾਟਕ, ਇਕ ਨਾਵਲ ਤੇ ਤਿੰਨ ਕਹਾਣੀ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ । ਸਮੇਂ ਸਮੇਂ ਇਨ੍ਹਾਂ ਕਿਰਤਾਂ ਉਪਰ ਕੁਝ ਵਿਚਾਰ-ਚਰਚਾ ਵੀ ਹੋਇਆ ਹੈ । ਪਰ ਇਨ੍ਹਾਂ ਕਿਰਤਾਂ ਨਾਲ ਸੰਬਾਦੀ ਰਿਸ਼ਤਾ ਪਾਉਣਾ ਅੱਜੇ ਬਾਕੀ ਹੈ । ਇਹ ਕਾਰਜ, ਇਨ੍ਹਾਂ ਕਿਰਤਾਂ ਦੇ ਡੂੰਘੇ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ । ਕੇਵਲ ਵਿਸ਼ਲੇਸ਼ਣ ਰਾਹੀਂ ਹੀ ਅਸੀਂ ਇਨ੍ਹਾਂ ਕਿਰਤਾਂ ਨੂੰ ਅਰਥ-ਉਤਪਾਦਨ ਦੀ ਪ੍ਰਕਿਰਿਆ ਨਾਲ ਜੋੜ ਸਕਦੇ ਹਾਂ ।

ਜਿਥੋਂ ਤੱਕ ਹੱਥਲੇ ਲੇਖ ਦਾ ਸਰੋਕਾਰ ਹੈ ਇਸ ਦੀਆਂ ਆਪਣੀਆਂ ਕੁਝ ਬੁਨਿਆਦੀ ਕਿਸਮ ਦੀਆਂ ਸੀਮਾਵਾਂ ਵੀ ਹਨ ਤੇ ਮਜਬੂਰੀਆਂ ਵੀ । ਲੇਖ ਦੀ ਸੀਮਾ-ਰੇਖਾ ਪ੍ਰਤੀ ਇਥੇ ਸੰਕੇਤ ਮਾਤਰ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ ਤਾਂ ਜੋ ਹਰ ਪਰਕਾਰ ਦੇ ਭੁਲੇਵੇਂ ਜਾਂ ਗ਼ਲਬੇ ਤੋਂ ਬਚਿਆ ਜਾ ਸਕੇ । ਇਸ ਲੇਖ ਵਿਚ ਨੀਲਗਿਰੀ ਦੇ ਕ੍ਰਮਵਾਰ ਦੂਸਰੇ ਕਹਾਣੀ-ਸੰਗ੍ਰਹਿ 'ਰੇਤ ਸਾਗਰ ਤੇ ਰਾਤ ਦਾ ਹੁਸਨ' ਵਿਚ ਦਰਜ ਕੇਵਲ ਪੰਜ ਕਹਾਣੀਆਂ ਦਾ ਵਿਸ਼ਲੇਸ਼ਣ ਕਰਨ ਦੀ ਯੋਜਨਾ ਬਣਾਈ ਗਈ ਹੈ । ਚਰਚਾ-ਅਧੀਨ ਕਹਾਣੀਆਂ ਦੇ ਸਿਰਲੇਖ ਇਸ ਪਰਕਾਰ ਹਨ : 'ਰੇਤ ਸਾਗਰ ਤੇ ਰਾਤ ਦਾ ਹੁਸਨ', 'ਸਾਗਰ ਦੇ ਆਰ ਪਾਰ', 'ਰੇਤੜ', 'ਮੱਛਰ', 'ਔਰਤ ਵੀ ਜਿਤਦੀ ਹੈ' । ਇਹ ਲੇਖ ਦੀ ਬੁਨਿਆਦੀ ਸੀਮਾ ਵੀ ਹੈ ਅਤੇ ਨਿਸ਼ਚਤ ਚੌਖਟਾ ਵੀ । ਇਥੇ ਇਹ ਸਪੱਸ਼ਟ ਕਰ ਦੇਣਾ ਕੁਥਾਂ ਮਹਿਸੂਸ ਨਹੀਂ ਹੁੰਦਾ ਕਿ ਇਨ੍ਹਾਂ ਕਹਾਣੀਆਂ ਦੀ ਚੋਣ ਨਾ ਤਾਂ ਲੇਖ ਦੇ ਲੇਖਕ ਦੀ ਮਨਪਸੰਦ ਉਪਰ ਅਧਾਰਤ ਹੈ ਅਤੇ ਨਾ ਹੀ ਇਨ੍ਹਾਂ ਨੂੰ ਲੇਖਕ ਦੀਆਂ ਸ੍ਰੇਸ਼ਟ ਜਾਂ ਪ੍ਰਤੀਨਿਧ ਕਹਾਣੀਆਂ ਜਾਣ ਕੇ ਚਰਚਾ ਲਈ ਚੁਣਿਆ ਗਿਆ ਹੈ । ਸਗੋਂ ਚਰਚਾ-ਅਧੀਨ ਇਨ੍ਹਾਂ ਕਹਾਣੀਆਂ ਦੀ ਚੋਣ ਸੈਮੀਨਾਰ-ਪ੍ਰਬੰਧਕਾਂ ਦੇ ਆਦੇਸ਼ ਮੁਤਾਬਕ ਹੋਈ ਹੈ । ਕਿਉਂਕਿ ਲੇਖ ਦਾ ਮੂਲ ਸਰੋਕਾਰ ਕੇਵਲ ਪੰਜ ਕਹਾਣੀਆਂ ਨਾਲ ਹੈ, ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਲਈ ਵਿਸ਼ਲੇਸ਼ਣ 'ਚੋਂ ਪਰਾਪਤ ਹੋਣ ਵਾਲੇ ਸਿੱਟਿਆਂ ਨੂੰ ਕੇਵਲ ਇਨ੍ਹਾਂ ਕਹਾਣੀਆਂ ਦੇ ਸੰਦਰਭ ਵਿਚ ਹੀ ਸਮਝਣਾ ਠੀਕ ਰਹੇਗਾ। ਸੋ ਸਪੱਸ਼ਟ ਹੈ ਕਿ ਇਹ ਵਿਸ਼ਲੇਸ਼ਣੀ-ਕਾਰਜ ਨਾ ਤਾਂ ਨੀਲਗਿਰੀ ਦੀ ਸਮੁੱਚੀ ਸਾਹਿਤਕ-ਕਾਰਗੁਜ਼ਾਰੀ ਦੀ ਪਛਾਣ ਵੱਲ ਰੁਚਿਤ ਹੈ ਅਤੇ ਨਾ ਹੀ ਉਸਦੀ ਸਮੁੱਚੀ ਕਹਾਣੀ-ਕਲਾ ਬਾਰੇ ਕੋਈ ਅੰਤਿਮ ਨਿਰਣੇ ਦੇਣ ਵੱਲ। ਹੱਥਲੇ ਲੇਖ ਦਾ ਮੂਲ ਮਨੋਰਥ ਵਿਸ਼ਲੇਸ਼ਣ ਰਾਹੀਂ ਇਨ੍ਹਾਂ ਕਹਾਣੀਆਂ ਨੂੰ ਅਰਥ-ਉਤਪਾਦਨ ਦੀ ਪ੍ਰਕਿਰਿਆ ਨਾਲ ਜੋੜਣਾ ਹੈ। ਕਹਾਣੀਆਂ ਦੇ ਰਚਿਤ ਪਾਠ ਨਾਲ ਸੰਬਾਦੀ ਰਿਸ਼ਤਾ ਪਾਏ ਬਿਨਾਂ ਇਹ ਕਾਰਜ ਸੰਭਵ ਪ੍ਰਤੀਤ ਨਹੀਂ ਹੁੰਦਾ।

ਨੀਲਗਿਰੀ ਦੇ ਸਮੁੱਚੇ ਕਹਾਣੀ-ਸੰਸਾਰ ਉਪਰ ਸਰਸਰੀ ਜਿਹੀ ਨਜ਼ਰ ਮਾਰਿਆਂ ਹੀ ਇਸ ਤੱਥ ਦੀ ਸੋਝੀ ਹੋ ਜਾਂਦੀ ਹੈ ਕਿ ਉਹ ਆਪਣੇ ਕਹਾਣੀ-ਸੰਗ੍ਰਹਿ 'ਰੇਤ ਸਾਗਰ ਤੇ ਰਾਤ ਦਾ ਹੁਸਨ' ਵਿਚ ਕਹਾਣੀ ਦੇ ਰਚਨਾ-ਵਿਧਾਨ ਸੰਬੰਧੀ ਕੁਝ ਨਵੇਂ ਤਜ਼ੱਰਬੇ ਕਰ ਰਿਹਾ ਸੀ। ਇਹੀ ਵਜ੍ਹਾ ਹੈ ਕਿ ਕਹਾਣੀ-ਸੰਗਠਨ ਪੱਖੋਂ ਚਰਚਾ-ਅਧੀਨ ਕੁਝ ਕਹਾਣੀਆਂ ਬਹੁਤੀਆਂ ਪ੍ਰੌਢ ਪ੍ਰਤੀਤ ਨਹੀਂ ਹੁੰਦੀਆਂ। 'ਮੰਟੋ ਮਰ ਗਿਆ' ਕਹਾਣੀ-ਸੰਗ੍ਰਹਿ 'ਤੇ ਪਹੁੰਚ ਕੇ ਹੀ ਉਸ ਦੀ ਕਹਾਣੀ, ਇਸ ਪੱਖੋਂ ਪ੍ਰੌਢਤਾ ਹਾਸਲ ਕਰਦੀ ਹੈ। ਇਸ ਸੰਗ੍ਰਹਿ ਵਿਚ ਦਰਜ ਉਸਦੀਆਂ ਕੁਝ ਕਹਾਣੀਆਂ (ਸੰਗਚੂਰ, ਗੰਗਾ 'ਚੋਂ ਨਿਕਲੇ ਹੱਥ, ਆਦਿ) ਅੰਤਰ-ਰਾਸ਼ਟਰੀ ਪੱਧਰ ਦੀਆਂ ਕਹਾਣੀਆਂ ਵਿਚ ਸ਼ਾਮਲ ਕਰਨ ਯੋਗ ਹਨ। ਇਹ ਸੰਗ੍ਰਹਿ ਨੀਲਗਿਰੀ ਦੀ ਕਹਾਣੀ-ਕਲਾ ਦੀ ਸਿਖਰ ਕਿਹਾ ਜਾ ਸਕਦਾ ਹੈ : ਖ਼ੈਰ! ਇਹ ਇਕ ਵੱਖਰਾ ਮਸਲਾ ਹੈ ਜਿਸ ਸੰਬੰਧੀ ਇਥੇ ਕਿਸੇ ਵਾਦ-ਵਿਵਾਦ ਨੂੰ ਛੇੜਣਾ, ਆਪਣੇ ਪੂਰਵ ਨਿਸ਼ਚਤ ਵਿਸ਼ੇ ਤੋਂ ਬਾਹਰ ਜਾਣ ਵਾਲੀ ਗੱਲ ਹੋਵੇਗੀ। ਚਰਚਾ-ਅਧੀਨ ਕਹਾਣੀਆਂ ਦੀ ਸਥਿਤੀ-ਪਛਾਣ ਸੰਬੰਧੀ ਇਤਨਾ ਕੁ ਸੰਕੇਤ ਮਾਤਰ ਜ਼ਿਕਰ ਕਰਨਾ ਹੀ ਠੀਕ ਮਹਿਸੂਸ ਹੁੰਦਾ ਹੈ।

ਯੋਜਨਾਬੱਧ ਤਰੀਕੇ ਨਾਲ ਹੁਣ ਅਸੀਂ ਇਥੇ ਸੰਬੰਧਤ ਸੰਗ੍ਰਹਿ ਦੀ ਪ੍ਰਤੀਨਿਧ ਕਹਾਣੀ 'ਰੇਤ ਸਾਗਰ ਤੇ ਰਾਤ ਦਾ ਹੁਸਨ' ਦੇ ਵਿਸ਼ਲੇਸ਼ਣ ਵੱਲ ਰੁਚਿਤ ਹੁੰਦੇ ਹਾਂ। ਇਸ ਕਹਾਣੀ ਨੂੰ ਅਸੀਂ ਸੰਗ੍ਰਹਿ ਦੀ ਪ੍ਰਤੀਨਿਧ ਰਚਨਾ ਇਸ ਲਈ ਕਿਹਾ ਹੈ ਕਿਉਂਕਿ ਇਸ ਕਹਾਣੀ-ਸੰਗ੍ਰਹਿ ਦਾ ਨਾਂ ਇਸੇ ਕਹਾਣੀ ਦੇ ਸਿਰਲੇਖ ਉਪਰ ਅਧਾਰਤ ਹੈ। ਸਿਰਲੇਖ ਤੋਂ ਕਹਾਣੀ ਦਾ ਕਿਸੇ ਰੁਮਾਂਟਿਕ ਵਿਸ਼ੇ ਨਾਲ ਸੰਬੰਧਤ ਹੋਣ ਦਾ ਝਾਉਲਾ ਪੈਂਦਾ ਹੈ। ਪਰ ਆਪਣੇ ਅੰਤਰੀਵ ਚਰਿੱਤਰ ਵਿਚ ਇਹ ਕਹਾਣੀ ਕੁਝ ਦਾਰਸ਼ਨਿਕ ਤੇ ਅਧਿਆਤਮਕ ਅਰਥ-ਪਾਸਾਰਾਂ ਨਾਲ ਜੁੜਦੀ ਨਜ਼ਰ ਆਉਂਦੀ ਹੈ। ਰਚਨਾ-ਪਾਠ ਅੰਦਰ ਪ੍ਰਵੇਸ਼ ਕਰਦਿਆਂ ਹੀ ਸਾਨੂੰ ਹਜ ਲਈ ਜਾਂਦੇ ਹਾਜੀਆਂ ਦੇ ਕਾਫ਼ਲੇ ਦੀ ਸੂਚਨਾ ਮਿਲਦੀ ਹੈ। ਕਾਫ਼ਲੇ ਵਿਚ ਭਾਰਤ, ਅਫ਼ਗਾਨਿਸਤਾਨ ਤੇ ਇਰਾਕ ਆਦਿ ਦੇਸ਼ਾਂ ਨਾਲ ਸੰਬੰਧਤ ਬਹੁਤ ਸਾਰੇ ਹਾਜੀ ਸ਼ਾਮਲ ਹਨ। ਲੰਬਾ ਸਫ਼ਰ ਤੈਅ ਕਰ ਕੇ ਆਏ ਇਨ੍ਹਾਂ ਹਾਜੀਆਂ ਦੇ ਚਿਹਰਿਆਂ ਉਪਰ ਥਕਾਵਟ ਦੇ ਚਿੰਨ੍ਹ ਉਕਰੇ ਸਪੱਸ਼ਟ ਨਜ਼ਰ ਆਉਂਦੇ ਹਨ। ਕਾਰਵਾਂ ਆਪਣੀ ਮੰਜ਼ਲ ਦੇ ਨੇੜੇ ਪਹੁੰਚਣ ਵਾਲਾ ਹੈ। ਸਭ ਦੇ ਦਿਲ ਧੜਕ ਰਹੇ ਹਨ। ਇਨ੍ਹਾਂ ਵਿੱਚੋਂ ਤਿੰਨ ਮੁਸਾਫ਼ਰ ਸਹਿਜੇ ਹੀ ਵੱਖਰੇ ਦਿੱਸ ਆਉਂਦੇ ਹਨ ਜੋ ਮੂਲ ਰੂਪ ਵਿਚ ਕਹਾਣੀ ਦਾ ਕੇਂਦਰ-ਬਿੰਦੂ ਬਣਦੇ ਹਨ। ਜਿਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮੁਸਾਫ਼ਰਾਂ ਦੀਆਂ ਅਜੀਬ ਤੇ ਅਲੋਕਾਰ ਹਰਕਤਾਂ ਨੂੰ ਦੇਖ ਦੇਖ ਸਾਰੇ ਹਾਜੀ ਹੈਰਾਨ ਵੀ ਹਨ ਤੇ ਸ਼ਰਮਸਾਰ ਵੀ। ਇਹ ਤਿੰਨ ਮੁਸਾਫ਼ਰ ਕੌਣ ਹਨ ? ਕਿਥੋਂ ਆਏ ਹਨ ? ਇਹ ਰਾਜ਼ ਆਹਿਸਤਾ-ਆਹਿਸਤਾ ਖੁਲ੍ਹਦਾ ਹੈ। ਕਹਾਣੀ ਦੀ ਰਚਨਾ-ਪ੍ਰਕਿਰਿਆ ਨਾਲ ਸੰਬੰਧਤ ਇਹ ਇਕ ਦਿਲਚਸਪ ਨੁਕਤਾ ਹੈ।

ਮੰਜ਼ਿਲ, 'ਤੇ ਅਪੜਣ ਤੋਂ ਬਹੁਤ ਪਹਿਲਾਂ ਇਨ੍ਹਾਂ ਮੁਸਾਫ਼ਰਾਂ ਨੇ ਆਪਣੇ ਊਠਾਂ ਤੋਂ ਉਤਰ ਕੇ ਉਨ੍ਹਾਂ ਦੀਆਂ ਮੁਹਾਰਾਂ ਆਪਣੇ ਹੱਥੀਂ ਫੜ ਲਈਆਂ। ਉਹ ਤਿੰਨੋਂ ਬਰਾਬਰ ਹੀ ਚਲ ਰਹੇ ਹਨ, ਜਦ ਕਿ ਕਾਰਵਾਂ ਦੇ ਊਠ ਇਕ ਦੂਜੇ ਦੇ ਅੱਗੜ-ਪਿੱਛੜ ਹਨ। ਇੰਜ ਕਾਰਵਾਂ ਦੀ ਰਵਾਇਤ ਦੇ ਉਲਟ ਹੈ। ਪਰ ਉਨ੍ਹਾਂ ਨੂੰ ਇਸ ਗ਼ਲਤੀ ਦਾ ਕੋਈ ਅਹਿਸਾਸ ਨਹੀਂ। ਹਾਜੀਆਂ ਨੂੰ ਉਹ ਤਿੰਨੇ ਜਾਣਦੇ ਹਨ ਕਿ ਇਹ ਕਾਰਵਾਂ ਦੇ ਆਗੂ ਵੀ ਨਹੀਂ। ਇਸ ਲਈ ਉਨ੍ਹਾਂ ਦੀ ਨਕਲ ਕਰਨ ਦਾ ਕੋਈ ਸੁਆਲ ਹੀ ਪੈਦਾ ਨਹੀਂ ਹੁੰਦਾ। ਕਹਾਣੀ ਉਪਰ ਸ਼ੱਕ. ਹੈਰਾਨੀ ਤੇ ਉਤਸੁਕਤਾ ਦਾ ਮਾਹੌਲ ਭਾਰੂ ਹੋ ਜਾਂਦਾ ਹੈ। ਮਾਰੂਥਲ ਤਪ ਰਿਹਾ ਹੈ, ਪਰ ਉਨ੍ਹਾਂ ਉਪਰ ਤਪਸ਼ ਦਾ ਕੋਈ ਅਸਰ ਨਹੀਂ ਹੁੰਦਾ। ਜਿਵੇਂ ਉਹ ਹੱਡ-ਮਾਸ ਦੇ ਨਾ ਹੋ ਕੇ ਲੋਹੇ ਦੇ ਹੁੰਦੇ ਹੋਣ। ਕਹਾਣੀ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਹਾਜੀਆਂ ਦੀ ਨਜ਼ਰ ਉਨ੍ਹਾਂ ਦੀ ਅਸਾਧਾਰਣਤਾ ਉਪਰ ਟਿੱਕੀ ਰਹਿੰਦੀ ਹੈ। ਸ਼ੱਕ, ਹੈਰਾਨੀ ਤੇ ਉਤਸੁਕਤਾ ਦੀ ਝਲਕ ਉਨ੍ਹਾਂ ਦੇ ਪ੍ਰਸ਼ਨਾਂ ਤੋਂ ਸਪੱਸ਼ਟ ਦਿਖਾਈ ਦਿੰਦੀ ਹੈ। ਇਰਾਕ ਤੋਂ ਆਇਆ ਅਲਸਾਬਤੀ ਸ਼ੇਰ ਖ਼ਾਨ ਤੋਂ ਪੁੱਛ ਕਰਦਾ ਹੈ : ਕਿਥੋਂ ਆਏ ਨੇ ਇਹ ਹਾਜੀ ? ਇਹ ਆਪਣੇ ਊਠਾਂ ਤੋਂ ਕਿਉਂ ਉਤਰ ਗਏ ਹਨ ? ਸੂਰਜ ਚੜ੍ਹਣ 'ਤੇ ਫੇਰ ਉਹ ਊਠਾਂ ਉਪਰ ਚੜ੍ਹ ਜਾਣਗੇ ? ਅਫ਼ਗ਼ਾਨ ਸ਼ੇਰ ਖ਼ਾਨ ਦੇ ਜੁਆਬਾਂ ਵਿੱਚੋਂ ਕੇਵਲ ਇਤਨੀ ਹੀ ਸੂਚਨਾ ਮਿਲਦੀ ਹੈ ਕਿ ਇਹ ਤਿੰਨੇ ਮੁਸਾਫ਼ਰ ਭਾਰਤ ਦੇ ਉੱਤਰ-ਪੱਛਮ ਵਿੱਚੋਂ ਪੰਜਾਬ ਤੋਂ ਆਏ ਹਨ। ਇਹ ਸੰਕੇਤਕ ਸੂਚਨਾ ਸਾਡੇ ਜ਼ਿਹਨ ਅੰਦਰ ਇਸ ਪ੍ਰਸ਼ਨ ਨੂੰ ਜਨਮ ਦਿੰਦੀ ਹੈ ਕਿ ਪੰਜਾਬੋਂ ਆਏ ਇਹ ਤਿੰਨ ਮੁਸਾਫ਼ਰ ਹਨ ਕੌਣ ? ਇਸ ਭੇਤ ਦੀ ਇਕ ਤੰਦ ਉਦੋਂ ਖੁਲ੍ਹਦੀ ਹੈ ਜਦੋਂ ਕਹਾਣੀਕਾਰ ਇਨ੍ਹਾਂ ਮੁਸਾਫ਼ਰਾਂ ਦੀ ਸ਼ਰੀਰਕ ਡੀਲਡੌਲ ਦਾ ਵਰਣਨ ਇਉਂ ਕਰਦਾ ਹੈ :—

> "ਵਿਚਕਾਰ ਵਾਲਾ ਮੁਸਾਫ਼ਰ ਇਕ ਚਿੱਟੇ ਦਾਹੜੇ ਵਾਲਾ ਪੁਰਖ ਸੀ। ਉਸ ਦਾ ਕੱਦ ਦਰਮਿਆਨਾ। ਚਿਹਰੇ ਉਪਰ ਸਰੂਰ।...ਉਸ ਦੇ ਦੋਵੇਂ ਸਾਥੀ ਅਸਾਧਾਰਣ ਸਨ। ਇਕ ਦਾ ਸ਼ਰੀਰ ਦੁਬਲਾ ਪਤਲਾ ਤੇ ਲੰਮਾ। ਦੂਸਰੇ ਦਾ ਆਮ ਮਨੁੱਖਾਂ ਵਾਂਗ। ਦੁਬਲੇ ਪਤਲੇ ਸ਼ਰੀਰ ਵਾਲਾ ਮਨੁੱਖ ਵੇਖਣ ਨੂੰ ਇਕ ਅਤਿ ਕੋਮਲ ਹਿਰਦੇ ਵਾਲਾ ਇਨਸਾਨ ਜਾਪ ਰਿਹਾ ਸੀ। ਉਸਦੇ ਹੱਥਾਂ ਦੀਆਂ ਉਂਗਲਾਂ ਖ਼ੂਬਸੂਰਤ ਸਨ। ਔਰਤਾਂ ਵਾਂਗ ਲੰਬੀਆਂ ਉਂਗਲਾਂ। ਉਹ ਇਕ ਮਹਾਨ ਸੰਗੀਤਕਾਰ ਜਾਪ ਰਿਹਾ ਸੀ।"

ਇਸ ਸੰਕੇਤਕ ਵਰਣਨ ਤੋਂ ਸ਼ੱਕ ਉਪਜਦਾ ਹੈ ਕਿ ਅਲੌਕਿਕ ਸ਼ਖ਼ਸੀਅਤਾਂ ਵਾਲੇ ਇਹ ਤਿੰਨ ਮੁਸਾਫ਼ਰ, ਬਾਬਾ ਨਾਨਕ ਅਤੇ ਉਸਦੇ ਦੋ ਸਾਥੀ ਹੀ ਤਾਂ ਨਹੀਂ ? ਝੱਟ ਮਗਰੋਂ ਹੀ ਸ਼ੱਕ ਸੱਚ ਵਿਚ ਤਬਦੀਲ ਹੁੰਦਾ ਜਾਪਦਾ ਹੈ। ਵਿਸ਼ੇਸ਼ ਕਰਕੇ ਉਦੋਂ ਜਦੋਂ ਵਿਚਕਾਰ ਚਲ ਰਿਹਾ ਬਿਰਧ ਮੁਸਾਫ਼ਰ "ਪਾਤਾਲਾ ਪਾਤਾਲ, ਲੱਖ ਅਗਾਸਾ ਆਗਾਸ"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਦਾਰਸ਼ਨਿਕ ਬੋਲ ਉਚਾਰਦਾ ਹੈ। ਇਸ ਬੋਲ ਦਾ ਸੰਬੰਧ ਗੁਰੂ ਨਾਨਕ ਰਚਿਤ ਲੰਬੀ ਬਾਣੀ 'ਜਪੁਜੀ' ਨਾਲ ਹੈ। ਸਭਿਆਚਾਰਕ ਸਾਂਝ ਹੋਣ ਕਰਕੇ ਝੱਟ ਹੀ ਸਾਡੇ ਜ਼ਿਹਨ ਅੰਦਰ ਬਾਬੇ ਨਾਨਕ ਦਾ ਬਿੰਬ ਉਭਰਦਾ ਹੈ। ਸਿੱਟੇ ਵਜੋਂ. ਦੋਵਾਂ ਸਾਖੀਆਂ ਸਮੇਤ ਬਿਰਧ ਮੁਸਾਫ਼ਰ ਦੀ ਸ਼ਨਾਖ਼ਤ ਸਥਾਪਤ ਹੁੰਦੀ ਹੈ। ਇਸ ਸ਼ਨਾਖ਼ਤ ਲਈ ਸਾਨੂੰ ਕਹਾਣੀ ਦੇ ਜਟਿਲ ਚਿਹਨ-ਪ੍ਰਬੰਧ ਥਾਣੀ ਲੰਘਣਾ ਪੈਂਦਾ ਹੈ। ਕਹਾਣੀ ਵਿਚ ਕਾਰਜਸ਼ੀਲ ਵੱਖ ਵੱਖ ਸਭਿਆਚਾਰਕ ਕੋਡਾਂ ਦੇ ਡੀਕੋਡ ਹੋਣ ਨਾਲ ਹੀ ਇਹ ਸ਼ਨਾਖਤ ਹੋਂਦ ਵਿਚ ਆਉਂਦੀ ਹੈ । ਇਉਂ ਕਹਾਣੀ ਵਿਚ 'ਚਿਹਨੀਕਰਣ' (signification) ਦੀ ਪ੍ਰਕਿਰਿਆ, ਨਿਰੰਤਰ ਚਲਦੀ ਪ੍ਰਤੀਤ ਹੁੰਦੀ ਹੈ। ਇਸੇ ਸਦਕਾ ਸੂਚਨਾ ਸੰਚਾਰ ਵਿਚ ਬਦਲਦੀ ਹੈ। ਉਨ੍ਹਾਂ ਉਪਰ ਬੈਠੇ ਅਲਸਾਬਤੀ, ਮੁਸਤਫ਼ਾ ਤੇ ਸ਼ੇਰ ਖ਼ਾਨ ਆਦਿ ਹਾਜ਼ੀ ਇਨ੍ਹਾਂ ਮੁਸਾਫ਼ਰਾਂ ਦੀਆਂ ਅਲੋਕਾਰ ਹਰਕਤਾਂ ਤੋਂ ਪ੍ਰਭਾਵਿਤ ਵੀ ਹੁੰਦੇ ਹਨ ਅਤੇ ਪ੍ਰੇਰਿਤ ਵੀ। ਤਿੰਨੇ ਦ੍ਰਿੜ੍ਹ ਨਿਸ਼ਚੇ ਵਾਲੇ ਹੱਠੀ ਇਨਸਾਨ ਹਨ। ਜੇ ਕਦੇ ਸੰਗੀਤ-ਕਾਰ ਡੋਲਦਾ ਵੀ ਹੈ ਤਾਂ ਬਿਰਧ ਮੁਸਾਫ਼ਰ ਦੇ ਅਰਥ-ਭਰਪੂਰ ਤੇ ਕਟਾਖਸ਼ੀ ਸ਼ਬਦ ਮੁੜ ਉਸ ਅੰਦਰ ਉਹੀ ਜੋਸ਼ ਲੈ ਆਉਂਦੇ ਹਨ। ਉਹ ਫਿਰ ਉਨ੍ਹਾਂ ਦੇ ਕਦਮ ਨਾਲ ਕਦਮ ਮਿਲਾ ਕੇ ਤੁਰਿਆ ਜਾਂਦਾ ਹੈ। ਇਸ ਸਭ ਕੁਝ ਦੇ ਪਿਛੋਕੜ ਵਿਚ ਜਨਮਸਾਖੀ-ਸਾਹਿਤ ਦੀਆਂ ਕਥਾਨਕ ਰੂੜੀਆਂ ਦੀ ਕਾਰਜਸ਼ੀਲਤਾ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਕਹਾਣੀ ਦੇ ਅੰਤ ਵਿਚ ਜੋ ਨਾਟਕੀ-ਸਥਿਤੀ ਹੋਂਦ ਵਿਚ ਆਉਂਦੀ ਹੈ ਉਸ ਤੋਂ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕਹਾਣੀ ਮੂਲ ਰੂਪ ਵਿਚ ਜਨਮਸਾਖੀ-ਸਾਹਿਤ ਨਾਲ ਸੰਬੰਧਤ ਮੱਕੇ ਵਾਲੀ ਸਾਖੀ ਦਾ ਹੀ ਰੂਪਾਂਤਰਿਤ ਰੂਪ ਹੈ। ਰੂਪਾਂਤਰਣ ਨਾਲ ਇਹ ਕਹਾਣੀ ਸਾਖੀ ਤੋਂ ਨਿੱਕੀ-ਕਹਾਣੀ ਤੱਕ ਦਾ ਸਫ਼ਰ ਤੈਅ ਕਰਦੀ ਨਜ਼ਰ ਆਉਂਦੀ ਹੈ। ਸਾਖੀ ਦਾ ਆਪਣਾ ਇਕ ਨਿਸ਼ਚਤ ਰੂਪਕਾਰ ਹੈ ਜਿਸ ਵਿਚ ਮਿਥਿਹਾਸਕ ਤੱਤਾਂ ਤੇ ਕਰਾਮਾਤੀ ਸ਼ਕਤੀਆਂ ਦੀ ਭਰਮਾਰ ਹੈ। ਪਰ ਜਦੋਂ ਨੀਲਗਿਰੀ ਸਾਖੀ-ਸਾਮੱਗ੍ਰੀ ਨੂੰ ਕਹਾਣੀ ਰਚਣ ਲਈ ਵਰਤਦਾ ਹੈ ਤਾਂ ਸੁਚੇਤ ਰੂਪ ਵਿਚ ਮਿਥਿਹਾਸਕ ਵੇਰਵੇ ਛਾਂਗਦਾ ਚਲਿਆ ਜਾਂਦਾ ਹੈ। ਸਾਖੀ ਵਿਚ ਜਦੋਂ ਕਾਜ਼ੀ ਰੁਕਨਦੀਨ ਬਾਬੇ ਨਾਨਕ ਦੇ ਪੈਰ ਫੜ ਕੇ ਫੇਰਦਾ ਹੈ ਤਾਂ ਮਹਰਾਬ ਵੀ ਉਸੇ ਵੱਲ ਫਿਰਦਾ ਦਸਿਆ ਜਾਂਦਾ ਹੈ। ਪਰ ਕਹਾਣੀ ਵਿਚ ਇਹ ਘਟਨਾ ਰਤਾ ਵੱਖਰੇ ਰੂਪ ਵਿਚ ਵਾਪਰਦੀ ਹੈ। ਬਿਰਧ ਮੁਸਾਫਰ ਨੂੰ ਝੰਜੋੜਣ ਵਾਲਾ ਮਨੁੱਖ ਅਖੀਰ ਉਸਦੇ ਬੋਲਾਂ ਵਿਚ ਲੁਕੀ ਸਚਾਈ ਨੂੰ ਮਹਿਸੂਸ ਕਰਦਾ ਹੈ। ਸ਼ੇਰਖ਼ਾਨ, ਮੁਸਤਫ਼ਾ ਤੇ ਅਲਸਾਤੀ ਸੋਚਦੇ ਹਨ ਕਿ ਇਸ ਸ਼ਹਿਰ ਵਿਚ ਅੱਜ ਇਕ ਮਹਾਨ ਘਟਨਾ ਵਾਪਰੀ ਹੈ। ਸੰਗੀਤਕਾਰ ਦਬਕਿਆ ਹੋਇਆ ਸੋਚਦਾ ਹੈ ਕਿ ਬਿਰਧ ਦੇ ਅਸਲੀ ਰੂਪ ਨੂੰ ਸਮਝਣ ਵਿਚ ਉਸਨੇ ਫਿਰ ਇਕ ਗ਼ਲਤੀ ਕੀਤੀ ਸੀ। ਇਥੇ ਲੇਖਕ ਇਕ ਵੱਖਰੇ ਕਿਸਮ ਦੀ ਇਤਿਹਾਸਕ-ਚੇਤਨਾ ਪੈਦਾ ਕਰਨ ਲਈ, ਪਰਾਪਤ ਘਟਨਾ ਨੂੰ ਦੇਸ-ਕਾਲ ਦੇ ਡੂੰਘੇ ਪਾਸਾਰਾਂ ਨਾਲ ਜੋੜਣ ਦੇ ਯਤਨ ਵਿਚ ਹੈ। ਦੂਸਰੇ ਸ਼ਬਦਾਂ ਵਿਚ ਇਥੇ ਮੱਕੇ ਵਾਲੀ ਸਾਖੀ ਹੀ ਵਿਸਥਾਪਤ ਹੋ ਕੇ ਕਹਾਣੀ ਦਾ ਰੂਪ ਧਾਰਦੀ ਹੈ, ਪਰ ਫਿਰ ਵੀ ਕਹਾਣੀ-ਨਾਇਕ (ਬਿਰਧ ਮੁਸਾਫ਼ਰ) ਦਾ ਜੋ ਬਿੰਬ ਉੱਭਰ ਕੇ ਸਾਹਮਣੇ ਆਉਂਦਾ ਹੈ, ਉਹ ਸਾਖੀ-ਨਾਇਕ ਵਰਗਾ ਹੁੰਦਾ ਹੋਇਆ ਵੀ ਸਹਿਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੀ ਵੱਖਰਾ ਦਿੱਸ ਆਉਂਦਾ ਹੈ। ਇਹ ਬਿੰਬ ਆਪਣੀ ਪ੍ਰਵਿਰਤੀ ਵਿਚ ਨਾ ਤਾਂ ਮਿਥਕ ਹੈ ਅਤੇ ਨਾ ਹੀ ਪੌਰਾਣਕ, ਸਗੋਂ ਦੇਸ-ਕਾਲ ਵਿਚ ਬਝਿਆ ਇਕ ਇਤਿਹਾਸਕ-ਬਿੰਬ ਹੈ। ਇਥੇ ਕਹਾਣੀਕਾਰ ਨੇ ਸਾਖੀ ਵਿਚਲੇ ਖੱਪਿਆਂ ਨੂੰ ਦੇਸ-ਕਾਲ ਦੇ ਅਰਥ-ਪਾਸਾਰਾਂ ਨਾਲ ਜੋੜ ਕੇ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਸਾਖੀ-ਸਾਮੱਗ੍ਰੀ ਨੂੰ ਕਹਾਣੀ ਵਿਚ ਢਾਲਣ ਲਈ ਅਜਿਹਾ ਕਰਨਾ ਜ਼ਰੂਰੀ ਵੀ ਬਣਦਾ ਸੀ। ਇਸ ਕਹਾਣੀ ਵਿਚ ਲੇਖਕ ਦੀ ਪ੍ਰਵਾਸੀ-ਚੇਤਨਾ ਦੀ ਲੱਗਭਗ ਅਣਹੋਂਦ ਹੀ ਹੈ। ਇਥੇ ਉਹ ਆਪਣੇ ਸਮਕਾਲੀ ਯਥਾਰਥ ਨਾਲ ਜੂਝਣ ਦੀ ਥਾਂ ਸਦੀਵਤਾ ਦੇ ਅਰਥ-ਪਸਾਰਾਂ ਨਾਲ ਆਪਣਾ ਨਾਤਾ ਜੋੜਦਾ ਸਪੱਸ਼ਟ ਨਜ਼ਰ ਆਉਂਦਾ ਹੈ। ਆਪਣੀ ਨਵੇਕਲੀ ਗਲਪੀ ਭਾਸ਼ਾ-ਸ਼ੈਲੀ ਰਾਹੀਂ ਉਹ ਇਥੇ ਬਿਖਮ ਸਥਿਤੀਆਂ 'ਚੋਂ ਵੀ ਸੁਹਜੀਲੇ ਚਿੱਤਰ ਸਿਰਜਣ ਵਿਚ ਪੂਰੀ ਤਰ੍ਹਾਂ ਸਫ਼ਲ ਹੋਇਆ ਹੈ। ਮਸਲਨ :

> "ਕਾਰਵਾਂ ਚਲਦਾ ਜਾ ਰਿਹਾ ਸੀ। ਊਠ ਬੱਝੇ ਹੋਏ ਸਨ। ਮਨੁੱਖਾਂ ਦੇ ਚਿਹਰਿਆ ਉਪਰ ਲੰਮੀ ਮੰਜ਼ਲ ਨੇ ਝਰੀਟਾਂ ਵਾਹ ਦਿੱਤੀਆਂ ਸਨ।... ਮੋਟੀ ਰੇਤ ਦੇ ਕਿਣਕੇ ਉੱਡ ਰਹੇ ਸਨ। ਰੀਂਗ ਰਹੇ ਸਨ। ਕਾਰਵਾਂ ਆਪਣੇ ਪਿੱਛੇ ਹਜ਼ਾਰਾਂ ਮੀਲ ਲੰਬਾ ਮੋਟੀ ਰੇਤ ਦੇ ਕਿਣਕਿਆਂ ਵਾਲਾ ਸਾਗਰ ਛੱਡ ਆਇਆ ਸੀ। ਊਂਠ ਵਫ਼ਾਦਾਰੀ ਨਾਲ ਇਸ ਕਾਰਵਾਂ ਦੇ ਮਨੁੱਖਾਂ ਨੂੰ ਇਕ ਮੰਜ਼ਲ ਵੱਲ ਲਈ ਜਾ ਰਹੇ ਸ਼ਨ।... ਸਵੇਰ ਸਾਰ ਰੇਤ ਸਾਗਰ ਆਪਣੀ ਸੇਜ ਉਪਰੋਂ ਦੀ ਇਕ ਕਾਫ਼ਲਾ ਲੰਘਦਾ ਵੇਖ ਰਿਹਾ ਸੀ।"

ਇਹ ਚਿੱਤਰ, ਸੁਹਜੀਲੇ ਵੀ ਹਨ ਤੇ ਅਰਥ-ਭਰਪੂਰ ਵੀ। ਅਜਿਹੀ ਕਾਵਿਮਈ ਗਲਪੀ ਭਾਸ਼ਾ-ਸ਼ੈਲੀ ਦੇ ਦਰਸ਼ਨ ਸਾਨੂੰ ਉਸਦੀਆਂ ਦੂਸਰੀਆਂ ਕਹਾਣੀਆਂ ਵਿਚ ਵੀ ਹੁੰਦੇ ਹਨ। ਅਸਧਾਰਣਤਾ ਦੇ ਨਕਸ਼ ਉਭਾਰਨ ਲਈ ਨੀਲਗਿਰੀ ਨੇ ਆਪਣੇ ਕਹਾਣੀ-ਨਾਇਕ (ਬਿਰਧ ਮੁਸਾਫ਼ਰ) ਨੂੰ ਦਿੱਬਤਾ ਤੇ ਪਾਰਲੌਕਿਕਤਾ ਦੀ ਥਾਂ ਇਹਲੌਕਿਕ ਸੰਸਾਰ ਦੇ ਨੇੜ੍ਹੇ ਰੱਖਿਆ ਹੈ। ਇਸੇ ਵਿਚ ਹੀ ਉਸਦੀ ਕਲਾ-ਕੌਸ਼ਲਤਾ ਉੱਭਰ ਕੇ ਸਾਹਮਣੇ ਆਉਂਦੀ ਹੈ।

ਚਰਚਾ ਅਧੀਨ ਬਾਕੀ ਦੀਆਂ ਚਾਰੇ ਕਹਾਣੀਆਂ ਇਸ ਤੋਂ ਵੱਖਰੇ ਕਿਸਮ ਦੀਆਂ ਸਮੱਸਿਆਵਾਂ ਨਾਲ ਜੂਝਦੀਆਂ ਨਜ਼ਰ ਆਉਂਦੀਆਂ ਹਨ। ਰਚਨਾ-ਵਿਧਾਨ ਪੱਖੋਂ ਵੀ ਕਹਾਣੀਆਂ ਵਿਚ ਕੁਝ ਨਵੇਂ ਤਜ਼ਰਬੇ ਹੁੰਦੇ ਦੇਖੇ ਜਾਂਦੇ ਹਨ। ਮਸਲਨ 'ਸਾਗਰ ਦੇ ਆਰ ਪਾਰ' ਕਹਾਣੀ ਹੀ ਲਓ : ਆਰਥਕ ਤੰਗੀਆਂ ਦੀ ਸ਼ਿਕਾਰ ਚਰਨੋ ਇਖ਼ਲਾਕ ਦੀਆਂ ਕਦਰਾਂ-ਕੀਮਤਾਂ ਤੋਂ ਡਿੱਗਦੀ ਨਜ਼ਰ ਆਉਂਦੀ ਹੈ। ਪਤੀ ਨਿਖੱਟੂ ਹੈ ਅਤੇ ਅਕਸਰ ਉਸ ਤੋਂ ਕੰਨੀਂ ਕਤਰਾਉਂਦਾ ਹੈ। ਆਰਥਕ ਤੰਗੀਆਂ ਦੀ ਸਤਾਈ ਉਹ ਜਾਗੀ, ਅਮਲੀ ਤੇ ਉਸਦੇ ਯਾਰ ਬੇਲੀਆਂ (ਚੰਨਾ ਤੇ ਦਲਜੀਤ) ਤੋਂ ਕਾਮ-ਵਾਸ਼ਨਾ ਦੀ ਤ੍ਰਿਪਤੀ ਲਈ ਵਰਤੀ ਜਾਂਦੀ ਹੈ। ਅੱਗੋਂ ਉਹ ਵੀ ਵਰਜਿਤ ਕਾਮ-ਸੰਬੰਧਾਂ 'ਚੋਂ ਹੀ ਤ੍ਰਿਪਤੀ ਭਾਲਣ ਦੀ ਆਦੀ ਹੋ ਗਈ ਨਜ਼ਰ ਆਉਂਦੀ ਹੈ। ਦੇਵਰ ਰਣ ਸਿੰਘ ਦੇ ਇੰਗਲੈਂਡ ਤੋਂ ਪਰਤਣ ਨਾਲ ਹੀ ਉਸ ਅੰਦਰ ਆਸ ਦੀ ਇਕ ਕਿਰਨ ਜਾਗਦੀ ਹੈ। ਉਸਦੇ ਬਾਹਰੋਂ ਕਮਾਏ ਪੈਸਿਆਂ ਸਦਕਾ ਉਸਦਾ ਆਰਥਕ ਪੱਧਰ ਉੱਚਾ ਹੋ ਜਾਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਹੈ । ਸਿੱਟੇ ਵਜੋਂ ਹੁਣ ਉਹ ਵੀ ਇਖ਼ਲਾਕ ਦੀਆਂ ਕਦਰਾਂ- ਕੀਮਤਾਂ ਤੇ ਲੋਕਾਚਾਰੀ ਦੇ ਅਰਥਾਂ ਬਾਰੇ ਸੋਚਣ ਲੱਗ ਪੈਂਦੀ ਹੈ । ਉਸ ਅੰਦਰ ਵੀ ਇਕ ਇੱਜ਼ਤਦਾਰ ਤੀਵੀਂ ਬਣਨ ਦਾ ਚਾਅ ਪੈਦਾ ਹੁੰਦਾ ਹੈ । ਦੇਵਰ ਰਣ ਸਿੰਘ ਦੇ ਵਲੈਤ ਚਲੇ ਜਾਣ ਮਗਰੋਂ ਉਹ ਸਵੇਰ-ਸ਼ਾਮ ਰਣ ਸਿੰਘ ਦੀ ਸਲਾਮਤੀ ਲਈ ਆਪਣੇ ਇਸ਼ਟ ਅੱਗੇ ਪ੍ਰਾਰਥਨਾ ਕਰਦੀ ਹੈ ਅਤੇ ਆਪਣੇ ਘਰ ਦੀ ਸੁਖ ਮੰਗਦੀ ਹੈ । ਉਸਦੀ ਗ਼ਰੀਬੀ ਦੇ ਦਿਨ ਨਿਕਲ ਗਏ ਹਨ ਅਤੇ ਕੱਲਰ ਖਾਧੀਆਂ ਕੰਧਾਂ ਦੀ ਥਾਂ ਨਵੇਂ ਆਲੀਸ਼ਾਨ ਮਕਾਨ ਉਸਰ ਗਏ ਹਨ । ਇਸ ਆਰਥਕ ਤਬਦੀਲੀ ਦੇ ਨਾਲ ਨਾਲ ਉਹ ਆਪਣੇ ਆਪ ਨੂੰ ਆਚਰਣਕ ਤੌਰ 'ਤੇ ਉਚਿੱਆਂ ਚੁੱਕਣ ਦੇ ਯਤਨ ਵਿਚ ਹੈ । ਇਉਂ ਇਸ ਕਹਾਣੀ ਵਿਚ ਆਰਥਕ-ਗਿਰਾਵਟ ਨੂੰ ਹੀ ਸਦਾਚਾਰਕ-ਗਿਰਾਵਟ ਦਾ ਕਾਰਣ ਬਣਦੇ ਦੱਸਿਆ ਗਿਆ ਹੈ । ਕਹਾਣੀ ਦੇ ਧਿਛੋਕੜ ਵਿਚ ਲੇਖਕ ਦਾ ਸਮਾਜਵਾਦੀ ਤੇ ਵਿਚਾਰਧਾਰਕ ਨੱਜ਼ਰੀਆ ਕਾਰਜ਼ਸ਼ੀਲ ਹੈ । ਆਰਥਕਤਾ ਤੇ ਇਖ਼ਲਾਕ ਦੇ ਆਪਸੀ ਸੰਬੰਧਾਂ ਨੂੰ ਇਥੇ ਬੜ੍ਹੀ ਖ਼ੂਬੀ ਨਾਲ ਉਘਾੜਿਆ ਗਿਆ ਹੈ ! ਕਹਾਣੀ ਦੇ ਪ੍ਰਤੱਖ (manifest) ਦ੍ਰਿਸ਼ ਦੇ ਪਿਛੋਕੜ ਵਿਚ ਕਾਰਜਸ਼ੀਲ ਲੇਖਕ ਦੀ ਇਸ ਦ੍ਰਿਸ਼ਟੀ ਨੂੰ ਅਸੀਂ ਸਹਿਜੇ ਹੀ ਪਛਾਣ ਲੈਂਦੇ ਹਾਂ । ਪਾਤਰਾਂ ਦੇ ਇਖ਼ਲਾਕ ਨੂੰ ਸਮਾਜ ਦੇ ਆਰਥਕ-ਪ੍ਰਬੰਧ ਕਿਵੇਂ ਪ੍ਰਭਾਵਿਤ ਕਰਦੇ ਹਨ, ਇਸੇ ਦੀ ਪੇਸ਼ਕਾਰੀ ਵੱਲ ਇਹ ਕਹਾਣੀ ਰੁਚਿਤ ਨਜ਼ਰ ਆਉਂਦੀ ਹੈ ।

ਕੁਝ ਅਜਿਹੀ ਹੀ ਸਮੱਸਿਆ ਨੀਲਗਿਰੀ ਦੀ ਕਹਾਣੀ 'ਰੇਤੜ' ਵਿਚ ਵੀ ਪੇਸ਼ ਕੀਤੀ ਗਈ ਹੈ । ਕਹਾਣੀ ਦਾ ਮੁੱਖ ਪਾਤਰ ਠਾਕਰ ਸਿੰਘ ਹੀ ਇਥੇ ਰੇਤੜ ਦਾ ਪ੍ਰਤੀਕ ਬਣਦਾ ਹੈ । ਰੇਤੜ ਪ੍ਰਤੀਕ ਹੈ ਅਣਹੋਏ ਤੇ ਬੰਜਰ ਮਨੁੱਖ ਦਾ । ਠਾਕਰ ਸਿੰਘ ਕੋਲ ਅਬਲ ਤਾਂ ਤੀਵੀਂ ਠਹਿਰਦੀ ਹੀ ਨਹੀਂ, ਝੱਟ ਉਧਲ ਜਾਂਦੀ ਹੈ ਜਾਂ ਮਰ ਜਾਂਦੀ ਹੈ ਅਤੇ ਜਾਂ ਫਿਰ ਜਾਣੇ-ਅਣਜਾਣੇ ਵੇਚ ਦਿੱਤੀ ਜਾਂਦੀ ਹੈ । ਖ਼ਰੀਦ ਕੇ ਲਿਆਂਦੀ ਤੀਵੀਂ ਹਰਬੰਸ ਕੌਰ ਠਾਕਰ ਸਿੰਘ ਨਾਲ ਕੁੱਲ ਸੋਲਾਂ ਦਿਨ ਗੁਜ਼ਾਰ ਕੇ ਹੀ ਉਧਲ ਜਾਂਦੀ ਹੈ । ਛੇ ਮਹੀਨੇ ਪਹਿਲਾਂ ਉਹ ਦੀਧੋ ਨੂੰ ਅੱਠ ਸੌ ਰੁਪਏ ਵਿਚ ਕਿਸੇ ਅੱਗੇ ਵੇਚ ਚੁੱਕਿਆ ਸੀ । ਇਸ ਗੱਲ ਦਾ ਹੁਣ ਉਸ ਨੂੰ ਪਛਤਾਵਾ ਹੋ ਰਿਹੈ । ਮੋਗਣ (ਅੰਬਰ ਕੌਰ) ਠਾਕਰ ਸਿੰਘ ਦੀ ਪਹਿਲੀ ਤੀਵੀਂ ਸੀ ਜੋ ਦਸ ਵਰ੍ਹੇ ਪਹਿਲਾਂ ਮਰ ਚੁੱਕੀ ਹੈ । ਮੂਲ ਰੂਪ ਵਿਚ ਉਹ ਇਕ ਛੁੱਟੜ ਤੀਵੀਂ ਸੀ, ਜਿਸਨੂੰ ਠਾਕਰ ਸਿੰਘ ਪੈਸਿਆਂ ਨਾਲ ਖ਼ਰੀਦ ਕੇ ਲਿਆਇਆ ਸੀ । ਦਸ ਸਾਲ ਪਹਿਲਾਂ ਦੇ ਪਰਛਾਵੇਂ ਉਸ ਨੂੰ ਆ ਘੇਰਦੇ ਹਨ । ਉਹ ਮੋਗਣ ਬਾਰੇ ਹੇਰਵਾ ਪ੍ਰਗਟ ਕਰਦਾ ਹੈ । ਹੁਣ ਮਲ੍ਹ ਬ੍ਰਾਹਮਣ ਤੇਜੋ ਨਾਂ ਦੀ ਇਕ ਤੀਵੀਂ ਨੂੰ ਉਸ ਅੱਗੇ ਚਾਰ ਸੌ ਰੁਪਏ ਵਿਚ ਵੇਚਣ ਆਇਆ ਹੈ । ਜਗੀਰਦਾਰੀ ਰੁਚੀਆਂ ਦੇ ਠਾਕਰ ਸਿੰਘ ਲਈ ਤੀਵੀਂ ਵਸਤੂ ਤੋਂ ਵੱਧ ਹੈਸੀਅਤ ਨਹੀਂ ਰਖਦੀ ਉਹ ਵਸਤੂ ਵਾਂਗ ਬਾਰ ਬਾਰ ਵੇਚੀ-ਖ਼ਰੀਦੀ ਤੇ ਵਰਤੀ ਜਾਂਦੀ ਹੈ—ਇਕ ਬੇਜਾਨ ਵਸਤੂ ਦੀ ਤਰ੍ਹਾਂ । ਇੱਥੇ ਮਰਦ ਪਾਤਰ ਤਾਂ ਫਿਰ ਵੀ ਕਿਰਿਆਸ਼ੀਲ ਨਜ਼ਰ ਆਉਂਦੇ ਹਨ, ਪਰ ਤੀਵੀਆਂ ਤਾਂ ਅਣਹੋਏ ਪਾਤਰਾਂ ਦੀ ਦਾਸਤਾਨ ਬਣਕੇ ਰਹਿ ਜਾਂਦੀਆਂ ਹਨ । ਹਉਂਹੀਣ, ਬੇਜਾਨ ਤੇ ਬੇਜ਼ਬਾਨ ਵਸਤਾਂ ਦੀ ਤਰ੍ਹਾਂ ਉਹ ਸਮਾਜ ਵਿਚ ਵਰਤੀਆਂ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਜਾਂਦੀਆਂ ਹਨ, ਪਰ 'ਸੋਸ਼ਲ ਇਕਾਨਮੀ' ਵਿਚ ਉਨ੍ਹਾਂ ਦਾ ਰੋਲ ਕੇਵਲ ਨਾਂ-ਮਾਤਰ ਹੀ ਨਜ਼ਰ ਆਉਂਦਾ ਹੈ। ਇਉਂ ਅੰਤਰ-ਵਿਅੰਗ (Inner-Irony) ਇਸ ਕਹਾਣੀ ਦੇ ਆਰ-ਪਾਰ ਫੈਲਿਆ ਨਜ਼ਰ ਆਉਂਦਾ ਹੈ। ਕਹਾਣੀਕਾਰ ਨੇ ਬਿਨਾਂ ਟਿੱਪਣੀ ਕੀਤਿਆਂ ਜਗੀਰਦਾਰੀ ਪ੍ਰਬੰਧ ਦੀਆਂ ਕਮਜ਼ੋਰੀਆਂ ਨੂੰ ਕਾਰਜ ਦੀ ਪੱਧਰ 'ਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਥਾਂ ਥਾਂ ਪਾਤਰ ਹੋਰਵੇ ਤੇ ਉਦਰੇਵੇਂ ਦਾ ਸ਼ਿਕਾਰ ਹੋਏ ਵਿਰਾਗਮਈ ਜ਼ਿਲ੍ਹਣ ਨੂੰ ਭੋਗਦੇ ਨਜ਼ਰ ਆਉਂਦੇ ਹਨ। ਵਿਚਾਰਗੀ ਤੇ ਇਕੱਲਤਾ ਦਾ ਅਹਿਸਾਸ ਉਨ੍ਹਾਂ ਨੂੰ ਅੰਦਰੋ-ਅੰਦਰ ਮਾਰਦਾ ਚਲਿਆਂ ਜਾਂਦਾ ਹੈ। ਕਹਾਣੀ ਦੇ ਅਖੀਰ 'ਤੇ ਠਾਕਰ ਸ਼ਿੰਘ ਤੇ ਉਸਦੇ ਲੰਗੋਟੀਏ ਦੋਸਤ 'ਸੁੰਦਰ' ਵਿਚਾਲੇ ਸਥਾਪਤ ਹੋਇਆ ਵਾਰਤਾਲਾਪ ਕਹਾਣੀ ਵਿਚ ਵਿਸਫ਼ੋਟਕ ਸਥਿਤੀ ਪੈਦਾ ਕਰਦਾ ਹੈ :—

> "ਸੁੰਦਰਾ।"
>
> "ਮੈਨੂੰ ਲੱਗ ਗਿਆ ਪਤਾ।" ਸੁੰਦਰ ਨੂੰ ਤਰੇਲੀ ਆ ਰਹੀ ਸੀ। ਉਸਨੂੰ ਖ਼ਿਆਲ ਤੱਕ ਨਹੀਂ ਸੀ ਇਸ ਤਰ੍ਹਾਂ ਹੋਵੇਗਾ।" ਮਲੂ ਨੂੰ ਫੜਾਂ ? ਸਾਡੇ ਪੈਸੇ ਮੁੜਾਏ।"
>
> "ਨਹੀਂ, ਇਹ ਪੈਂਡਾ ਕੱਢਣ ਜੋਗੀ ਨਹੀਂ।"
>
> "ਫੇਰ ?"
>
> "ਕੋਈ ਲਵੇਰਾ ਫਵੇਰਾ ਦੇਖ। ਦੁਧੋਂ ਬਿਨਾਂ ਤਾਂ ਇਹ ਤੋਂ ਦੋ ਮਹੀਨੇ ਨਹੀਂ ਨਿਕਲਣੇ।"

ਭਾਵੇਂ ਠਾਕਰ ਸਿੰਘ ਕੋਈ ਜਗੀਰਦਾਰ ਨਹੀਂ, ਪਰ ਉਸ ਅੰਦਰਲੀਆਂ ਜਾਗੀਰਦਾਰੀ ਰੁਚੀਆਂ ਤੋਂ ਅਸੀਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋ ਸਕਦੇ। ਆਰਥਕ ਤੰਗੀਆਂ ਕਾਰਨ ਤੀਵੀਂ ਦਰ ਦਰ ਵਿਕਦੀ ਹੈ। ਠਾਕਰ ਸਿੰਘ ਦੇ ਇਸ ਕਥਨ 'ਚੋਂ ਉਸਦੀ ਆਰਥਕ-ਸਥਿਤੀ ਦੀ ਮੰਦੀ ਹਾਲਤ ਵੀ ਝਲਕਦੀ ਹੈ। ਇਸੇ ਕਾਰਣ ਉਹ ਸੁੰਦਰ ਨੂੰ ਕੋਈ ਹੋਰ ਲਵੇਰਾ ਫਵੇਰਾ ਜੀਅ (ਤੀਵੀਂ) ਭਾਲਣ ਲਈ ਕਹਿੰਦਾ ਹੈ। ਕਹਾਣੀ ਜਿਸ ਸਥਿਤੀ ਨਾਲ ਅਰੰਭ ਹੁੰਦੀ ਹੈ, ਲੱਗਭਗ ਉਹੋ ਜਿਹੀ ਹੀ ਸਥਿਤੀ ਕਹਾਣੀ ਦੇ ਅੰਤ ਵਿਚ ਪੇਸ਼ ਹੈ! ਇਉਂ ਇਹ ਕਹਾਣੀ ਇਕ ਪ੍ਰਕਾਰ ਦਾ 'ਪ੍ਰਸ਼ਨਵਾਚੀ-ਪਾਠ' (Interrogative text) ਸਿਰਜਣ ਵੱਲ ਰੁਚਿਤ ਨਜ਼ਰ ਆਉਂਦੀ ਹੈ।

ਭਾਵੇਂ 'ਔਰਤ ਵੀ ਜਿੱਤਦੀ ਹੈ' ਕਹਾਣੀ ਦੀ ਮੂਲ ਸਮੱਸਿਆ ਵੀ ਸਮਾਜਕ ਤੇ ਭਾਈਚਾਰਕ ਹੀ ਹੈ, ਪਰ ਇਥੇ ਭਾਈਚਾਰੇ ਦੇ ਅੰਤਰਗਤ ਤੀਵੀਂ ਦੀ ਸ਼ਕਤੀ ਨੂੰ ਉਭਾਰਣ ਦਾ ਯਤਨ ਕੀਤਾ ਗਿਆ ਹੈ। ਸਮਾਜਕ ਆਰਥਕਤਾ (Social Economy) ਵਿਚ ਤੀਵੀਂ ਇਕ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਪੁਸ਼ਤਾਂ ਨੂੰ ਜਣਨ ਤੇ ਪਰਿਵਾਰਕ ਸੰਤੁਲਨ ਨੂੰ ਬਰਕਰਾਰ ਰਖਣ ਵਿਚ ਤੀਵੀਂ ਦੀ ਮਹੱਤਤਾ ਸਪੱਸ਼ਟ ਹੈ। ਇਸ ਕਹਾਣੀ ਵਿਚ ਜੁਗਿੰਦਰ ਆਪਣੇ ਪਤੀ ਦੁਆਰਾ ਮਾਰੀ-ਕੁੱਟੀ ਤੇ ਸਤਾਈ ਜਾਂਦੀ ਹੈ। ਤੀਵੀਂ ਦਾ ਆਚਰਣ ਇਸ ਦਾ ਮੂਲ ਕਾਰਣ ਬਣਦਾ ਹੈ। ਪਤੀ ਆਪਣੀ ਤੀਵੀਂ ਉਪਰ ਇਲਜ਼ਾਮ ਲਾਉਂਦਾ ਹੈ ਕਿ ਉਹ ਛੋਟਾ ਮੁੰਡਾ ਪਿੱਛੋਂ ਹੀ ਲੈ ਕੇ ਆਈ ਹੈ। ਪਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਦੀਆਂ ਤੁਹਮਤਾਂ ਤੇ ਮਾਰ-ਕੁੱਟ ਦੀ ਸਤਾਈ ਜੁਗਿੰਦਰ ਆਪਣੀ ਕੁੜੀ ਤੇ ਮੁੰਡੇ ਨੂੰ ਉਥੇ ਹੀ ਛੱਡ ਕੇ ਆਪਣੇ ਪਿਉ ਮੱਸਾ ਸਿੰਘ ਦੇ ਘਰ ਆ ਜਾਂਦੀ ਹੈ। ਪਹਿਲਾਂ ਪਹਿਲ ਮੱਸਾ ਸਿੰਘ ਇਸ ਗੱਲ ਦਾ ਬੁਰਾ ਮਨਾਉਂਦਾ ਹੈ, ਪਰ ਮਗਰੋਂ ਇਸ ਵੰਗਾਰ ਨੂੰ ਸਵੀਕਾਰ ਕਰ ਲੈਂਦਾ ਹੈ। ਵਿਚ ਵਿੱਚਾਲੇ ਮੱਸਾ ਸਿੰਘ ਦੀ ਆਪਣੇ ਪਰਾਹੁਣੇ ਨਾਲ ਝੜਪ ਵੀ ਹੁੰਦੀ ਹੈ, ਪਰ ਉਹ ਧੀ ਦਾ ਪਿਉ ਹੋਣ ਕਰਕੇ ਸਭ ਕੁਝ ਸਹਿਣ ਕਰ ਸਾਂਦਾ ਹੈ। ਇਧਰ ਜੁਗਿੰਦਰ ਮਮਤਾ ਦੀ ਮਾਰੀ ਚਿਰਾਂ ਤੱਕ ਉਦਰੇਵੇਂ ਭਰਿਆ ਜੀਵਨ ਬਿਤਾਉਂਦੀ ਹੈ। ਜਦੋਂ ਪਤੀ ਆਪਣੇ ਤੌਰ 'ਤੇ ਹੀ ਧੀ ਦਾ ਵਿਆਹ ਰਚਾਉਣ ਲਗਦਾ ਹੈ ਤਾਂ ਕੁੜਮਾਂ ਵੱਲੋਂ ਕੁੜੀ ਉਪਰ ਮਾਂ-ਮਹਿਟਰ ਹੋਣ ਦਾ ਦੋਸ਼ ਲੱਗਦਾ ਹੈ। ਸਥਿਤੀ ਤੋਂ ਬਚਣ ਲਈ ਆਖ਼ਰ ਉਹ ਆਪਣੇ ਸਹੁਰੇ ਤੋਂ ਮਾਫ਼ੀ ਮੰਗਦਾ ਹੈ ਅਤੇ ਜੁਗਿੰਦਰ ਨੂੰ ਆਪਣੇ ਨਾਲ ਘੱਲਣ ਲਈ ਤਰਲੋ-ਮੱਛੀ ਹੁੰਦਾ ਹੈ। ਸਿੱਟੇ ਵਜੋਂ ਭਾਈਚਾਰੇ ਦੇ ਅੰਤਰਗਤ ਤੀਵੀਂ ਦੀ ਆਪਣੀ ਵਿਸ਼ੇਸ਼ ਸਾਰਥਕਤਾ ਉੱਭਰ ਕੇ ਸਾਹਮਣੇ ਆਉਂਦੀ ਹੈ। ਸਾਡੇ ਸਮਾਜ ਵਿਚ ਵਿਆਹ ਕੋਈ ਨਿਜੀ ਕਾਰਜ ਨਹੀਂ ਮੰਨਿਆ ਜਾਂਦਾ, ਸਗੋਂ ਇਹ ਸਮਾਜਕ ਤੇ ਭਾਈਚਾਰਕ ਪ੍ਰਵਾਨਗੀ ਦੀ ਮੰਗ ਕਰਦਾ ਹੈ। ਸਾਡੇ ਸਮਾਜ ਵਿਚ ਪ੍ਰਚਲਤ ਵਿਆਹ ਦੀ ਸੰਸਥਾ ਮਰਿਆਦਾ-ਪਾਲਣ ਦੀ ਨੀਂਹ ਉਪਰ ਟਿਕੀ ਹੋਈ ਹੈ। ਵਿਆਹ ਸਮੇਂ ਕੁੜੀ-ਮੁੰਡੇ ਦੇ ਨਾਲ ਉਨ੍ਹਾਂ ਦੇ ਮਾਪਿਆਂ ਦੀ ਮੌਜੂਦਗੀ ਬਹੁਤ ਮਹੱਤਵ ਰਖਦੀ ਹੈ। ਸਾਰੀ ਕਹਾਣੀ ਇਸੇ ਧਾਰਣਾ ਦੀ ਪੁਸ਼ਟੀ ਨੂੰ ਸਮਰਪਿਤ ਹੈ। ਕਲਾਤਮਕ-ਸੰਗਠਨ ਪੱਖੋਂ ਕਹਾਣੀ ਦਾ ਰਚਨਾ-ਵਿਧਾਨ, ਸਰਲ ਤੇ ਸਮਾਨ ਜਿਹਾ ਹੀ ਪ੍ਰਤੀਤ ਹੁੰਦਾ ਹੈ।

ਇਸ ਦੇ ਮੁਕਾਬਲੇ ਵਿਚ 'ਮੱਛਰ' ਕਹਾਣੀ ਦਾ ਰਚਨਾ-ਵਿਧਾਨ ਰਤਾ ਵਧੇਰੇ ਪ੍ਰੌਢ ਨਜ਼ਰ ਆਉਂਦਾ ਹੈ। ਦਰਸ਼ਨ ਦੇ ਦੋ ਮਿੱਤਰ ਉਸ ਦੀ ਗ਼ੈਰ-ਹਾਜ਼ਰੀ ਵਿਚ, ਉਸ ਦੇ ਘਰ ਠਹਿਰੇ ਹੋਏ ਹਨ। ਪਰ ਦੋਵੇਂ (ਗੁਪਤਾ ਤੇ ਕਿਤਾਬਚੀ ਮਹਿਮਾਨ) ਇਕ ਦੂਸਰੇ ਤੋਂ ਅਣਜਾਣ ਹਨ। ਵਾਕਫ਼ੀ ਨਾ ਹੋਣ ਕਰਕੇ ਦੋਹਾਂ ਵਿਚਾਲੇ ਸੰਬਾਦੀ ਜਾਂ ਸੰਚਾਰੀ ਰਿਸ਼ਤਾ ਸਥਾਪਤ ਨਹੀਂ ਹੋ ਪਾਉਂਦਾ। ਗੁਪਤਾ ਕਿਤਾਬਚੀ ਮਹਿਮਾਨ ਤੋਂ ਖਹਿੜਾ ਛੁਡਾਉਣ ਦੇ ਕਈ ਯਤਨ ਕਰਦਾ ਹੈ, ਪਰ ਨਾਕਾਮ ਰਹਿੰਦਾ ਹੈ। ਉਸ ਨੇ ਸਵੇਰੇ ਪੰਜ ਵਜੇ ਦੀ ਗੱਡੀ ਰਾਹੀਂ ਇਕ ਇੰਟਰਵਿਊ ਦੇ ਸੰਬੰਧ ਵਿਚ ਲੁਧਿਆਣੇ ਜਾਣਾ ਹੈ। ਉਹ ਥੋੜ੍ਹਾ ਜਿਹਾ ਅਰਾਮ ਨਾਲ ਸੌਣਾ ਚਾਹੁੰਦਾ ਹੈ, ਪਰ ਕਿਤਾਬਚੀ ਮਹਿਮਾਨ ਆਪਣੇ ਘਿਸੇ-ਪਿੱਟੇ ਪ੍ਰਸ਼ਨਾਂ ਨਾਲ ਉਸ ਨੂੰ ਤੰਗ ਕਰਦਾ ਹੈ। ਸਿੱਟੇ ਵਜੋਂ, ਉਸ ਦੀ ਨੀਂਦ ਹਰਾਮ ਹੋ ਜਾਂਦੀ ਹੈ। ਅੱਖਾਂ ਵਿਚ ਹੀ ਰਾਤ ਕੱਟ ਕੇ ਤੜਕੇ ਜਦੋਂ ਉਹ ਜਾਣ ਲਈ ਤਿਆਰ ਹੁੰਦਾ ਹੈ ਤਾਂ ਕਿਤਾਬਚੀ ਉਸ ਨੂੰ ਆਪਣੇ ਕਮਰੇ ਵਿਚ ਸੌਂ ਰਿਹਾ ਪ੍ਰਤੀਤ ਹੁੰਦਾ ਹੈ। ਕਹਾਣੀ ਦਾ ਸਾਰਾ ਕਾਰਜ ਪੰਜਾਬ ਵਿਚ ਹੀ ਵਾਪਰਦਾ ਦਿਖਾਇਆ ਜਾਂਦਾ ਹੈ। ਭਾਵੇਂ ਕਹਾਣੀ ਦੀ ਸਮੱਸਿਆ ਕੋਈ ਬਹੁਤੀ ਅਹਿਮ ਨਹੀਂ, ਪਰ ਫਿਰ ਵੀ ਕਹਾਣੀ ਵਿੱਚਲੀ ਰੌਚਕਤਾ ਖ਼ਾਰਜ ਨਹੀਂ ਹੁੰਦੀ। ਇਥੇ ਕਿਤਾਬਚੀ ਮਹਿਮਾਨ ਹੀ ਮੱਛਰ ਦਾ ਪ੍ਰਤੀਕ ਬਣਦਾ ਹੈ। ਕਹਾਣੀ ਦਾ 'ਕਥਾਨਕ' ਮੂਲ ਰੂਪ ਵਿਚ ਸਰਲ ਤੇ ਇਕਹਿਰਾ ਹੈ। ਸੰਕੇਤਕ ਭਾਸ਼ਾ-ਸ਼ੈਲੀ ਦੀ ਵਰਤੋਂ ਇਥੇ ਵੀ ਬੜੀ ਸ਼ਿੱਦਤ ਨਾਲ ਕੀਤੀ ਗਈ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਉਂ ਇਨ੍ਹਾਂ ਪੰਜਾਂ ਕਹਾਣੀਆਂ ਵਿਚ ਕੁਝ ਸਾਂਝਾਂ ਵੀ ਹਨ ਅਤੇ ਵੱਖਰਤਾਵਾਂ ਵੀ। ਸਾਂਝਾਂ ਦਾ ਬੁਨਿਆਦੀ ਅਧਾਰ ਲੇਖਕ ਦੀ ਗਲਪੀ ਭਾਸ਼ਾ-ਸ਼ੈਲੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤਰਸੇਮ ਨੀਲਗਿਰੀ ਕੋਲ ਇਕ ਪ੍ਰੌਢ ਗਲਪੀ ਭਾਸ਼ਾ-ਸ਼ੈਲੀ ਹੈ ਜਿਸ ਵਿਚ ਕਵਿਤਾ ਵਾਲੀ ਰਵਾਨਗੀ ਵੀ ਹੈ ਅਤੇ ਸੁਹਜਮਈ ਚਿੱਤਰ ਸਿਰਜਣ ਦੀ ਸਮਰੱਥਾ ਵੀ। ਇਨ੍ਹਾਂ ਕਹਾਣੀਆਂ ਵਿਚ ਇਹੋ ਭਾਸ਼ਾ-ਸ਼ੈਲੀ ਲੇਖਕ ਦੀ ਸ਼ਕਤੀ ਬਣਦੀ ਹੈ। ਸੰਕੇਤਕੀ ਭਾਸ਼ਾ ਦੀ ਵਰਤੋਂ ਵੀ ਇਨ੍ਹਾਂ ਕਹਾਣੀਆਂ ਵਿਚ ਥਾਂ ਥਾਂ ਹੋਈ ਹੈ। 'ਰੇਤ ਸਾਗਰ ਤੇ ਰਾਤ ਦਾ ਹੁਸਨ' ਕਹਾਣੀ ਇਸ ਵਿਚਾਰ ਦੀ ਪੁਸ਼ਟੀ ਲਈ ਇਕ ਵਰਣਨਯੋਗ ਮਿਸਾਲ ਹੈ। 'ਮੱਛਰ' ਕਹਾਣੀ ਵਿਚ ਇਕ ਸਥਿਤੀ ਨੂੰ ਇਉਂ ਪੇਸ਼ ਕੀਤਾ ਗਿਆ ਹੈ :

> "ਇਕ ਮੋਟੇ ਤਨੇ ਵਾਲੇ ਦਰੱਖਤ ਦੇ ਉਹਲਿਉਂ ਇਕ ਜੋੜਾ ਨਿਕਲ ਕੇ ਪਰ੍ਹਾਂ ਨੂੰ ਸਰਕ ਗਿਆ। ਔਰਤ ਆਪਣੀ ਸਾੜ੍ਹੀ ਛੰਡ ਰਹੀ ਸੀ ਤੇ ਮਰਦ ਆਪਣੇ ਬਟਨ ਬੰਦ ਕਰਦਾ ਜਾ ਰਿਹਾ ਸੀ।"

ਸੰਕੇਤਕ ਭਾਸ਼ਾ-ਸ਼ੈਲੀ ਰਾਹੀਂ ਸਥਿਤੀਆਂ ਦਾ ਅਜਿਹਾ ਵਰਣਨ ਸੁਹਜ ਨੂੰ ਬਰਕਰਾਰ ਰਖਦਾ ਹੈ। ਕਈ ਥਾਈਂ ਇਸੇ ਅਧਾਰ 'ਤੇ ਵਿਅੰਗ ਤੇ ਅੰਤਰ-ਵਿਅੰਗ ਦੀ ਸਿਰਜਣਾ ਵੀ ਕੀਤੀ ਗਈ ਹੈ। ਇਹੀ ਵਜ੍ਹਾ ਹੈ ਕਿ ਇਨ੍ਹਾਂ ਕਹਾਣੀਆਂ ਵਿਚ ਵਰਣਨ ਤੇ ਬਿਰਤਾਂਤ ਵਿਚਾਲੇ ਸੰਤੁਲਨ ਬਣਿਆ ਰਹਿੰਦਾ ਹੈ। 'ਰੇਤ ਸਾਗਰ ਤੇ ਰਾਤ ਦਾ ਹੁਸਨ', 'ਰੇਤੜ', 'ਮੱਛਰ' ਆਦਿ ਕਹਾਣੀਆਂ ਵਿਚ ਪ੍ਰਗੀਤ ਵਾਲੀ ਚੰਚਲਤਾ ਵੀ ਹੈ ਤੇ ਤਿਖਾਪਣ ਵੀ। ਸੰਗਠਨ ਦੇ ਪੱਖੋਂ 'ਸਾਗਰ ਦੇ ਆਰ ਪਾਰ' ਕਹਾਣੀ ਜ਼ਰੂਰ ਕੁਝ ਕਮਜ਼ੋਰ ਨਜ਼ਰ ਆਉਂਦੀ ਹੈ। ਬਾਕੀ ਦੀਆਂ ਚਾਰੋਂ ਕਹਾਣੀਆਂ ਕੱਸਵੇਂ ਸੰਗਠਨ ਵਿਚ ਬਝੀਆਂ ਹੋਈਆਂ ਹਨ। ਇਸ ਗੱਲ ਦੀ ਸੋਝੀ ਸਾਨੂੰ ਇਨ੍ਹਾਂ ਕਹਾਣੀਆਂ ਦੀ ਰਚਨਾ-ਪ੍ਰਕਿਰਿਆ ਨਾਲ ਨੇੜ੍ਹੇ ਦੀ ਸਾਂਝ ਪਾਇਆਂ ਹੀ ਹੁੰਦੀ ਹੈ।

ਇਨ੍ਹਾਂ ਕਹਾਣੀਆਂ ਨੂੰ ਚਰਚਾ ਦਾ ਵਿਸ਼ਾ ਬਣਾਉਣ ਲੱਗਿਆਂ ਅਸੀਂ ਇਸ ਤੱਥ ਨੂੰ ਸਹਿਜੇ ਕੀਤਿਆ ਅੱਖੋਂ ਪਰੋਖੇ ਨਹੀਂ ਕਰ ਸਕਦੇ ਕਿ ਇਹ ਕਹਾਣੀਆਂ ਇਕ ਪਰਵਾਸੀ ਲੇਖਕ ਨੇ ਰਚੀਆਂ ਹਨ। ਸੰਬੰਧਤ ਲੇਖਕ (ਤਰਸੇਮ ਨੀਲਗਿਰੀ) ਬਰਤਾਨੀਆ ਦਾ ਇਕ ਸਿਰਕੱਢ ਕਹਾਣੀਕਾਰ ਵੀ ਹੈ। ਪਰ ਇਨ੍ਹਾਂ ਕਹਾਣੀਆਂ ਵਿਚ ਪਰਵਾਸੀ ਚੇਤਨਾ ਦੀ ਲੱਗਭਗ ਅਣਹੋਂਦ ਹੀ ਹੈ। ਪਰਵਾਸੀ ਜੀਵਨ ਦੇ ਸਥਾਨਕ ਸੰਦਰਭਾਂ ਨੂੰ ਇਥੇ ਗੰਭੀਰਤਾ ਨਾਲ ਛੂਹਣ ਦਾ ਯਤਨ ਨਹੀਂ ਕੀਤਾ ਗਿਆ। ਜੇਕਰ 'ਸਾਗਰ ਦੇ ਆਰ ਪਾਰ' ਕਹਾਣੀ ਵਿਚ ਇਸ ਸੰਬੰਧੀ ਕੁਝ ਜ਼ਿਕਰ ਵੀ ਆਉਂਦਾ ਹੈ ਤਾਂ ਉਹ ਕੇਵਲ ਨਾਂ-ਮਾਤਰ ਹੀ ਹੈ। ਚਰਨੋ ਦੇ ਦੇਵਰ ਰਣ ਸਿੰਘ ਦਾ ਵਲੈਤ ਤੋਂ ਆਉਣਾ ਤੇ ਮੁੜ ਵਾਪਸ ਵਲੈਤ ਚਲੇ ਜਾਣਾ, ਪਰਵਾਸੀ-ਚੇਤਨਾ ਨੂੰ ਉਭਾਰਨ ਵਿਚ ਕੋਈ ਮਹੱਤਵਪੂਰਣ ਰੋਲ ਅਦਾ ਨਹੀਂ ਕਰਦਾ। ਭਾਵੇਂ ਪਾਤਰਾਂ ਦਾ ਵੇਰਵਾ ਤੇ ਉਦਰੇਵਾਂ ਜ਼ਰੂਰ ਕਿਧਰੇ ਕਿਧਰੇ ਪੇਸ਼ ਹੋਇਆ ਹੈ, ਪਰ ਉਸ ਦਾ ਵੀ ਲੇਖਕ ਦੀ ਪਰਵਾਸੀ-ਚੇਤਨਾ ਨਾਲ ਕੋਈ ਸੰਬੰਧ ਨਹੀਂ ਬਣਦਾ। ਇਹ ਇਕ ਵਿਚਾਰਣਯੋਗ ਤੇ ਅਹਿਮ ਮਸਲਾ ਹੈ।

ਪਰਵਾਸੀ-ਸਾਹਿਤ ਦੀ ਮੂਲ ਪਛਾਣ ਇਹ ਹੈ ਕਿ ਉਹ ਆਪਣੀ ਪ੍ਰਕਿਰਤੀ ਵਿਚ ਅਕਸਰ 'ਵਿਵਿਧ' (Hetrogeneous) ਹੁੰਦਾ ਹੈ ਜਦੋਂ ਕਿ ਆਪਣੇ ਦੇਸ਼ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਲਿਖਿਆ ਜਾ ਰਿਹਾ ਸਾਹਿਤ ਆਪਣੀ ਪ੍ਰਕਿਰਤੀ ਵਿਚ 'ਸਮਰੂਪ' (Homogeneous) ਹੁੰਦਾ ਹੈ। ਇਸ ਵਿਚ ਲੇਖਕ ਤੇ ਪਾਠਕ ਵਿਚਕਾਰ ਗ਼ਮਾਂ, ਖ਼ੁਸ਼ੀਆਂ ਤੇ ਹਾਵਾਂ-ਭਾਵਾਂ ਦੀ ਸਾਂਝ ਹੁੰਦੀ ਹੈ। ਪਰਵਾਸੀ-ਸਾਹਿਤ ਵਿਚ ਅਜਿਹੀ ਸਾਂਝ ਘੱਟ ਹੀ ਵੇਖਣ ਨੂੰ ਮਿਲਦੀ ਹੈ। ਇਹ ਪੰਜੇ ਕਹਾਣੀਆਂ ਵੀ ਬਹੁਤਾ ਕਰਕੇ 'ਸਮਰੂਪ' ਪ੍ਰਕਿਰਤੀ ਵਾਲੀਆਂ ਹੀ ਨਜ਼ਰ ਆਉਂਦੀਆਂ ਹਨ ਜਦ ਕਿ ਇਨ੍ਹਾਂ ਦਾ ਰਚੈਤਾ ਇਕ ਪਰਵਾਸੀ ਲੇਖਕ ਹੈ। ਇਹ ਇਕ ਵਿਰੋਧਾਭਾਸ ਹੈ ਜਿਸ ਨੂੰ ਅਸੀਂ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਾਂ। ਇਨ੍ਹਾਂ ਕਹਾਣੀਆਂ ਦੇ ਪਾਤਰ ਜਿਸ ਬੇਗਾਨਗੀ, ਅਲਗਾਵ ਤੇ ਅਜਨਬੀਅਤ ਦੇ ਅਹਿਸਾਸ ਨੂੰ ਭੋਗਦੇ ਹਨ, ਉਹ ਪਰਵਾਸੀ ਮਾਨਜਿਕਤਾ ਦੀ ਉਪਜ ਨਹੀਂ। ਇਹ ਗੱਲ ਇਨ੍ਹਾਂ ਕਹਾਣੀਆਂ ਵਿਚ ਬਹੁਤ ਅਖਰਦੀ ਹੈ। ਇਹੀ ਕਾਰਣ ਹੈ ਕਿ ਇਥੇ ਪਰਵਾਸੀ ਮਨੁੱਖ ਦੀ ਵਿਸ਼ਾਦ-ਗ੍ਰਸਤ ਮਾਨਸਿਕਤਾ ਅਤੇ ਪੀੜ੍ਹੀਆਂ ਦੀ ਦਵੰਦਾਤਮਕ ਖਿੱਚੋਤਾਣ ਪੇਸ਼ ਹੋਣੋਂ ਰਹਿ ਗਈ ਹੈ, ਅਜਿਹੀ ਸਥਿਤੀ ਨੀਲਗਿਰੀ ਦੀਆਂ ਮਗਰਲੀਆਂ ਕਹਾਣੀਆਂ ਵਿਚ ਘੱਟ ਹੀ ਵੇਖਣ ਨੂੰ ਮਿਲਦੀ ਹੈ। ਉਹ ਪਰਵਾਸੀ-ਚੇਤਨਾ ਨਾਲ ਕੇਵਲ ਓਤਪ੍ਰੋਤ ਹੀ ਨਹੀਂ; ਸਗੋਂ ਪ੍ਰਸ਼ਨਵਾਚੀ-ਪਾਠ (Interrogative text) ਸਿਰਜਣ ਦੀ ਸਮਰੱਥਾ ਵੀ ਰਖਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਾਹਿਤਕਾਰ : ਭਾਈ ਮੋਹਨ ਸਿੰਘ ਵੈਦ

ਭਾਈ ਮੋਹਨ ਸਿੰਘ 'ਵੈਦ' ਆਧੁਨਿਕ ਪੰਜਾਬੀ ਸਾਹਿਤ ਦੀ ਮੁੱਢਲੀ ਕਤਾਰ ਦੇ ਲੇਖਕਾਂ ਵਿੱਚੋਂ ਇਕ ਹਨ। ਉਨ੍ਹਾਂ ਦੇ ਮੂਲ ਨਾਂ ਅੱਗੇ ਲੱਗਿਆ ਵਿਸ਼ੇਸ਼ਣ 'ਭਾਈ' ਉਨ੍ਹਾਂ ਨੂੰ ਸਿੱਖੀ ਦੀ ਧਾਰਮਕ-ਪਰੰਪਰਾ ਨਾਲ ਜੋੜਦਾ ਹੈ ਅਤੇ ਅਖ਼ੀਰ 'ਤੇ ਲੱਗਿਆ ਸ਼ਬਦ 'ਵੈਦ' ਉਨ੍ਹਾਂ ਦੇ ਕਿੱਤੇ ਵੱਲ ਸੰਕੇਤ ਕਰਦਾ ਹੈ। ਆਪਣੇ ਕਿੱਤੇ ਵਜੋਂ ਭਾਵੇਂ ਉਹ ਇਕ ਵੈਦ ਸਨ, ਪਰ ਧਰਮ, ਸਾਹਿਤ ਤੇ ਸਿਆਸਤ 'ਚ ਵੀ ਉਹ ਵਿਸ਼ੇਸ਼ ਦਿਲਚਸਪੀ ਰਖਦੇ ਸਨ। ਇਸ ਦੇ ਆਪਣੇ ਇਤਿਹਾਸਕ, ਸ਼ਮਾਜਕ ਜਾਂ ਸਭਿਆਚਾਰਕ ਕਾਰਣ ਕੁਝ ਵੀ ਹੋਣ, ਪਰ ਇਸ ਤੱਥ ਨੂੰ ਸਹਿਜੇ ਕੀਤਿਆਂ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਆਪਣੇ ਜੀਵਨ-ਕਾਲ (ਸੰਨ 1881-1936) ਦੇ ਛੋਟੇ ਜਿਹੇ ਵਕਫ਼ੇ ਵਿਚ ਹੀ ਉਨ੍ਹਾਂ ਨੇ ਕੋਈ ਪੌਣੇ ਦੋ ਸੋ ਤੋਂ ਉਪਰ ਪੁਸਤਕਾਂ ਤੇ ਟ੍ਰੈਕਟਾਂ ਦੀ ਰਚਨਾ ਕੀਤੀ। ਦੂਸਰੀਆਂ ਭਾਸ਼ਾਵਾਂ (ਹਿੰਦੀ, ਉਰਦੂ, ਬੰਗਾਲੀ, ਸੰਸਕ੍ਰਿਤ, ਅੰਗਰੇਜ਼ੀ ਆਦਿ) 'ਚ ਰਚੇ ਗਏ ਸਾਹਿਤ ਨੂੰ ਪੰਜਾਬੀ ਵਿਚ ਉਲਥਾ ਕੇ ਪੇਸ਼ ਕੀਤਾ। ਪੁਸਤਕਾਂ ਦੀ ਇਸ ਗਿਣਤੀ 'ਚ ਉਨ੍ਹਾਂ ਦੀਆਂ ਮੌਲਿਕ, ਅਧਾਰਤ ਤੇ ਅਨੁਵਾਦਤ ਹਰ ਪ੍ਰਕਾਰ ਦੀਆਂ ਰਕਨਾਵਾਂ ਸ਼ਾਮਲ ਹਨ। ਆਪਣੀ ਸਾਹਿਤਕਾਰੀ ਲਈ ਉਨ੍ਹਾਂ ਸਾਹਿਤ ਦੇ ਹਰ ਪ੍ਰਚਲਤ ਰੂਪ (ਨਾਵਲ, ਕਵਿਤਾ, ਕਹਾਣੀ, ਵਾਰਤਕ, ਨਾਟਕ ਆਦਿ) ਨੂੰ ਵਰਤੋਂ ਵਿਚ ਲਿਆਂਦਾ। 'ਵੈਦ' ਹੋਰਾਂ ਦੇ ਨਾਂ ਨਾਲ ਸੰਬੰਧਤ 17 ਨਾਵਲ ਮਿਲਦੇ ਹਨ, ਜਿਨ੍ਹਾਂ ਵਿੱਚੋਂ ਸੁਸ਼ੀਲ ਨੂੰਹ, ਕਮਾਈ ਦੀ ਬਰਕਤ, ਸੁਖੀ ਪਰਿਵਾਰ, ਸੁਖਦੇਵ ਕੌਰ ਇਸਤ੍ਰੀਆਂ ਦੀ ਆਜ਼ਾਦੀ ਆਦਿ ਪੰਜ ਨਾਵਲਾਂ ਤੋਂ ਛੁੱਟ ਬਾਕੀ ਦੇ ਸਾਰੇ ਨਾਵਲਾਂ ਨੂੰ ਸੁਤੰਤਰ ਉਲਥੇ ਜਾਂ ਅਧਾਰਤ ਰਚਨਾਵਾਂ ਕਰਾਰ ਦਿੱਤਾ ਗਿਆ ਹੈ। ਇਨ੍ਹਾਂ ਨਾਵਲਾਂ ਤੋਂ ਛੁੱਟ ਉਨ੍ਹਾਂ ਦੁਆਰਾ ਰਚੇ ਗਏ 27 ਨਾਵਲਟ ਜਾਂ ਕਹਾਣੀਆਂ ਅਤੇ 41 ਹੈਂਡਬਿਲ ਵੀ ਪੜ੍ਹਣ ਨੂੰ ਮਿਲਦੇ ਹਨ। ਇਸ 'ਚੋਂ ਬਹੁਤੀ ਸਮੱਗਰੀ ਅਨੁਵਾਦਤ ਤੇ ਅਧਾਰਤ ਹੀ ਹੈ। ਇਸ ਦੇ ਨਾਲ ਹੀ ਪੰਜਾਬੀ ਪੱਤਰਕਾਰੀ ਦੀ ਜ਼ਿੰਮੇਵਾਰੀ ਨੂੰ ਵੀ ਉਨ੍ਹਾਂ ਖ਼ੂਬੀ ਨਾਲ ਨਿਭਾਇਆ। ਸੰਨ 1906 ਤੋਂ 1920 ਤੱਕ ਉਹ ਲਗਾਤਾਰ 14 ਵਰ੍ਹੇ 'ਦੂਖ ਨਿਵਾਰਨ' ਮਾਸਿਕ-ਪਤ੍ਰਿਕਾ ਆਪਣੇ ਹੀ ਬਲਬੂਤੇ 'ਤੇ ਕੱਢਦੇ ਰਹੇ। ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਤਰੱਕੀ ਲਈ ਉਨ੍ਹਾਂ—'ਪੰਜਾਬੀ ਪ੍ਰਚਾਰ ਰਤਨਾਵਲੀ' ਅਤੇ 'ਸਵਦੇਸ ਭਾਸ਼ਾ ਪ੍ਰਚਾਰਕ ਲੜੀ' ਜਹੀਆਂ ਪ੍ਰਚਾਰਕ ਲੜੀਆਂ ਵੀ ਜਾਰੀ ਕੀਤੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਸਾਹਿਤਕ ਪਿੜ ਵਿਚ ਉਨ੍ਹਾਂ ਦਾ ਪ੍ਰਵੇਸ਼ ਖੰਡਨ-ਮੰਡਨ ਦੀ ਰੁਚੀ ਸਦਕਾ ਹੀ ਹੋਇਆ । 'ਨਿੰਦਤ ਭ੍ਰਿਸ਼ਟਾਚਾਰ, ਗੁਰਮਤ ਗੌਰਵਤਾ, ਗੁਰਮਤਿ ਵਿਰੋਧ, ਵਿਨਾਸ਼, ਸ਼ਰਾਧ ਪ੍ਰਬੋਧ' ਆਦਿ ਉਨ੍ਹਾਂ ਦੁਆਰਾ ਰਚੀਆਂ ਗਈਆਂ ਪੁਸਤਕਾਂ ਤੋਂ ਇਸ ਤੱਥ ਦੀ ਸਹਿਜੇ ਹੀ ਪੁਸ਼ਟੀ ਹੋ ਜਾਂਦੀ ਹੈ । ਆਰੀਆ ਸਮਾਜ ਵੱਲੋਂ ਸਿੱਖ ਧਰਮ ਤੇ ਗੁਰਮਤਿ ਉਪਰ ਹੋ ਰਹੇ ਆਕਰਮਣਾਂ ਦੇ ਨਤੀਜੇ ਵਜੋਂ ਹੀ ਅਜਿਹੀਆਂ ਪੁਸਤਕਾਂ ਹੋਂਦ ਵਿਚ ਆਈਆਂ । ਪਰ ਜਲਦੀ ਹੀ ਉਨ੍ਹਾਂ ਸੁਚੇਤ ਰੂਪ ਵਿਚ ਆਪਣੀ ਇਸ ਰੁਚੀ ਤੋਂ ਨਿਜ਼ਾਤ ਪਾਉਣ ਦੀ ਸੋਚ ਲਈ । ਵਿਸ਼ੇਸ਼ ਕਰ ਕੇ ਜਦੋਂ ਉਨ੍ਹਾਂ ਆਪਣੀ ਪਤ੍ਰਿਕਾ 'ਦੁਖ ਨਿਵਾਰਨ' ਨੂੰ 'ਸੱਜਣ ਪੁਰਸ਼ਾਂ ਦੇ ਕਲਿਆਣ ਅਤੇ ਹਿੱਤ ਵਾਸਤੇ' ਵਰਤਣਾ ਸ਼ੁਰੂ ਕਰ ਦਿੱਤਾ । ਪੰਜਾਬੀਆਂ ਨੂੰ ਬਹੁ-ਪੱਖੀ ਤੇ ਆਧੁਨਿਕ ਗਿਆਨ-ਵਿਗਿਆਨ ਨਾਲ ਜੋੜਣ ਲਈ ਉਨ੍ਹਾਂ ਮਨੋ-ਵਿਗਿਆਨ, ਤਾਰਾ-ਵਿਗਿਆਨ, ਬਨਸਪਤੀ-ਵਿਗਿਆਨ, ਖੇਤੀਬਾੜੀ, ਦਸਤਕਾਰੀ, ਜੀਵਨ-ਦਰਸ਼ਨ, ਆਤਮ-ਗਿਆਨ, ਸੰਸਾਰ ਉਤਪਤੀ ਦੇ ਸਿੱਧਾਂਤ ਤੇ ਹਿਕਮਤ ਜਹੇ ਕਈ ਅਹਿਮ ਵਿਸ਼ਿਆਂ ਨੂੰ ਆਪਣੀਆਂ ਰਚਨਾਵਾਂ ਤੇ ਪੱਤਰਕਾਰੀ ਰਾਹੀਂ ਪੰਜਾਬੀ ਵਿਚ ਪ੍ਰਚਲਤ ਕੀਤਾ । ਇਸ ਤੋਂ ਪਹਿਲੋਂ ਅਜਿਹੇ ਗਿਆਨ-ਸਾਹਿਤ ਦੀ ਪੰਜਾਬੀ 'ਚ ਬਹੁਤ ਘਾਟ ਸੀ ।

ਇਨ੍ਹਾਂ ਸਭ ਪ੍ਰਾਪਤੀਆਂ ਦੇ ਬਾਵਜੂਦ ਵੀ ਵੈਦ ਹੋਰੀਂ ਆਪਣੇ ਕੁਝ ਸਮਕਾਲੀ ਲੇਖਕਾਂ ਦੀ ਤਰ੍ਹਾਂ ਇਕ ਸਾਹਿਤਕਾਰ ਵਜੋਂ ਸਥਾਪਤ ਨਹੀਂ ਹੋ ਸਕੇ । ਪੰਜਾਬੀ ਸਾਹਿਤ ਵਿਚ ਉਨ੍ਹਾਂ ਨੂੰ ਭਰੋਸੇਯੋਗ ਮਾਨਤਾ ਨਹੀਂ ਮਿਲ ਸਕੀ । ਉਨ੍ਹਾਂ ਦਾ ਲੱਗਭਗ ਸਮੁੱਚਾ ਸਾਹਿਤ ਅੱਜ ਤੱਕ ਅਣਗੌਲਿਆ ਹੀ ਪਿਆ ਹੈ । ਵੈਦ-ਸਾਹਿਤ ਦੇ ਮੁਲੰਕਣ ਤੇ ਵਿਸ਼ਲੇਸ਼ਣ ਦੇ ਕੁਝ ਯਤਨ ਜ਼ਰੂਰ ਹੋਏ ਹਨ । ਪਰ ਉਹ ਬਹੁਤੇ ਸੰਤੋਖਜਨਕ ਸਾਬਤ ਨਹੀਂ ਹੋਏ । ਸਾਡੇ ਕੁਝ ਕਹਿੰਦੇ-ਕਹਾਉਂਦੇ ਸਮੀਖਿਆਕਾਰਾਂ ਤੇ ਅਲੋਚਕਾਂ ਨੇ ਤਾਂ ਉਨ੍ਹਾਂ ਦਾ ਜ਼ਿਕਰ ਕਰਨ ਤੋਂ ਵੀ ਸੰਕੋਚ ਕੀਤਾ ਹੈ । ਇਥੋਂ ਤੱਕ ਕਿ ਪੰਜਾਬੀ ਦੇ ਸਾਹਿਤ-ਇਤਿਹਾਸਾਂ ਵਿਚ ਵੀ ਵੈਦ-ਸਾਹਿਤ ਦਾ ਕੋਈ ਗੰਭੀਰ ਨੋਟਿਸ ਨਹੀਂ ਲਿਆ ਗਿਆ । ਪੰਜਾਬੀ ਯੂਨੀਵਰਸਿਟੀ ਦੀ 'ਖੋਜ ਪਤ੍ਰਿਕਾ' ਦੇ 'ਭਾਈ ਮੋਹਨ ਸਿੰਘ : ਸਮ੍ਰਿਤੀ ਅੰਕ' ਵਿਚ ਦਰਜ ਤਿੰਨ-ਚਾਰ ਲੇਖਾਂ ਨੂੰ ਛੱਡ ਕੇ, ਬਾਕੀ ਦਾ ਇਸ ਸਾਹਿਤ ਉਪਰ ਹੋਇਆ ਸਾਰਾ ਕੰਮ ਪੇਤਲਾ ਤੇ ਸਤਹੀ ਪੱਧਰ ਦਾ ਹੀ ਨਜ਼ਰ ਆਉਂਦਾ ਹੈ । ਇਸ ਸਭ ਕੁਝ ਦੇ ਕੀ ਕਾਰਣ ਹਨ ?—ਇਹ ਇਕ ਵਿਚਾਰਣਯੋਗ ਮਸਲਾ ਹੈ । ਹੱਥਲੇ ਲੇਖ ਦਾ ਬੁਨਿਆਦੀ ਸਰੋਕਾਰ ਇਸੇ ਮਸਲੇ ਨਾਲ ਹੈ ।

ਮਸਲੇ ਨਾਲ ਨੇੜ੍ਹੇ ਦੀ ਸਾਂਝ ਪਾਉਂਦਿਆਂ ਹੀ ਸਥਿਤੀ ਸਪੱਸ਼ਟ ਹੋ ਜਾਂਦੀ ਹੈ । ਪੰਜਾਬ ਉਪਰ ਅੰਗਰੇਜ਼ਾਂ ਦੇ ਕਬਜ਼ੇ ਮਗਰੋਂ ਪੰਜਾਬੀਆਂ ਦਾ ਮਾਨਸਿਕ ਸੰਤੁਲਨ ਵਿਗੜਨ ਲੱਗਾ ਅਤੇ ਮਲੋਮੱਲੀ ਉਹ ਪੁਨਰ-ਜਾਗ੍ਰਤੀ ਦੀਆਂ ਲਹਿਰਾਂ ਵੱਲ ਧੱਕੇ ਗਏ । ਆਰੀਆ ਸਮਾਜ ਦੀ 'ਸ਼ੁਧੀ ਲਹਿਰ', ਮੁਸਲਮਾਨਾਂ ਦੀ 'ਤਬਲੀਗ਼ ਲਹਿਰ' ਤੇ ਸਿੱਖਾਂ ਦੀ 'ਸਿੰਘ ਸਭਾ ਲਹਿਰ' ਆਦਿ ਲਹਿਰਾਂ ਇਸੇ ਸਮੇਂ ਹੋਂਦ ਵਿਚ ਆਈਆਂ । ਆਪਣੀ ਮੂਲ ਪ੍ਰਕਿਰਤੀ ਵਿਚ ਇਹ ਸੁਧਾਰਵਾਦੀ ਲਹਿਰਾਂ ਹੀ ਸਨ । ਉਸ ਸਮੇਂ ਦੇ ਬਹੁਤ ਸਾਰੇ ਲੇਖਕਾਂ ਨੂੰ ਇਨ੍ਹਾਂ ਲਹਿਰਾਂ ਨੇ ਪ੍ਰਭਾਵਿਤ ਕੀਤਾ । ਭਾਈ ਵੀਰ ਸਿੰਘ ਦੀ ਤਰ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਭਾਈ ਮੋਹਨ ਸਿੰਘ 'ਵੈਦ' ਹੋਰਾਂ ਨੇ ਵੀ ਸ਼ੁਰੂ ਸ਼ੁਰੂ ਵਿਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਲਿਖਣਾ ਸ਼ੁਰੂ ਕੀਤਾ। ਖੰਡਨ-ਮੰਡਨ ਦੀ ਰੁਚੀ ਨਾਲ ਲਿਖਿਆ ਉਨ੍ਹਾਂ ਦਾ ਲੱਗਭਗ ਸ਼ਾਰਾ ਸਾਹਿਤ ਇਸੇ ਪ੍ਰਭਾਵ ਦਾ ਹੀ ਸਿੱਟਾ ਕਿਹਾ ਜਾ ਸਕਦਾ ਹੈ। ਪਰ ਛੇਤੀ ਹੀ ਉਨ੍ਹਾਂ ਭਾਈ ਵੀਰ ਸਿੰਘ ਵਾਲੀ ਪਿਰਤ ਤੋਂ ਆਪਣੀ ਲਿਖਤ ਨੂੰ ਵੱਖਰਾ ਕਰ ਲਿਆ। ਵਿਸ਼ੇਸ਼ ਕਰਕੇ ਜਦੋਂ ਉਨ੍ਹਾਂ ਨੇ ਸੁਚੇਤ ਪੱਧਰ 'ਤੇ 'ਦੂਖ ਨਿਵਾਰਨ' ਪਤ੍ਰਿਕਾ ਨੂੰ ਸੱਜਣ ਪੁਰਸ਼ ਦੇ ਕਲਿਆਣ ਅਤੇ ਹਿੱਤ ਵਾਸਤੇ ਵਰਤਣ ਦਾ ਐਲਾਨ ਕੀਤਾ। ਸਹਿਜੇ ਸਹਿਜੇ ਵੈਦ ਹੋਰਾਂ ਦੀਆਂ ਕਿਰਤਾਂ ਵਿਚ ਧਰਮ ਦਾ ਅੰਸ਼ ਘੱਟਦਾ ਗਿਆ ਅਤੇ ਸਮਾਜਕ ਅੰਸ਼ ਵੱਧਦਾ ਗਿਆ। ਇਸ ਕਰਕੇ ਉਨ੍ਹਾਂ ਦੀ ਵਾਰਤਕ ਭਾਈ ਵੀਰ ਸਿੰਘ ਹੋਰਾਂ ਦੀ ਵਾਰਤਕ ਨਾਲੋਂ ਵਧੇਰੇ ਸੈਕੂਲਰ ਪ੍ਰਤੀਤ ਹੁੰਦੀ ਹੈ। ਇਥੇ ਹੀ ਬੱਸ ਨਹੀਂ। ਵੈਦ ਹੋਰਾਂ ਨੇ ਭਾਈ ਵੀਰ ਸਿੰਘ ਦੀ ਸ਼ਰਧਾਮਈ ਤੇ ਕਾਵਿਕ-ਸ਼ੈਲੀ ਦੇ ਮੁਕਾਬਲੇ ਵਿਚ ਤਰਕਮਈ ਭਾਸ਼ਾ-ਸ਼ੈਲੀ ਨੂੰ ਪ੍ਰਚਲਤ ਕੀਤਾ। ਪੰਜਾਬੀ ਵਿਚ ਭਾਸ਼ਾ ਦੇ ਟਕਸਾਲੀ-ਕਰਨ ਦੀ ਪਿਰਤ ਪਹਿਲਾਂ ਵੈਦ ਹੋਰਾਂ ਨੇ ਹੀ ਪਾਈ। ਉਨ੍ਹਾਂ ਪੰਜਾਬੀ ਵਿਚ ਨਵੀਂ ਸ਼ਬਦਾਵਲੀ ਨੂੰ ਪ੍ਰਚਲਤ ਕੀਤਾ ਅਤੇ ਪੰਜਾਬੀ ਭਾਸ਼ਾ ਨੂੰ ਨਵੇਂ ਗਿਆਨ-ਵਿਗਿਆਨ ਨਾਲ ਸੰਬੰਧਤ ਵਿਸ਼ਿਆਂ ਦੇ ਸਮਰੱਥ ਬਣਾਇਆ।

ਗਹੁ ਨਾਲ ਵਾਚਿਆਂ ਪਤਾ ਚੱਲਦਾ ਹੈ ਕਿ ਵੈਦ ਹੋਰਾਂ ਦਾ 'ਦੂਖ ਨਿਵਾਰਨ' ਭਾਈ ਵੀਰ ਸਿੰਘ ਦੇ 'ਨਿਰਗੁਣਿਆਰਾ' ਤੋਂ ਵਧੇਰੇ ਸੁਤੰਤਰ ਖ਼ਿਆਲੀ ਤੇ ਮਕਬੂਲ ਪਤ੍ਰਿਕਾ ਸੀ। ਗਿਆਨ-ਵਿਗਿਆਨ ਦੇ ਭਿੰਨ ਭਿੰਨ ਵਿਸ਼ਿਆਂ ਨਾਲ ਸੰਬੰਧਤ ਹੋਣ ਕਰ ਕੇ 'ਦੂਖ ਨਿਵਾਰਨ' ਦਾ ਵਿਸ਼ਾ ਖੇਤਰ ਵੀ ਵਧੇਰੇ ਵਿਸ਼ਾਲ ਸੰਭਾਵਨਾਵਾਂ ਵਾਲਾ ਸੀ। ਵੈਦ ਹੋਰਾਂ ਦੇ ਦ੍ਰਿਸ਼ਟੀਕੋਣ ਵਿਚ ਨਵੀਨਤਾ ਤੇ ਤਰਕਸ਼ੀਲਤਾ ਵਧੇਰੇ ਹੋਣ ਕਰ ਕੇ 'ਦੂਖ ਨਿਵਾਰਨ' ਆਪਣੇ ਵੇਲੇ ਦੇ ਸੁਲਝੇ ਹੋਏ ਪਾਠਕਾਂ ਨੂੰ ਹੀ ਸੰਬੋਧਤ ਸੀ। ਇਉਂ ਇਹ ਕਹਿਣ 'ਚ ਕੋਈ ਅਤਿਕਥਨੀ ਵਾਲੀ ਗੱਲ ਨਹੀਂ ਹੈ ਕਿ ਵੈਦ ਹੋਰਾਂ ਦੀ ਵਾਰਤਕ ਭਾਈ ਸਾਹਿਬ ਦੀ ਵਾਰਤਕ ਦੇ ਮੁਕਾਬਲੇ ਵਿਚ ਵਧੇਰੇ ਪ੍ਰੌਢ ਤੇ ਨਿੱਗਰ ਸੀ। ਇਸ ਸਭ ਕੁਝ ਦੇ ਬਾਵਜੂਦ ਵੀ ਉਹ ਭਾਈ ਵੀਰ ਸਿੰਘ ਦੇ ਪਰਛਾਵੇਂ ਤੋਂ ਪੂਰੀ ਤਰ੍ਹਾਂ ਮੁਕਤ ਨਾ ਹੋ ਸਕੇ। ਉਨ੍ਹਾਂ ਨੂੰ ਹੁਣ ਤੱਕ ਭਾਈ ਵੀਰ ਸ਼ਿੰਘ ਦਾ ਪਿਛਲੱਗ ਅਤੇ ਉਨ੍ਹਾਂ ਦੀ ਪੈੜ 'ਤੇ ਚੱਲਣ ਵਾਲਾ ਲੇਖਕ ਹੀ ਸਾਬਤ ਕੀਤਾ ਜਾਂਦਾ ਰਿਹਾ ਹੈ। ਅਜਿਹੇ ਨਿਰਣੇ ਅਕਸਰ ਅਸੀਂ ਅਚੇਤ ਹੀ ਲੈਂਦੇ ਰਹੇ ਹਾਂ। ਸੁਚੇਤ ਪੱਧਰ 'ਤੇ ਵੈਦ-ਸਾਹਿਤ ਨੂੰ ਚਿੰਤਨ ਦਾ ਵਿਸ਼ਾ ਬਣਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਗਈ। ਨਤੀਜਾ ਇਹ ਨਿਕਲਿਆ ਕਿ ਵੈਦ-ਸਾਹਿਤ, ਵੀਰ ਸਿੰਘ ਸਾਹਿਤ ਦੇ ਜਾਦੂਈ ਪ੍ਰਭਾਵਾਂ ਸਦਕਾ ਹੁਣ ਤੱਕ ਗ੍ਰਹਿਣਿਆ ਹੀ ਚਲਿਆ ਆ ਰਿਹਾ ਹੈ। ਵੈਦ-ਸਾਹਿਤ ਦੇ ਐਕਲਿਪਸ (eclipse) ਹੋਣ ਵਿਚ ਸਾਡੇ ਸਮੀਖਿਆਕਾਰਾਂ ਦੀ ਜ਼ਿੰਮੇਂਵਾਰੀ ਵਧੇਰੇ ਬਣਦੀ ਹੈ। ਕਿਉਂਕਿ ਹੁਣ ਤੱਕ ਵੈਦ-ਸਾਹਿਤ ਨੂੰ ਉਨ੍ਹਾਂ ਵੀਰ ਸਿੰਘ ਸਾਹਿਤ ਦੇ ਪਰਛਾਵੇਂ ਤੋਂ ਮੁਕਤ ਕਰ ਕੇ ਵਿਚਾਰਣ ਦੀ ਆਦਤ ਹੀ ਨਹੀਂ ਪਾਈ। ਪਾਠਕਾਂ ਤੇ ਅਲੋਚਕਾਂ ਦੇ ਅਚੇਤ-ਪ੍ਰਭਾਵਾਂ ਕਾਰਣ ਵੈਦ ਹੋਰਾਂ ਦਾ ਸਹਿਜ ਰੂਪ ਵਿਚ ਜੋ ਬਿੰਬ ਬਣ ਗਿਆ, ਉਹ ਮੁੜ ਕੇ ਟੁੱਟ ਨਾ ਸਕਿਆ। ਸਗੋਂ ਸਮੇਂ ਨਾਲ ਹੋਰ ਵੀ ਪ੍ਰਪੱਕ ਹੁੰਦਾ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਭਾਈ ਵੀਰ ਸਿੰਘ ਦੀ ਤਰ੍ਹਾਂ ਪ੍ਰੋ: ਪੂਰਨ ਸਿੰਘ ਜੀ ਵੈਦ ਹੋਰਾ ਦੇ ਸਮਕਾਲੀ ਸਨ। ਇਨ੍ਹਾਂ ਦੋਹਾਂ ਲੇਖਕਾਂ ਨੂੰ ਪੰਜਾਬੀ ਸਾਹਿਤ ਵਿਚ ਜੋ ਮਾਨਤਾ ਮਿਲੀ, ਜ਼ਾਹਿਰ ਹੈ ਉਹ ਵੈਦ ਹੋਰਾਂ ਦੇ ਹਿੱਸੇ ਨਹੀਂ ਆਈ। ਇਸ ਦੇ ਹੋਰ ਵੀ ਕਈ ਕਾਰਣ ਹੋ ਸਕਦੇ ਹਨ। ਜਿਵੇਂ ਵੈਦ ਹੋਰਾਂ ਨੇ ਆਪਣੀਆਂ ਰਚਨਾਵਾਂ ਦੇ ਸਾਹਿਤਕ ਜਾਂ ਕਲਾਤਮਕ ਪੱਖ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂ ਸ਼ਬਦ ਜੋੜਾਂ ਤੇ ਵਾਕ-ਬਣਤਰ ਪ੍ਰਤੀ ਉਹ ਬਹੁਤੇ ਸੁਚੇਤ ਨਹੀਂ ਹੋਏ ਆਦਿ ਆਦਿ। ਇਸ ਵਿਚ ਵੀ ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਉਨ੍ਹਾਂ ਸਾਹਿਤ ਨੂੰ ਸਮਾਜਕ ਤੇ ਭਾਈਚਾਰਕ ਸੁਧਾਰ ਲਈ ਇਕ ਮਾਧਿਅਮ ਵਜੋਂ ਵਰਤਿਆ। ਇਸ ਕਾਰਜ ਲਈ ਗੁਰਬਾਣੀ ਦਾ ਸੰਦੇਸ਼ ਉਨ੍ਹਾਂ ਦਾ ਮੂਲ ਮਾਡਲ ਰਿਹਾ ਹੈ। ਸੋ ! ਇਹ ਵੀ ਸਪੱਸ਼ਟ ਹੈ ਕਿ ਉਨ੍ਹਾਂ ਦਾ ਸਮੁੱਚਾ ਸਾਹਿਤ, ਮਾਧਿਅਮ ਦੇ ਉਦੇਸ਼ ਦੀ ਦਵੈਤ ਉਪਰ ਉਸਰਿਆ ਹੋਇਆ ਹੈ। ਵੈਦ ਹੋਰਾਂ ਦੇ ਸਾਹਿਤ ਸੰਬੰਧੀ ਇਹ ਕੋਈ ਨਵੀਂ ਗੱਲ ਨਹੀਂ, ਸਾਹਿਤ ਨੂੰ ਸੰਦੇਸ਼-ਸੰਚਾਰ ਦੇ ਮਾਧਿਅਮ ਵਜੋਂ ਵਰਤਣ ਦੀ ਪਿਰਤ ਮੁੱਢਲੇ ਸਮਿਆਂ ਤੋਂ ਹੁਣ ਤੱਕ ਤੁਰੀ ਆਉਂਦੀ ਹੈ। ਵੇਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਵੈਦ ਹੋਰਾਂ ਨੇ ਆਪਣੀਆਂ ਨਾਵਲੀ ਰਚਨਾਵਾਂ ਵਿਚ ਵੀ ਭਾਈ ਵੀਰ ਸਿੰਘ ਦੀ ਪਰੰਪਰਾ ਦਾ ਅਨੁਸਰਣ ਨਹੀਂ ਕੀਤਾ। ਭਾਈ ਵੀਰ ਸਿੰਘ ਨੇ ਸੁੰਦਰੀ, ਸਤਵੰਤ ਕੌਰ ਤੇ ਬਿਜੈ ਸਿੰਘ ਆਦਿ ਨਾਵਲਾਂ ਦੀ ਸਿਰਜਣਾ ਲਈ 18ਵੀਂ ਸਦੀ ਦੇ ਸਿੱਖ-ਇਤਿਹਾਸ ਨੂੰ ਆਪਣਾ ਮਾਡਲ ਬਣਾਇਆ। ਪਰ ਵੈਦ ਹੋਰਾਂ ਦੀ ਰੁਚੀ ਅਜਿਹੇ ਅਰਧ ਇਤਿਹਾਸਕ ਨਾਵਲ ਜਾਂ ਰੁਮਾਂਸ ਸਿਰਜਣ ਵਿਚ ਨਹੀਂ ਸੀ। ਉਨ੍ਹਾਂ ਇਤਿਹਾਸ ਦੀ ਥਾਂ ਸਮਕਾਲੀ ਸਮਾਜਕ ਤੇ ਭਾਈਚਾਰਕ ਸਮੱਸਿਆਵਾਂ ਨੂੰ ਵੀ ਆਪਣੇ ਨਾਵਲਾਂ ਦਾ ਅਧਾਰ ਬਣਾਇਆ। ਸੁਸ਼ੀਲਾ ਨੂੰਹ, ਕਮਾਈ ਦੀ ਬਰਕਤ, ਸੁਖੀ ਪਰਵਾਰ, ਸੁਖਦੇਵ ਕੌਰ, ਇਸਤ੍ਰੀਆਂ ਦੀ ਅਜ਼ਾਦੀ ਆਦਿ ਉਨ੍ਹਾਂ ਦੁਆਰਾ ਰਚੇ ਗਏ ਨਾਵਲਾਂ ਨੂੰ ਇਸ ਵਿਚਾਰ ਦੀ ਪੁਸ਼ਟੀ ਲਈ ਪੇਸ਼ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀਆਂ ਅਨੁਵਾਦਤ ਤੇ ਅਧਾਰਤ ਨਾਵਲੀ-ਰਚਨਾਵਾਂ ਵਿਚ ਵੀ ਲੱਗਭਗ ਇਹੀ ਗੱਲ ਵੇਖਣ ਨੂੰ ਮਿਲਦੀ ਹੈ। ਇਉਂ ਅਚੇਤ-ਸੁਚੇਤ ਉਹ ਡਾ: ਚਰਨ ਸਿੰਘ ਦੀ ਪਰੰਪਰਾ ਦਾ ਅਨੁਸਰਣ ਕਰਦੇ ਦਿਖਾਈ ਦੇਂਦੇ ਹਨ ਨਾ ਕਿ ਭਾਈ ਵੀਰ ਸਿੰਘ ਦੀ ਪਰੰਪਰਾ ਦਾ। ਸੁਸ਼ੀਲਾ, ਮਹਾਰਾਣੀ ਸ਼ਰਾਬ ਕੌਰ ਤੇ ਇਕ ਟੇਢੀ ਚਾਲ ਆਦਿ ਨਾਵਲੀ-ਕਿਰਤਾਂ ਦੀ ਸਿਰਜਣਾ, ਡਾ. ਚਰਨ ਸਿੰਘ ਹੋਰਾਂ ਨੇ ਆਪਣੀਆਂ ਸਮਕਾਲੀ ਸਜਾਜਕ ਤੇ ਭਾਈਚਾਰਕ ਸਮੱਸਿਆਵਾਂ ਦੇ ਅਧਾਰ 'ਤੇ ਹੀ ਕੀਤੀ ਸੀ।

ਭਾਈ ਵੀਰ ਸਿੰਘ ਦੇ ਨਾਵਲ ਬਹੁਤਾ ਕਰਕੇ ਸਿੱਖ-ਭਾਈਚਾਰੇ ਨੂੰ ਸੰਬੋਧਤ ਸਨ—ਉਹ ਵੀ ਸਿੱਖ ਸੰਪਰਦਾਇ ਦੇ ਇਕ ਵਿਸ਼ੇਸ਼ ਵਰਗ ਦੇ ਪਾਠਕਾਂ ਨੂੰ। ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਜਿਹੇ ਨਾਵਲਾਂ ਨੂੰ ਪੜ੍ਹਨ ਨਾਲ ਇਸ ਪਾਠਕ-ਵਰਗ ਦੀ ਇਕ ਵਿਸ਼ੇਸ਼ ਪ੍ਰਕਾਰ ਦੀ ਮਾਨਸਿਕ ਤ੍ਰਿਪਤੀ ਹੁੰਦੀ ਹੈ, ਕਿਉਂਕਿ ਇਹ ਨਾਵਲ ਬੁਨਿਆਦੀ ਤੌਰ 'ਤੇ ਸਿੱਖੀ ਦੀ ਗੌਰਵਤਾ ਨੂੰ ਉਭਾਰਣ ਵੱਲ. ਰੁਚਿਤ ਸਨ ਉਹ ਵੀ ਮਿਥਕ ਪੱਧਰ 'ਤੇ। ਇਨ੍ਹਾਂ ਨਾਵਲਾਂ 'ਚੋਂ ਜੋ ਗੱਲ ਵਿਸ਼ੇਸ਼ ਤੌਰ 'ਤੇ ਉੱਭਰ ਕੇ ਸਾਹਮਣੇ ਆਉਂਦੀ ਹੈ ਉਹ ਇਹ ਕਿ ਹਿੰਦੂ ਡਰਪੋਕ ਹਨ, ਮੁਸਲਮਾਨ ਜ਼ਾਬਰ ਅਤੇ ਸਿੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬਹਾਦਰ ਹਨ। ਇਹ ਧਾਰਣਾ ਆਪਣੇ ਆਪ ਵਿਚ 'ਮਿਥ' ਦਾ ਦਰਜਾ ਰੱਖਦੀ ਹੈ। ਆਪਣੀ ਕਵਿਤਾ ਵਿਚ ਭਾਈ ਸਾਹਿਬ ਗੁਰਮਤਿ ਦੇ ਇਕ ਪ੍ਰਮਾਣਿਕ ਵਿਆਖਿਆਕਾਰ ਦੇ ਤੌਰ 'ਤੇ ਉੱਭਰੇ । ਪਰ ਆਪਣੇ ਨਾਵਲਾਂ ਵਿਚ ਉਹ ਸਿੱਖੀ-ਗੌਰਵਤਾ ਦੀ ਮਿਥ-ਸਿਰਜਣਾ ਵੱਲ ਹੀ ਰੁਚਿਤ ਰਹੇ। ਭਾਈ ਵੀਰ ਸਿੰਘ ਦੀ ਤਰ੍ਹਾਂ ਪ੍ਰੋ. ਪੂਰਨ ਸਿੰਘ ਨੇ ਆਪਣੀ ਕਵਿਤਾ ਵਿਚ 'ਪੰਜਾਬੀਅਤ ਦੀ ਮਿਥ' ਨੂੰ ਸਿਰਜਿਆ । ਇਹ ਵੀ ਇਕ ਵਜ੍ਹਾ ਹੈ ਕਿ ਇਨ੍ਹਾਂ ਦੋਹਾਂ ਲੇਖਕਾਂ ਦੇ ਸਾਹਿਤ ਨੂੰ ਪਾਠਕਾਂ ਵਲੋਂ ਭੱਰਵਾਂ ਹੁੰਗਾਰਾ ਮਿਲਿਆ। ਭਾਈ ਮੋਹਨ ਸਿੰਘ ਵੈਦ ਹੋਰਾਂ ਦੀ ਅਜਿਹੀ ਕਿਸੇ ਮਿਥ-ਸਿਰਜਣ ਵਿਚ ਰੁਚੀ ਨਹੀਂ ਸੀ। ਭਾਵੇਂ ਉਨ੍ਹਾਂ ਦੇ ਸਾਹਿਤ 'ਚੋਂ ਕੁਝ ਮਿਥਕ ਸੰਸਕਾਰਾਂ ਦੀ ਭਾਲ ਜ਼ਰੂਰ ਕੀਤੀ ਜਾ ਸਕਦੀ ਹੈ—ਪਰ ਉਨ੍ਹਾਂ ਦਾ ਝੁਕਾਅ ਕਿਸੇ ਮਿਥ ਨੂੰ ਸਿਰਜਣ ਵੱਲ ਨਹੀਂ ਸੀ। ਉਨ੍ਹਾਂ ਦੀ ਵਿਸ਼ੇਸ਼ ਰੁਚੀ ਸਮਕਾਲੀ ਪੱਤਰਕਾਰੀ ਦੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਅਤੇ ਪੰਜਾਬੀ ਭਾਸ਼ਾ ਨੂੰ ਨਵੇਂ ਗਿਆਨ-ਵਿਗਿਆਨ ਨਾਲ ਓਤਪ੍ਰੋਤ ਕਰਨ ਵਿਚ ਸੀ । ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿਚ ਵਧੇਰੇ ਨਵੀਨਤਾ ਤੇ ਤਾਰਕਿਕਤਾ ਸੀ। ਪਰ ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਵੈਦ-ਸਾਹਿਤ ਦਾ ਪੰਜਾਬੀ-ਸਾਹਿਤ ਦੇ ਵਿਕਾਸ ਵਿਚ ਕੋਈ ਰੋਲ ਨਹੀਂ। ਨਾਵਲ ਦੇ ਖੇਤਰ ਵਿਚ ਨਾਨਕ ਸਿੰਘ ਅਤੇ ਵਾਰਤਕ ਦੇ ਖੇਤਰ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਲਈ ਵੈਦ-ਸਾਹਿਤ ਨੇ ਇਕ ਸ਼ਕਤੀਸ਼ਾਲੀ ਪਿੱਠਭੂਮੀ ਤਿਆਰ ਕੀਤੀ। ਪੰਜਾਬੀ 'ਚ ਗਿਆਨ-ਪ੍ਰਸਾਰ ਦਾ ਸਾਹਿਤ ਪ੍ਰਚਲਤ ਕਰਨ ਵਿਚ ਵੈਦ ਹੋਰਾਂ ਵੱਲੋਂ ਨਿਭਾਈ ਗਈ ਭੂਮਿਕਾ ਕਈ ਪੱਖਾਂ ਤੋਂ ਵਰਣਨਯੋਗ ਹੈ। ਭਾਵੇਂ ਅਜਿਹੇ ਸਾਹਿਤ ਨੂੰ ਪੰਜਾਬੀ ਵਿਚ ਪ੍ਰਚਲਤ ਕਰਨ ਵਿਚ 'ਨਿਰਗੁਣਿਆਰਾ' ਨੇ ਪਹਿਲ ਕੀਤੀ। ਪਰ ਉਸ ਦਾ ਖੇਤਰ 'ਗੁਰਮਤਿ' ਤੱਕ ਸੀਮਤ ਸੀ। 'ਦੂਖ ਨਿਵਾਰਨ' ਇਸ ਪੱਖੋਂ ਵਧੇਰੇ ਤੇ ਵਿਸ਼ਾਲ ਸੰਭਾਵਨਾਵਾਂ ਵਾਲੀ ਪੱਤ੍ਰਿਕਾ ਸੀ । 'ਦੂਖ ਨਿਵਾਰਨ' ਪੱਤ੍ਰਿਕਾ 'ਨਿਰਗੁਣਿਆਰਾ' ਤੋਂ ਪ੍ਰੇਰਿਤ ਜ਼ਰੂਰ ਸੀ ਪਰ ਉਸ ਦਾ ਪਿਛਲੱਗ ਜਾਂ ਅਨੁਕਰਣ ਮਾਤਰ ਨਹੀਂ ਸੀ।

ਬੁਨਿਆਦੀ ਤੌਰ 'ਤੇ ਭਾਈ ਮੋਹਨ ਸਿੰਘ ਵੈਦ ਪ੍ਰਤਿਭਾਵਨ ਵੀ ਸਨ ਅਤੇ ਸਮਰੱਥਾਵਾਨ ਵੀ। ਇਕ ਲੰਬਾ ਅਰਸਾ ਉਹ ਤਰਨ ਤਾਰਨ ਦੀ ਮਿਉਂਸੀਪਲ ਕਮੇਟੀ ਦੇ ਮੈਂਬਰ ਤੇ ਕਮਿਸ਼ਨਰ ਰਹੇ। ਹੋਰ ਕਈ ਸਭਾ ਸੁਸਾਇਟੀਆਂ ਤੇ ਸੰਸਥਾਵਾਂ ਦੇ ਅਹੁਦੇਦਾਰ ਵੀ ਰਹੇ। ਇਉਂ ਇਨ੍ਹਾਂ ਦੀ ਸ਼ਖ਼ਸੀਅਤ ਵਿਚ 'ਪ੍ਰਭੁਤਾ' ਤੇ 'ਪ੍ਰਤਿਭਾ' ਦਾ ਇਕ ਅਜੀਬ ਕਿਸਮ ਦਾ ਸੁਮੇਲ ਨਜ਼ਰ ਆਉਂਦਾ ਹੈ । ਪ੍ਰਭੁਤਾ ਤੇ ਪ੍ਰਤਿਭਾ ਦਾ ਆਪਸੀ ਰਿਸ਼ਤਾ ਅਕਸਰ ਵਿਰੋਧਾਭਾਸੀ ਹੀ ਹੁੰਦਾ ਹੈ। ਪਰ ਇਥੇ ਇਹ ਦੋਵੇਂ ਇਕ ਦੂਸਰੇ ਦੇ ਵਿਰੋਧੀ ਘੱਟ ਤੇ ਪੂਰਕ ਜ਼ਿਆਦਾ ਨਜ਼ਰ ਆਉਂਦੇ ਹਨ। ਕਿਤੇ ਕਿਤੇ ਦੋਹਾਂ ਵਿਚਾਲੇ ਕੁਝ ਤਣਾਉ ਜ਼ਰੂਰ ਦਿਖਾਈ ਦਿੰਦਾ ਹੈ। ਪਰ, ਇਹ ਤਣਾਉ ਕਿਸੇ ਵਿਰੋਧ ਦਾ ਬਦਲ ਨਹੀਂ, ਕੁਝ ਥਾਈਂ ਪ੍ਰਭੁਤਾ ਜ਼ਰੂਰ ਉਨ੍ਹਾਂ ਦੀ ਲੇਖਣੀ ਉਪਰ ਭਾਰੂ ਹੋਈ ਦਿਸਦੀ ਹੈ। ਵਿਸ਼ੇਸ਼ ਕਰਕੇ ਜਦੋਂ ਕੁਝ ਸਿਆਸੀ ਦਬਾਵਾਂ ਤੇ ਮਜਬੂਰੀਆਂ ਵਸ ਉਹ ਅੰਗਰੇਜ਼ੀ ਰਾਜ ਦੀ ਸਥਾਪਤੀ ਤੇ ਸਲਾਮਤੀ ਲਈ ਅਰਦਾਸਾਂ ਕਰਦੇ ਦੇਖੇ ਜਾਂਦੇ ਹਨ। ਜਨਵਰੀ 1912 ਦੇ 'ਦੂਖ ਨਿਵਾਰਨ' ਵਿਚ ਪ੍ਰਕਾਸ਼ਤ 'ਸ਼ਾਹੀ ਦਰਬਾਰ' ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


'ਸ਼ਾਹਨਸ਼ਾਹ ਜੀ ਦੇ ਦਰਸ਼ਨ' ਆਦਿ ਲੇਖਾਂ ਵਿੱਚੋਂ, ਉਨ੍ਹਾਂ ਦੇ ਪ੍ਰਭੁਤਾਵਾਦੀ ਲੇਖਕ ਹੋਣ ਦਾ ਭਰਮ ਪੈਂਦਾ ਹੈ। ਸਪੱਸ਼ਟ ਹੈ ਕਿ ਅਜਿਹਾ ਉਨ੍ਹਾਂ ਸਿੰਘ ਸਭਾ ਦੇ ਪ੍ਰਧਾਨ ਅਧੀਨ ਸਿੱਖ-ਹਿੱਤਾਂ ਦੀ ਰਾਖੀ ਲਈ ਕੀਤਾ ਹੋਵੇਗਾ। ਭਾਈ ਵੀਰ ਸਿੰਘ ਦੁਆਰਾ ਸੰਪਾਦਤ ਕੀਤਾ ਜਾਂਦਾ 'ਖ਼ਾਲਸਾ ਸਮਾਚਾਰ' ਪਰਚਾ ਵੀ ਤਾਂ ਉਦੋਂ ਅੰਗਰੇਜ਼-ਪੱਖੀ ਸੀ। ਪਰ ਵੈਦ ਹੋਰਾਂ ਦੀ ਪ੍ਰਤਿਭਾ ਨੇ ਛੇਤੀ ਹੀ ਉਨ੍ਹਾਂ ਨੂੰ ਇਸ ਪ੍ਰਭਾਵ ਤੋਂ ਮੁਕਤ ਕਰ ਦਿੱਤਾ। ਉਨ੍ਹਾਂ ਦੇ ਜੀਵਨ-ਇਤਿਹਾਸ 'ਚੋਂ ਅਜਿਹੀਆਂ ਕਈ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ ਜਿਥੇ ਉਨ੍ਹਾਂ ਦੇਸ਼ ਦੀ ਆਜ਼ਾਦੀ ਲਈ ਤੱਤਪਰ ਗ਼ੱਦਰੀ ਬਾਬਿਆਂ ਜਹੇ ਦੇਸ਼ ਭਗਤਾਂ ਦੀ ਸਹਾਇਤਾ ਕੀਤੀ। ਪੰਜਾਬੀ ਭਾਸ਼ਾ ਤੇ ਸਭਿਆਚਾਰ ਉਪਰ ਅੰਗਰੇਜ਼ਾਂ ਦੁਆਰਾ ਕੀਤੇ ਜਾ ਰਹੇ ਲੁੱਕਵੇਂ ਆਕਰਮਣਾਂ ਦਾ ਜੁਆਬ, ਉਨ੍ਹਾਂ ਸਵਦੇਸ਼ ਭਾਸ਼ਾ ਪ੍ਰਚਾਰ ਲੜੀਆਂ ਰਾਹੀਂ ਦਿੱਤਾ। ਇਸੇ ਨੂੰ ਮੈਂ ਪਹਿਲਾਂ ਪ੍ਰਭੁਤਾ ਤੇ ਪ੍ਰਤਿਭਾਂ ਵਿਚਾਲੇ ਤਣਾਉ ਦੀ ਸਥਿਤੀ ਕਿਹਾ ਹੈ। ਕੁਝ ਇਕ ਵਿਕੋਲਿਤਰੀਆਂ ਮਿਸਾਲਾਂ ਤੋਂ ਛੁੱਟ ਉਨ੍ਹਾਂ ਦੀ ਸਮੁੱਚੀ ਲੇਖਣੀ ਪ੍ਰਤਿਭਾਨਿਸ਼ਠ ਹੈ, ਪ੍ਰਭੁਤਾਵਾਦੀ ਨਹੀਂ, ਜਦ ਕਿ ਭਾਈ ਵੀਰ ਸਿੰਘ ਸਾਹਿਤ ਇਸ ਤੋਂ ਬਿਲਕੁਲ ਵਿਪਰੀਤ ਦਿਸ਼ਾ ਵੱਲ ਵਿਚਰਦਾ ਹੈ। ਪ੍ਰਤਿਭਾ, ਪ੍ਰਭੁਤਾ ਨੂੰ ਹਮੇਸ਼ਾ ਵੰਗਾਰਦੀ ਆਈ ਹੈ ਕਿਉਂਕਿ ਉਸ ਨੇ (ਪ੍ਰਭੁਤਾ) ਸਥਾਪਤੀ ਦਾ ਹੀ ਪੱਖ ਪੂਰਨਾ ਹੁੰਦਾ ਹੈ। ਅਜਿਹੀ ਵੰਗਾਰ ਦੇ ਦਰਸ਼ਨ ਵੈਦ-ਸਾਹਿਤ ਵਿਚ ਥਾਂ ਥਾਂ ਹੁੰਦੇ ਹਨ। ਇਉਂ ਆਪਣੀ ਇਸ ਬਹੁਪੱਖੀ ਪ੍ਰਤਿਭਾ ਸਦਕਾ ਹੀ ਉਨ੍ਹਾਂ ਇਸ ਸਦੀ ਦੇ ਮੁੱਢਲੇ ਦਹਾਕਿਆਂ 'ਚ ਪੰਜਾਬੀ ਸਭਿਆਚਾਰ ਦੀ ਸਿਰਜਣਾ ਵਿਚ ਇਕ ਅਹਿਮ ਭੂਮਿਕਾ ਨਿਭਾਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"Forwarded with the compliments ... of Education, Government of India New Delhi"

# ਭਾਈ ਵੀਰ ਸਿੰਘ–ਕਾਵਿ : ਮਿਥੋ ਕਾਵਿਕ ਅਧਿਐਨ

ਭਾਈ ਵੀਰ ਸਿੰਘ–ਕਾਵਿ ਉਪਰ ਪ੍ਰਾਪਤ-ਅਲੋਚਨਾ, ਚਰਚਾ ਦੇ ਜਿਸ ਬਿੰਦੂ 'ਤੇ ਪਹੁੰਚ ਕੇ ਆਪਣੀ ਗੱਲ ਖ਼ਤਮ ਕਰਦੀ ਹੈ ਮੈਂ ਉਥੋਂ ਹੀ ਆਪਣੀ ਗੱਲ ਤੋਰਨੀ ਚਾਹਾਂਗਾ। ਦੂਸਰੇ ਸ਼ਬਦਾਂ ਵਿਚ ਪ੍ਰਾਪਤ-ਅਲੋਚਨਾ ਦਾ ਪਹੁੰਚ-ਬਿੰਦੂ ਹੀ ਇਥੇ ਮੇਰਾ ਵਿਦਾ-ਬਿੰਦੂ ਹੋਵੇਗਾ। ਪ੍ਰਾਪਤ-ਅਲੋਚਨਾ ਇਹ ਦੱਸਦੀ ਹੈ ਕਿ ਵੀਰ ਸਿੰਘ-ਕਾਵਿ ਉਪਰ ਹੁਣ ਤੱਕ ਬਹੁਤ ਕੁਝ ਲਿਖਿਆ, ਪੜ੍ਹਿਆ-ਸੁਣਿਆ ਤੇ ਵਿਚਾਰਿਆ ਜਾ ਚੁੱਕਿਆ ਹੈ। ਵੱਖ ਵੱਖ ਦ੍ਰਿਸ਼ਟੀ-ਬਿੰਦੂਆਂ ਤੋਂ ਹੋਏ ਇਸ ਅਧਿਐਨ-ਕਾਰਜ 'ਚੋਂ ਜੋ ਨੁਕਤਾ ਵਿਸ਼ੇਸ਼ ਤੌਰ 'ਤੇ ਬਾਰ ਬਾਰ ਉੱਭਰ ਕੇ ਸਾਹਮਣੇ ਆਉਂਦਾ ਹੈ— ਉਹ ਇਹ ਹੈ ਕਿ ਆਪਣੀ ਕਵਿਤਾ 'ਚ ਭਾਈ ਵੀਰ ਸਿੰਘ ਬੁਨਿਆਦੀ ਤੌਰ 'ਤੇ ਗੁਰਬਾਣੀ ਤੇ ਗੁਰਮਤਿ ਦੀ ਵਿਆਖਿਆ ਵੱਲ ਰੁਚਿਤ ਹੈ। ਇਸੇ ਅਧਾਰ 'ਤੇ ਸਾਹਿਤ-ਅਲੋਚਕਾਂ ਨੇ ਇਸ ਕਵੀ ਨੂੰ 'ਗੁਰਬਾਣੀ ਦੇ ਪ੍ਰਮਾਣਿਕ ਵਿਆਖਿਆਕਾਰ' ਹੋਣ ਦਾ ਰੁਤਬਾ ਵੀ ਦਿੱਤਾ ਹੈ। ਜਿਥੋਂ ਤੱਕ ਇਸ ਕਵੀ ਦੇ 'ਗੁਰਬਾਣੀ-ਵਿਆਖਿਆਕਾਰ' ਹੋਣ ਦਾ ਸਰੋਕਾਰ ਹੈ—ਉਸ ਸੰਬੰਧੀ ਸ਼ੰਕੇ ਦੀ ਕੋਈ ਗੁੰਜਾਇਸ਼ ਨਹੀਂ। ਮੈਨੂੰ ਇਸ ਵਿਆਖਿਆ ਦੀ 'ਪ੍ਰਮਾਣਿਕਤਾ' ਉਪਰ ਵੀ ਕੋਈ ਸੰਦੇਹ ਨਹੀਂ। ਮੈਂ ਤਾਂ ਇਸ ਪ੍ਰਮਾਣਿਕਤਾ ਦੀ ਪ੍ਰਕਿਰਤੀ ਨੂੰ ਸਮਝਣਾ ਚਾਹੁੰਦਾ ਹਾਂ, ਬਸ। ਇਸ ਪ੍ਰਮਾਣਿਕਤਾ ਦਾ ਬੁਨਿਆਦੀ ਅਧਾਰ ਕੀ ਹੈ? ਇਹ ਜਾਣਨਾ ਹੀ ਇਸ ਖੋਜ-ਪੱਤਰ ਦੀ ਮੂਲ ਸਮੱਸਿਆ ਹੈ।

ਵੀਰ ਸਿੰਘ-ਕਾਵਿ ਦੀ ਸਰਲ ਸ਼ੈਲੀ ਤੋਂ ਤਾਂ ਅਸੀਂ ਵਾਕਫ਼ ਹੀ ਹਾਂ। ਇਹ ਕਾਵਿ ਆਪਣੀ ਪ੍ਰਕਿਰਤੀ ਵਿਚ ਕੇਵਲ ਸਰਲ ਹੀ ਨਹੀਂ, ਸਗੋਂ ਇਕਹਿਰਾ ਵੀ ਹੈ। ਕਵਿਤਾ ਵਿਚ ਸੁਹਜ-ਸਿਰਜਣਾ ਲਈ ਜਿਹੋ ਜਿਹੀ Ambiguity ਦੀ ਅਕਸਰ ਵਰਤੋਂ ਕੀਤੀ ਜਾਂਦੀ ਹੈ, ਉਹ ਇਸ ਕਾਵਿ ਵਿੱਚੋਂ ਅਸਲੋਂ ਗ਼ਾਇਬ ਹੈ। ਕਿਸੇ ਪ੍ਰਕਾਰ ਦੇ ਵਲੇਵੇਂ ਜਾਂ ਅਸਪੱਸ਼ਟਤਾ ਦੀ ਇਥੇ ਲੱਗਭਗ ਅਣਹੋਂਦ ਹੀ ਦਿਖਾਈ ਦਿੰਦੀ ਹੈ। ਮਿਸਾਲ ਦੇ ਤੌਰ 'ਤੇ ਅਸੀਂ ਉਸ ਦੀ ਕਵਿਤਾ 'ਜੀਵਨ ਕੀ ਹੈ ?' ਦੀਆਂ ਇਹ ਸਤਰਾਂ ਹੀ ਲੈਂਦੇ ਹਾਂ :

ਕਿੱਥੇ ਹੈ ਉਹ ਪੁੱਛਣ ਵਾਲੀ ?<br>
ਕੀ ? ਏ ਜੀਵਨ ਕੀ ਹੈ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਖੇੜੇ ਖੇੜ ਲਈ ਹੈ ਸਾਰੀ
ਕੀ ਦੇਹੀ, ਕੀ ਜੀ ਹੈ ?
ਖੇੜਾ ਹੈ ਹੁਣ ਆਪ ਹੋ ਰਹੀ
ਖੇੜਾ ਜੀਵਨ ਖੇੜਾ
ਖਿੜਨ ਖਿੜੀ ਜਿਉਂ 'ਚੰਦ-ਚਾਂਦਨੀ',
ਖਿੜਿਆ ਜੀਵਨ ਖੇੜਾ ।

ਇਥੇ ਪ੍ਰਸ਼ਨ ਵੀ ਬਿਲਕੁਲ ਸਪੱਸ਼ਟ ਹੈ ਅਤੇ ਉਸ ਦਾ ਉੱਤਰ ਵੀ । ਪ੍ਰਸ਼ਨ : ਜੀਵਨ ਕੀ ਹੈ ? ਉੱਤਰ ਹੈ : ਚੰਦ-ਚਾਂਦਨੀ ਦੀ ਤਰ੍ਹਾਂ ਖਿੜਿਆ ਇਹ ਜੀਵਨ ਤਾਂ ਖੇੜਾ ਹੈ, ਬਸ । ਇਥੇ ਇਉਂ ਲਗਦਾ ਹੈ, ਜਿਵੇਂ ਕਵੀ ਗਣਿਤ-ਸ਼ਾਸ਼ਤਰੀ ਸਮੀਕਰਣ ਬਣਾ ਰਿਹਾ ਹੋਵੇ । ਇਹ ਤਾਂ ਭਾਈ ਵੀਰ ਸਿੰਘ ਦੀ ਇਕ ਜਾਣੀ-ਪਛਾਣੀ ਕਾਵਿ-ਵਿਧੀ ਹੈ । ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾ, ਇਸੇ ਕਾਵਿ-ਵਿਧੀ ਦੀਆਂ ਅਨੁਸਾਰੀ ਪ੍ਰਤੀਤ ਹੁੰਦੀਆਂ ਹਨ । 'ਇਛਾਬਲ ਤੇ ਡੂੰਘੀਆਂ ਸ਼ਾਮਾਂ' ਕਵਿਤਾ ਵਿਚ ਤਾਂ ਸਿੱਧੇ ਤੌਰ 'ਤੇ ਇਸ ਪ੍ਰਸ਼ਨ-ਉੱਤਰ ਦੀ ਵਿਧੀ ਨੂੰ ਵਰਤਿਆ ਗਿਆ ਹੈ । ਕਵੀ ਇਛਾਬਲ ਚਸ਼ਮੇ ਨੂੰ ਪ੍ਰਸ਼ਨ ਕਰਦਾ ਹੈ ਅਤੇ ਅੱਗੋਂ ਚਸ਼ਮਾ ਮਾਨਵੀਕ੍ਰਿਤ-ਰੂਪ ਵਿਚ ਕੀਤੇ ਪ੍ਰਸ਼ਨ ਦਾ ਉੱਤਰ ਦੇਂਦੇ ਦੇਖਿਆ ਜਾਂਦਾ ਹੈ । ਕਈ ਥਾਂਈਂ ਤਾਂ ਕਵੀ ਕੇਵਲ ਪ੍ਰਸ਼ਨ ਹੀ ਖੜ੍ਹੇ ਕਰਦਾ ਹੈ, ਜਿਵੇਂ :

(ੳ) ਸਦੀਆਂ ਦੇ ਹੇ ਬੁੱਢੇ ਬਾਬੇ !
ਕਿਤਨੇ ਗੋਦ ਖਿਡਾਏ ?
ਕਿਤਨੇ ਆਏ ਛਾਵੇਂ ਬੈਠੇ ?
ਕਿਤਨੇ ਪੂਰ ਲੰਘਾਏ ?

(ਅ) ਧਰਤੀ ਦੇ ਹੇ ਤੰਗ ਦਿਲ-ਲੋਕੋ !
ਨਾਲ ਅਸਾਂ ਕਿਉਂ ਲੜਦੇ ?
ਗਿੱਠ ਥਾਓਂ ਧਰਤੀ ਤੇ ਮੱਲੀ
ਅਜੇ ਤੁਸੀਂ ਹੋ ਲੜਦੇ ?

ਅਜਿਹੇ ਬਹੁਤ ਸਾਰੇ ਪ੍ਰਸ਼ਨ ਵੀਰ ਸਿੰਘ-ਕਾਵਿ ਦੇ ਆਰਪਾਰ ਫੈਲੇ ਹੋਏ ਹਨ । ਸੋ ਨਿਰੋਲ ਪ੍ਰਸ਼ਨ ਜਾਂ ਪ੍ਰਸ਼ਨ-ਉੱਤਰ ਵਿਧੀ ਭਾਈ ਵੀਰ ਸਿੰਘ ਦੀ ਇਕ ਵਿਸ਼ੇਸ਼ ਪ੍ਰਕਾਰ ਦੀ ਕਾਵਿ-ਜੁਗਤ ਹੋ ਨਿਬੜਦੀ ਹੈ । ਉਸ ਦੇ ਕੁਝ ਹੋਰ ਪ੍ਰਸ਼ਨ ਇਉਂ ਹਨ :

(ੳ) ਗਹਿਰ ਗੰਭੀਰ ਅਡੋਲ ਸੁਹਾਵੇ !
ਤੈਂ ਕਿਹਾ ਜੋਗ ਕਮਾਇਆ ?
ਕਿਉਂ ਸਹੀਓ ! ਕੁਈ ਸਵਾਦ ਸਜਨ ਨੇ
ਛੁਹ ਸਾਡੀ ਦਾ ਵੀ ਚੱਖਿਆ ?

(ਅ) ਸੰਝ ਹੋਈ ਪਰਛਾਵੇਂ ਛੁੱਪ ਗਏ
ਕਿਉਂ ਇੱਛਾਬਲ ਤੂੰ ਜਾਰੀ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



(ੲ) ਉਹ 'ਕਿਉਂ' ਰਿੜ੍ਹੇ ਗੋਡਿਆਂ ਪਰਨੇ
ਜੋ ਉੱਡ ਅਸਮਾਨੀ ਜਾਏ ?

(ਸ) ਘਟ ਘਟ ਦੇ ਵਿਚ ਵਸਦਾ ਜਿਹੜਾ
ਤੂੰ ਕ੍ਹਿਨੂੰ ਰੱਬ ਸਿੰਞਾਣੇ ?

(ਹ) ਤੂੰ ਕਿਵੇਂ ਰੌਲਿਆਂ ਵਿਚ ਆ ਖਲੋਤੀ
ਤੇਰੇ ਚਾਰ ਚੁਫ਼ੇਰੇ ਝਮੇਲੇ ?

(ਕ) ਕਿਉਂ ਹੋਯਾ ? ਤੇ ਕੀਕੂੰ ਹੋਯਾ ?
ਖੱਪ ਖੱਪ ਮੋਏ ਸਿਆਣੇ
ਓਸੇ ਰਾਹ ਪਵੇਂ ਕਿਉਂ ਜਿੰਦੇ !
ਜਿਸ ਰਾਹ ਪੂਰ ਮੁਹਾਣੇ ?

(ਖ) ਗੰਧਕ ਚਸ਼ਮੇ ਦੱਸ ਹੇਠੋਂ
ਤੂੰ ਕਿਉਂ ਬਾਹਰ ਆਇਆ ?

(ਗ) ਫੁਲ ਗੁਲਾਬ ਤੋਂ ਕਿਸੇ ਪੁੱਛਿਆ :
ਅਵੇ ਕੋਮਲਤਾ ਦੇ ਸਾਂਈਂ
'ਇਸ ਸੁਨ੍ਹਪ, ਇਸ ਸੁਹਲ ਸੁਹਜ ਨੂੰ
ਹੈ ਕਿਉਂ ਕੰਡਿਆਂ ਬੱਜ ਲਾਈ ?'

ਇਹ ਨਿਰੋਲ ਪ੍ਰਸ਼ਨ ਜਾਂ ਪ੍ਰਸ਼ਨ-ਉੱਤਰ ਵਿਧੀ ਇਥੇ ਕੇਵਲ ਜੁਗਤ-ਮਾਤਰ ਹੀ ਨਹੀਂ ਹੈ, ਸਗੋਂ ਇਸ ਕਾਵਿ ਵਿਚ ਇਸ ਦੀ ਆਪਣੀ ਵਿਸ਼ੇਸ਼ ਸਾਰਥਕਤਾ ਹੈ। ਇਨ੍ਹਾਂ ਪ੍ਰਸ਼ਨਾਂ ਅਤੇ ਉਨ੍ਹਾਂ ਦੇ ਉੱਤਰਾਂ ਨੂੰ ਸਮਝਣ ਨਾਲ ਹੀ ਅਸੀਂ ਭਾਈ ਵੀਰ ਸਿੰਘ ਦੇ 'ਕਾਵਿ-ਅਵਚੇਤਨ' ਤੱਕ ਅਪੜ ਸਕਦੇ ਹਾਂ। ਗਹੁ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਇਹ ਭਾਈ ਵੀਰ ਸਿੰਘ ਦਾ ਆਪਣਾ ਕੋਈ ਨਵੇਕਲਾ ਜਾਂ 'ਮੌਲਿਕ ਕਾਵਿ-ਅੰਦਾਜ਼ ਨਹੀਂ, ਸਗੋਂ ਇਹ ਤਾਂ ਬਾਣੀ-ਕਾਵਿ 'ਚੋਂ ਗ੍ਰਹਿਣ ਕੀਤਾ ਪ੍ਰਤੀਤ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਗੁਰੂ ਨਾਨਕ ਦੇਵ ਰਚਿਤ ਬਾਣੀ 'ਜਪੁਜੀ ਸਾਹਿਬ' ਦੀ ਪਹਿਲੀ ਪਉੜੀ ਹੀ ਲਉ :

''ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥

ਇਵੇਂ ਗੁਰੂ ਕਵੀ ਆਪਣੀ ਗੱਲ ਖੰਡਨੀ ਸੁਰ ਤੋਂ ਸ਼ੁਰੂ ਕਰਦੇ ਹਨ। ਦੁਨਿਆਵੀ ਸੁੱਚ, ਲਿਵ, ਤ੍ਰਿਸ਼ਨਾ ਤੇ ਸਿਆਣਪ ਨੂੰ ਨਕਾਰਣ ਅਤੇ ਉਸ ਦੀ ਸਾਰਥਕਤਾ ਉਪਰ ਸੰਦੇਹ ਪ੍ਰਗਟ ਕਰਨ ਮਗਰੋਂ, ਉਹ ਇਕ ਬਹੁਤ ਅਹਿਮ ਪ੍ਰਸ਼ਨ ਖੜ੍ਹਾ ਕਰਦੇ ਹਨ। ਪ੍ਰਸ਼ਨ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥"
ਇਸ ਪ੍ਰਸ਼ਨ ਦੇ ਨਾਲ ਉੱਤਰ ਵੀ ਦਰਜ ਹੈ :
"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥"

ਅਰਥਾਤ, ਪ੍ਰਭੂ ਨਾਲੋਂ ਜੀਵ ਦੀ ਵਿੱਥ ਮਿਟਾਣ ਦਾ ਇਕੋ ਹੀ ਤਰੀਕਾ ਹੈ ਕਿ ਜੀਵ ਉਸ ਦੀ ਰਜ਼ਾ (ਹੁਕਮਿ) ਵਿਚ ਰਹੇ । ਇਹ ਅਸੂਲ ਧੁਰ ਤੋਂ ਹੀ ਰੱਬ ਵਲੋਂ ਜੀਵ ਲਈ ਜ਼ਰੂਰੀ ਹੈ । ਅੱਗੇ ਸਮੁੱਚੀ ਬਾਣੀ ਵਿਚ ਇਸੇ ਉੱਤਰ ਦਾ ਵਿਸਤਾਰ ਹੈ । ਇਥੇ ਸਮੱਸਿਆ ਮਾਨਵੀ ਹੈ, ਪਰ ਸਮਾਧਾਨ ਰੂਹਾਨੀਅਤ ਨਾਲ ਸੰਬੰਧਤ ਹੈ । ਆਪਣੀ ਕਵਿਤਾ ਵਿਚ ਬਾਣੀ ਦੀ ਵਿਆਖਿਆ ਦੇ ਨਾਲ ਨਾਲ ਭਾਈ ਵੀਰ ਸਿੰਘ ਨੇ ਗੁਰਬਾਣੀ ਦੀਆਂ ਇਨ੍ਹਾਂ ਕਾਵਿ-ਵਿਧੀਆਂ ਨੂੰ ਅਚੇਤ-ਸੁਚੇਤ ਮਨੋਵਾਸ ਕੀਤਾ ਹੈ । ਇਵੇਂ ਵੀਰ ਸਿੰਘ-ਕਾਵਿ ਬੜੇ ਸਹਿਜ ਰੂਪ ਵਿਚ ਬਾਣੀ-ਪਰੰਪਰਾ ਨਾਲ ਜਾ ਜੁੜਦਾ ਹੈ । ਅਜਿਹੇ ਹੋਰ ਵੀ ਕਈ ਨੁਕਤੇ ਹਨ ਜਿਨ੍ਹਾਂ ਦੇ ਅਧਾਰ 'ਤੇ ਇਸ ਕਾਵਿ ਵਿਚ ਕਾਰਜਸ਼ੀਲ ਬਾਣੀ-ਕਾਵਿ ਵਾਲੀ ਬਿਰਤੀ ਨੂੰ ਅਸੀਂ ਸਹਿਜੇ ਹੀ ਪਛਾਣ ਸਕਦੇ ਹਾਂ ।

ਵੀਰ ਸਿੰਘ-ਕਾਵਿ ਵਿਚ ਵਰਤੀ ਗਈ ਪ੍ਰਸ਼ਨ-ਵਿਧੀ ਇਸ ਕਾਵਿ ਨੂੰ ਉਪਰੋਂ ਤਾਰਕਿਕਤਾ ਨਾਲ ਜੋੜਦੀ ਪ੍ਰਤੀਤ ਹੁੰਦੀ ਹੈ, ਪਰ ਇਸ ਕਾਵਿ ਵਿਚ ਕਾਰਜਸ਼ੀਲ ਮਿਥਕ-ਸੰਕਲਪਨਾ, ਇਸ ਤਾਰਕਿਕਤਾ ਨੂੰ ਨਿਰੰਤਰ ਤੋੜਦੀ ਨਜ਼ਰ ਆਉਂਦੀ ਹੈ । ਸਮੁੱਚਾ ਬਾਣੀ-ਕਾਵਿ ਜਿਹੋ ਜਹੀ ਮਿਥਕ-ਸੰਵੇਦਨਾ ਨਾਲ ਓਤਪ੍ਰੋਤ ਹੈ, ਲੱਗਭਗ ਓਹੋ ਜਹੀ ਹੀ ਮਿਥਕ-ਸੰਵੇਦਨਾ ਨਾਲ ਓਤਪ੍ਰੋਤ ਹੈ ਵੀਰ ਸਿੰਘ-ਕਾਵਿ । ਕਈ ਥਾਂਈਂ ਤਾਂ ਉਹ ਸੁਚੇਤ ਪੱਧਰ 'ਤੇ ਮਿਥਾਂ ਸਿਰਜਦਾ ਦਿਖਾਈ ਦਿੰਦਾ ਹੈ ਅਤੇ ਕਈ ਥਾਂਈਂ ਉਹ ਵਾਸਤਵਿਕ ਸਥਿਤੀਆਂ ਨੂੰ ਆਪਣੀ ਮਿਥਕ-ਸੰਵੇਦਨਾ ਨਾਲ ਨਜਿੱਠਦਾ ਪ੍ਰਤੀਤ ਹੁੰਦਾ ਹੈ ।

'ਟੁਕੜੀ ਜੱਗ ਤੋਂ ਨਯਾਰੀ' ਕਵਿਤਾ ਵਿਚ ਕਵੀ ਕਸ਼ਮੀਰ ਦੀ ਬਣਨ-ਪ੍ਰਕਿਰਿਆ ਬਾਰੇ ਇਉਂ ਕਲਪਨਾ ਕਰਦਾ ਹੈ :

ਅਰਸ਼ਾਂ ਦੇ ਵਿਚ 'ਕੁਦਰਤ ਦੇਵੀ'
ਸਾਨੂੰ ਨਜ਼ਰੀਂ ਆਈ,
ਹੁਸਨ-ਮੰਡਲ ਵਿਚ ਖੜੀ ਖੇਲਦੀ
ਖ਼ੁਸ਼ੀਆਂ ਛਹਿਬਰ ਲਾਈ ।
ਦੌੜੀ ਨੇ ਇਕ ਮੁੱਠੀ ਭਰ ਲਿਤੀ,
ਇਸ ਵਿਚ ਕੀ ਕੀ ਆਇਆ—
ਓਸ ਥਾਉਂ 'ਕਸ਼ਮੀਰ' ਬਣ ਗਿਆ
ਟੁੱਕੜੀ ਜੱਗ ਤੋਂ ਨਯਾਰੀ ।
ਹੈ ਧਰਤੀ ਪਰ 'ਛੁਹ-ਅਸਮਾਨੀ'
ਸੁੰਦਰਤਾ ਵਿਚ ਲਿਸ਼ਕੇ,
ਧਰਤੀ ਦੇ ਰਸ ਸਵਾਦ ਨਜ਼ਾਰੇ;
'ਰਮਜ਼ ਅਰਸ਼' ਦੀ ਚਸਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪ੍ਰਕਿਰਤੀ ਨੂੰ 'ਕੁਦਰਤ ਦੇਵੀ' ਦੇ ਰੂਪ ਵਿਚ ਪੇਸ਼ ਕਰਨ ਦੀ ਇਹ ਵਿਧੀ, ਬੁਨਿਆਦੀ ਤੌਰ 'ਤੇ ਕਵੀ ਦੀ ਮਿਥਕ-ਸੰਕਲਪਨਾ 'ਚੋਂ ਹੀ ਹੋਂਦ ਧਾਰਦੀ ਹੈ। ਦਿੱਸਦਾ ਪ੍ਰਕਿਰਤਕ-ਸੰਸਾਰ, ਕਵੀ ਲਈ ਨਾ ਤਾਂ ਕਾਵਿ-ਆਲੰਬਨ ਦਾ ਵਿਸ਼ਾ ਬਣਦਾ ਹੈ ਅਤੇ ਨਾ ਹੀ ਕਾਵਿ-ਉਦੀਪਨ ਦਾ। ਪ੍ਰਕਿਰਤੀ ਉਸ ਲਈ ਉਹ ਕੁਦਰਤ ਹੈ ਜੋ ਕਿਸੇ ਅਦਿੱਸ 'ਕਾਦਰ' ਦੀ ਸਿਰਜਣਾ ਹੈ। ਇਉਂ ਕਵੀ ਇਥੇ 'ਕੁਦਰਤ' ਤੇ 'ਕਾਦਰ' ਦੇ ਆਪਸੀ ਸੰਬੰਧਾਂ ਬਾਰੇ ਆਪਣੇ ਅਧਿਆਤਮਕ-ਅਨੁਭਵ ਨੂੰ ਪੇਸ਼ ਕਰਨ ਵੱਲ ਰੁਚਿਤ ਨਜ਼ਰ ਆਉਂਦਾ ਹੈ। ਦਿੱਸਦਾ ਪ੍ਰਕਿਰਤਕ-ਸੰਸਾਰ, ਕਿਸੇ ਅਦਿੱਸ ਕਾਦਰ ਦੀ ਸਿਰਜਣਾ ਹੈ—ਇਸ ਅਧਿਆਤਮਕ-ਵਿਚਾਰ 'ਚੋਂ ਹੀ ਇਸ ਕਵਿਤਾ ਦਾ ਜਨਮ ਹੁੰਦਾ ਹੈ। ਕਸ਼ਮੀਰ ਹੈ ਤਾਂ ਧਰਤੀ ਦਾ ਹੀ ਇਕ ਟੁੱਕੜਾ, ਪਰ ਇਸ ਵਿਚ 'ਅਸਮਾਨੀ-ਛੁਹ' ਤੇ 'ਅਰਸ਼ੀ ਰਮਜ਼ ਹੈ। 'ਕੁਦਰਤ ਦੇਵੀ' ਦੀ ਇਸ ਮਿਥ-ਸਿਰਜਣਾ ਅਤੇ 'ਅਰਸ਼ੀ-ਛੁਹ' ਦੇ ਕਾਰਨ ਹੀ ਕਸ਼ਮੀਰ ਨੂੰ ਕਵੀ 'ਟੁੱਕੜੀ ਜੱਗ ਤੋਂ ਨਿਆਰੀ' ਖ਼ਿਆਲ ਕਰਦਾ ਹੈ। ਭਾਈ ਵੀਰ ਸਿੰਘ ਦੀ ਮਿਥਕ-ਸੰਕਲਪਨਾ ਦਾ ਬੁਨਿਆਦੀ ਅਧਾਰ 'ਦਿੱਬਤਾ' ਹੈ। ਇਹ ਲੱਗਭਗ ਉਹੀ 'ਦਿੱਬਤਾ' ਹੈ ਜੋ ਕਵੀ ਨੇ ਗੁਰਬਾਣੀ ਵਿਰਸੇ 'ਚੋਂ ਇਕ ਸੰਸਕਾਰ ਦੇ ਰੂਪ ਵਿਚ ਗ੍ਰਹਿਣ ਕੀਤੀ ਹੋਈ ਹੈ। ਵੀਰ ਸਿੰਘ-ਕਾਵਿ ਵਿਚ ਇਸ ਦਿੱਬਤਾ ਦਾ ਜ਼ਿਕਰ ਕਈ ਥਾਂਈਂ ਹੋਇਆ ਹੈ। ਮਸਲਨ :—

(ੳ) 'ਕੀਹ ਅਗੰਮੀ ਖੇਡ ਏਥੇ ਲਹਿਰਦੀ ?
ਅਰਸ਼ ਉਤਰਿਆ ਆਨ ਰਸੀਆ ਨਚਾਂਵਦਾ।'

(ਅ) 'ਕਵਿਤਾ ਦੀ ਸੁੰਦਰਤਾਈ
ਉੱਚੇ ਨਛੱਤ੍ਰੀਂ ਵਸਦੀ,
ਆਪਣੇ ਸੰਗੀਤ ਲਹਿਰੇ
ਆਪਣੇ ਪ੍ਰਕਾਸ਼ ਲਸਦੀ।'

(ੲ) 'ਦੇਖੋ ਅਰਸ਼ਾਂ ਵਿਚ ਖਲੋਤੀ
ਸੁਤੰਤਰਤਾ ਦੀ ਦੇਵੀ ਆ
ਆਪਣੀ ਆਭਾ ਖਿਲਾਰੀ ਜਾ ਰਹੀ
ਚੰਦ ਚਾਂਦਨੀ ਜਿਕੁਰ ਲਾ।

(ਸ) ਜਦੋਂ ਸੰਜੋਗੀ ਹੋਣ ਮੇਲ ਆ
ਪਵਨ ਰੂਪ ਓ ਗੰਗਾ।
ਫੇਰ ਹਿਮਾਲੇ ਖੇਲੇ ਆ ਕੇ
ਰੂਪ ਅਰੂਪੀ ਗੰਗਾ।
ਚੋਟੀ ਟਿਕੇ ਬਰਫ਼ ਬਨ ਚਿੱਟੀ,
ਫੇਰ ਸਮਾਧਿ ਲਗਾਵੇ।
ਪਰ ਉਹ ਕਣੀ ਵਸੇ ਜੇ ਅੰਦਰ,
ਅੰਦਰੋਂ ਉਠ ਜਗਾਵੇ,
ਕੋਈ ਚਿਣਗ ਅਗੰਮੀ ਉਸ ਨੂੰ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਪੰਘਰ ਵਿਚ ਲਿਆਵੇ ।
ਮਿਲ ਵਿਛੁੜਣ, ਸੰਜੋਗ ਵਿਜੋਗੀ,
ਚਲੀ ਧੁਰਾਂ ਤੋਂ ਆਈ ।'

(ਹ) 'ਯਾਦ ਸਜਨ ਦੀ ਹਰਦਮ ਰਹਿੰਦੀ
ਲਹਿ ਗਈ ਡੂੰਘੇ ਥਾਂਈਂ
ਵਾਂਗ ਸੰਗੀਤ ਲਹਿਰਦੀ ਅੰਦਰ
ਬਣ ਗਈ ਰਾਗ ਇਲਾਹੀ ।'

(ਕ) ਅਰਸ਼ੀ ਤਾਣ ਜਿਹਦੇ ਹੋ ਪੱਲੇ
ਉਹ ਕਿਉਂ ਭੁੰਜੇ ਆਏ ?

ਇਨ੍ਹਾਂ ਕਾਵਿ-ਪੰਗਤੀਆਂ ਵਿਚ 'ਦਿੱਬਤਾ' ਭਾਵੇਂ ਭਿੰਨ ਭਿੰਨ ਰੂਪਾਂ ਵਿਚ ਪਰਗਟ ਹੋਈ ਹੈ, ਪਰ ਇਸ ਦੀ ਹੋਂਦ ਤੋਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋਇਆ ਜਾ ਸਕਦਾ । ਇਹ ਦਿੱਬਤਾ ਹੀ ਹੈ ਜੋ ਇਸ ਦੇ ਯਥਾਰਥ ਨੂੰ ਸਰਬਾਰਥੀ ਚਰਿੱਤਰ ਪ੍ਰਦਾਨ ਕਰਦੀ ਹੈ ਅਤੇ ਉਸ ਨੂੰ ਨਿਰੰਤਰ ਅਨੰਤਤਾ ਵਿਚ ਰੂਪਾਂਤਰਿਤ ਕਰਦੀ ਚਲੀ ਜਾਂਦੀ ਹੈ । ਇਸ ਸੰਬੰਧ ਵਿਚ ਯਾਦ ਰਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਇਹ ਅਨੰਤਤਾ ਕੋਈ ਨਿਰਲੇਪ ਅਨੰਤਤਾ ਨਹੀਂ, ਸਗੋਂ ਸਾਪੇਖ ਅਨੰਤਤਾ ਹੈ—ਸਧਾਰਣ ਦੇਸ਼-ਕਾਲ ਦੀਆਂ ਸੀਮਾਵਾਂ ਤੋਂ ਮੁਕਤ, ਸਾਪੇਖ ਅਨੰਤਤਾ । ਦੂਸਰੇ ਸ਼ਬਦਾਂ ਵਿਚ ਇਹ 'ਯਥਾਰਥ' ਤੋਂ 'ਨਾਮ' ਤੱਕ ਦਾ ਸਫ਼ਰ ਹੈ । ਗਹੁ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਸਮੁੱਚਾ ਬਾਣੀ-ਕਾਵਿ ਇਸੇ ਦਿਸ਼ਾ ਵਿਚ ਹੀ ਵਿਚਰਦਾ ਹੈ । 'ਯਥਾਰਥ' ਨੂੰ 'ਪਰਮਾਰਥ' ਅਤੇ 'ਵਾਸਤਵਿਕਤਾ' ਨੂੰ 'ਅਧਿਆਤਮਿਕਤਾ' ਵਿਚ ਰੂਪਾਂਤਰਿਤ ਹੁੰਦੇ ਇਥੇ ਅਕਸਰ ਦੇਖਿਆ' ਜਾਂਦਾ ਹੈ । ਇਸੇ ਨੂੰ ਆਧੁਨਿਕ ਤਕਨੀਕੀ ਸ਼ਬਦਾਵਲੀ ਵਿਚ 'ਚਿਹਨਕ ਤੋਂ ਚਿਹਨਕ' ਤੱਕ ਦੀ ਯਾਤਰਾ ਕਿਹਾ ਜਾ ਸਕਦਾ ਹੈ । ਬਾਣੀ-ਕਾਵਿ ਦਾ ਇਹੀ ਮਾਡਲ ਵੀਰ ਸਿੰਘ-ਕਾਵਿ ਦੇ ਅੰਤਰਗਤ ਵਿਸਥਾਪਤ-ਰੂਪ ਵਿਚ ਪੇਸ਼ ਹੋਇਆ ਕਈ ਥਾਂਈਂ ਨਜ਼ਰ ਆਉਂਦਾ ਹੈ । ਬਾਣੀ-ਕਾਵਿ ਦੀ ਤਰ੍ਹਾਂ ਇਸ ਕਾਵਿ ਵਿਚ ਵੀ ਹਰ ਗੱਲ ਨੂੰ ਅਖ਼ੀਰ 'ਤੇ 'ਸ਼ਬਦ' ਜਾਂ 'ਨਾਮ' ਉਪਰ ਘਟਾਇਆ ਗਿਆ ਹੈ । ਬਾਣੀ-ਕਾਵਿ ਨਾਲ ਸੰਬੰਧਤ 'ਧੁਰ ਕੀ ਬਾਣੀ ਆਈ' ਅਤੇ 'ਸੰਯੋਗ-ਵਿਯੋਗ' ਵਾਲੀ ਮਿਥਕ-ਧਾਰਣਾ ਇਨ੍ਹਾਂ ਕਾਵਿ-ਪੰਗਤੀਆਂ ਵਿਚ ਵਿਸਥਾਪਤ ਹੋ ਕੇ ਪੇਸ਼ ਹੋਈ ਸਹਿਜੇ ਹੀ ਮਹਿਸੂਸ ਕੀਤੀ ਜਾ ਸਕਦੀ ਹੈ । ਯਥਾਰਥ ਦਾ 'ਨਾਮ' ਜਾਂ 'ਦੈਵੀ ਅਨੰਤਤਾ' ਵਿਚ ਨਿਰੰਤਰ ਰੂਪਾਂਤਰਣ ਹੋਣ ਸਦਕਾ ਇਥੇ ਐਂਦਰੀਯਤਾ ਸਹਿਜੇ ਹੀ ਖ਼ਾਰਜ ਹੁੰਦੀ ਚਲੀ ਜਾਂਦੀ ਹੈ ਕਿਉਂਕਿ ਮਾਨਵੀ ਭਾਵਾਂ ਦੀ ਥਾਂ ਇਥੇ ਦਿੱਬਤਾ ਨੇ ਲੈ ਲਈ ਹੈ । ਵੈਸੇ ਵੀ ਵੀਰ ਸਿੰਘ-ਕਾਵਿ ਵਿਚ ਮਾਨਵੀ-ਭਾਵਾਂ ਦੀ ਥਾਂ 'ਦਿੱਬਤਾ' ਨੂੰ ਹੀ ਤਰਜੀਹ ਦਿੱਤੀ ਗਈ ਹੈ ।

ਭਾਈ ਵੀਰ ਸਿੰਘ ਰਚਿਤ ਲੰਬੀ ਬਿਰਤਾਂਤਕ ਕਵਿਤਾ 'ਰਾਣਾ ਸੂਰਤ ਸਿੰਘ' ਵਿਚ ਇਹ ਗੱਲ ਹੋਰ ਵੀ ਸਪੱਸ਼ਟਤਾ ਨਾਲ ਨਿਖਰ ਕੇ ਸਾਹਮਣੇ ਆਉਂਦੀ ਹੈ । ਰਚਨਾ ਦੇ ਅਰੰਭ ਵਿਚ ਹੀ ਰਾਣਾ ਸੂਰਤ ਸਿੰਘ ਦੀ ਮੌਤ ਦਾ ਜ਼ਿਕਰ ਆਉਂਦਾ ਹੈ । ਰਾਣੇ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮੌਤ ਮਗਰੋਂ ਉਸ ਦੀ ਪਤਨੀ ਰਾਣੀ ਰਾਜ ਕੌਰ ਵਿਯੋਗ ਤੇ ਵਿਰਲਾਪ ਦੀ ਸਥਿਤੀ ਭੋਗਦੀ ਦਿਖਾਈ ਗਈ ਹੈ :—

"ਕਦੀ ਨ ਮਿਲਸੀ ਹਾਇ ! ਸਾਂਈ ਪਿਆਰੜਾ ?
ਹੋਯਾ ਸਦਾ ਵਿਜੋਗ ਮੇਰੇ ਨਾਲ ਹੈ ?
ਮੈਂ ਕੱਲੀ ! ਪਤਿਹੀਨ ' ਮੈਂ ਪਤਿਹੀਣ ਹਾਂ ?
ਸਕਾਂ ਨ ਸੋਚ ਸਹਾਰ ਭਯਾਨਕ ਐਸੜੀ ।
ਹਾ ਹਾ ਮੇਰੇ ਲੇਖ । ਦਿਹ ਕੀ ਵਰਤਿਆ ?
ਵਰਤਯਾ ਕਹਿਰ ਕਹਾਰ ਹੋਈ ਬੋਟ ਹਾਂ ।"

ਰਾਣੀ ਰਾਜ ਕੌਰ ਦਾ ਇਹ ਵਿਯੋਗਮਈ ਵਿਰਲਾਪ ਯਥਾਰਥਕ ਸਥਿਤੀ ਨਾਲ ਸੰਬੰਧਤ ਹੈ । ਸਮੱਸਿਆ ਨਿਰੋਲ ਮਾਨਵੀ-ਦੁੱਖ ਦੀ ਹੈ—ਪਤੀ ਦੀ ਮੌਤ ਨਾਲ ਪਤਨੀ ਨੂੰ ਅਸਹਿ ਤੇ ਅਕਹਿ ਸਦਮਾ ਹੋਇਆ ਹੈ । ਰਾਜ ਭਾਗ ਦੀ ਮਾਲਕ ਹੁੰਦੀ ਹੋਈ ਵੀ ਉਹ ਇਸ ਸਦਮੇ ਨੂੰ ਸਹਾਰਨ ਦੀ ਸਥਿਤੀ ਵਿਚ ਨਹੀਂ । ਵਿਯੋਗ ਵਿਚ ਵਿਰਲਾਪ ਕਰਦੀ ਉਹ ਨੀਮ-ਬੇਹੋਸ਼ੀ ਦੀ ਹਾਲਤ 'ਚ ਵੀ ਵਿਚਰਦੀ ਹੈ । ਉਹ ਆਪਣੇ ਮਨ ਦਾ ਸੰਤੁਲਨ ਗੁਆ ਬੈਠੀ ਹੈ । ਨਤੀਜੇ ਵਜੋਂ ਉਸ ਦਾ ਮਨ ਬੇਚੈਨ ਤੇ ਅਸ਼ਾਂਤ ਹੋ ਜਾਂਦਾ ਹੈ । ਇਸ ਦਾ ਜ਼ਿਕਰ ਰਚਨਾ ਵਿਚ ਇਉਂ ਹੋਇਆ ਹੈ :—

"ਹਾ ਹਾ ! ਕੀ ਹੈ ਹਾਲ ਪਯਾਰੀ ਰਾਜ ਦਾ ?
ਸੁੱਤੀ, ਮੁਈ ਕਿ ਹੋਸ਼ ਨੱਸੀ ਇਸ ਤੋਂ ?
ਹਾਇ ਪਿਆਰੀ ਰਾਜ ! ਪੈਰੀਂ ਆਪਣੇ
ਆਪ ਕੁਹਾੜੇ ਮਾਰ, ਮਰਿਓ ਨਿੱਤ ਹੀ ।"

ਇਥੇ ਵੇਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਇਹ ਮਾਨਵੀ-ਭਾਵ ਲੰਬੇ ਵਕਫ਼ੇ ਵਿਚ ਫੈਲਦਾ ਨਹੀਂ, ਸਗੋਂ ਝੱਟ ਦਿੱਬਤਾ ਆਣ ਬਿਰਾਜਦੀ ਹੈ । ਉਸ ਨੂੰ ਆਪਣੀ ਸੋਚ ਦੀ ਸੀਮਾ ਦਾ ਅਹਿਸਾਸ ਹੁੰਦਾ ਹੈ ਜਿਸ ਨੂੰ ਉਹ ਇਉਂ ਪੇਸ਼ ਕਰਦੀ ਹੈ :—

"ਹੈ ਮੇਰਾ ਸਿਰਤਾਜ, ਇਓਂ ਮੈਂ ਜਾਣ ਕੇ
ਦੇਹੀ ਨਾਲ ਪਿਆਰ ਉਸਦੀ ਪਾਲਿਆ ।
ਬੁਲਬੁਲ ਵਾਂਗ ਨਿਹਾਲ ਦੇਹੀ ਪ੍ਰੀਤ ਨੇ
ਦੇਹੀ ਦਾ ਹੀ ਰਾਗ ਨਿੱਤ ਅਲਾਪਿਆ ।
ਲੀਤੀ ਕਦੀ ਨ ਸਾਰ ਅਸਲੀ ਭੇਤ ਦੀ ।
ਉਹ ਸੀ ਪੂਰਨ ਸੰਤ ਗੁਰਮੁਖ ਹੋਇਆ ।
ਉਹ ਦਿੱਬ ਸਰੂਪ ਭਗਤੀ ਰੱਤਿਆ ।
ਉਹ ਸੀ ਪੂਰਨ ਆਪ ਪੂਰਨ ਹੋਇਆ
ਉਸਨੂੰ ਸਾਰੀ ਸਾਰ ਅੰਦਰ ਬਾਹਰ ਦੀ
ਮੂਰਤ ਸ਼ੀਸ਼ੇ ਵਾਂਗ ਸਦਾ ਪ੍ਰਕਾਸ਼ ਦੀ ।"

ਇਥੇ ਰਾਣੀ ਰਾਜ ਕੌਰ ਨੂੰ 'ਬ੍ਰਹਮ-ਗਿਆਨੀ' ਦੀ ਅਵੱਸਥਾ 'ਤੇ ਪੁੱਜੀ ਦਿਖਾਇਆ ਗਿਆ ਹੈ । ਦੂਸਰੇ ਸ਼ਬਦਾਂ ਵਿਚ ਕਵੀ ਨੇ ਬਾਣੀ-ਕਾਵਿ ਨਾਲ ਸੰਬੰਧਤ 'ਬ੍ਰਹਮ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਗਿਆਨੀ' ਦੇ ਸੰਕਲਪ ਨੂੰ ਸਮੂਰਤ ਬਿੰਬ ਰਾਹੀਂ ਸਾਕਾਰ ਕਰਨ ਦਾ ਯਤਨ ਕੀਤਾ ਹੈ। ਨਾਲ ਹੀ ਨਾਮ, ਸੱਚ, ਮਾਇਆ, ਬ੍ਰਹਮ, ਬ੍ਰਹਮ-ਗਿਆਨੀ ਆਦਿ ਪਰਿਭਾਸ਼ਕ ਸ਼ਬਦਾਂ ਦੀ ਉਸ ਨੇ ਥਾਂ ਥਾਂ ਕਾਵਿ-ਵਿਆਖਿਆ ਵੀ ਕੀਤੀ ਹੈ। ਜਿਵੇਂ :—

"ਆਤਮ ਅਮਰ ਸਦੀਵ-ਆਤਮ ਨ ਮਰੇ,
ਪ੍ਰੇਮ ਸੁ ਆਤਮ ਸੰਗ ਉਹ ਬੀ ਜੀਂਵਦਾ,
ਰਹੇ ਆਤਮ ਨਾਲ ਮਰਦਾ ਨਾ ਕਦੀ
ਸਮਾਂ ਜੁ ਕਰੇ ਇਲਾਜ ਕਾਰੀ ਨ ਪਵੇ।"

ਇਸੇ ਤਰ੍ਹਾਂ 'ਉਡਾਰੀ' ਵਾਲੇ ਕਾਂਡ ਦੇ ਅੰਤਰਗਤ 'ਜਪੁਜੀ ਸਾਹਿਬ' 'ਚ ਆਏ ਚਾਰੋ ਖੰਡਾਂ (ਧਰਮ ਖੰਡ, ਗਿਆਨ ਖੰਡ, ਕਰਮ ਖੰਡ ਤੇ ਸਰਮ ਖੰਡ) ਅਤੇ 'ਸਚਖੰਡ' ਦੀ ਵਿਆਖਿਆ ਵੀ ਹੋਈ ਹੈ। ਜਿਥੋਂ ਤੱਕ ਇਸ ਕਾਵਿ-ਵਿਆਖਿਆ ਦੀ 'ਪ੍ਰਮਾਣਿਕਤਾ' ਦਾ ਸੰਬੰਧ ਹੈ, ਉਹ ਇਕ ਖ਼ਾਸਾ ਗੰਭੀਰ ਤੇ ਵਿਚਾਰਣਯੋਗ ਮਸਲਾ ਹੈ। ਇਸ ਸੰਬੰਧੀ ਕੋਈ ਦੋ ਰਾਵਾਂ ਨਹੀਂ ਕਿ ਵੀਰ ਸਿੰਘ-ਕਾਵਿ ਬੁਨਿਆਦੀ ਤੌਰ 'ਤੇ ਗੁਰਬਾਣੀ ਤੇ 'ਗੁਰਮਤਿ' ਦੀ ਕਾਵਿ-ਵਿਆਖਿਆ ਵੱਲ ਰੁਚਿਤ ਹੈ, ਪਰ ਯਾਦ ਰਹੇ ਕਿ ਇਹ ਵਿਆਖਿਆ ਕਿਸੇ ਕਾਵਿ-ਸ਼ਾਸਤਰੀ ਜਾਂ ਧਰਮ-ਸ਼ਾਸਤਰੀ ਸਿੱਧਾਂਤ ਉਪਰ ਅਧਾਰਤ ਨਹੀਂ, ਸਗੋਂ ਨਿਰੋਲ ਅਨੁਭਵ ਉਪਰ ਅਧਾਰਤ ਹੈ। ਆਪਣੀ ਕਾਵਿ-ਵਿਆਖਿਆ ਰਾਹੀਂ ਗੁਰਬਾਣੀ ਦੀ ਵਿਆਕਰਣ ਉਸਾਰਣ ਵਿਚ ਵੀ ਉਸ ਦੀ ਕੋਈ ਰੁਚੀ ਨਹੀਂ। ਉਹ ਤਾਂ ਨਿਰੋਲ ਭਾਵਨਾ ਦੀ ਪੱਧਰ 'ਤੇ, ਬੜੇ ਆਦਰ ਨਾਲ ਸਮੁੱਚੀ ਰਚਨਾ ਵਿਚ ਸ਼ਾਮਲ ਹੈ। ਇਕ ਕਾਵਿ-ਰਸੀਏ ਦੀ ਤਰ੍ਹਾਂ ਭਾਵਨਾ ਦੀ ਪੱਧਰ 'ਤੇ ਗੁਰਬਾਣੀ ਨਾਲ ਜੁੜੇ ਹੋਣ ਕਰਕੇ ਉਸ ਦੀ ਸੋਚ ਉਪਰ ਮਿਥਕ-ਸੰਕਲਪਨਾ ਹਾਵੀ ਹੋ ਜਾਂਦੀ ਹੈ। ਇਹੀ ਵਜ੍ਹਾ ਹੈ ਕਿ ਉਹ ਗੁਰਬਾਣੀ ਸੰਦੇਸ਼ ਨੂੰ ਵੱਖ ਵੱਖ ਮਿਥਕ-ਵਿਧੀਆਂ ਰਾਹੀਂ ਸਾਡੇ ਤੱਕ ਪੁਚਾਉਂਦਾ ਨਜ਼ਰ ਆਉਂਦਾ ਹੈ। ਇਹ ਗੁਰਬਾਣੀ ਦੇ ਮਿਥਕ-ਸੰਸਾਰ ਦੇ ਸਮਾਨੰਤਰ ਇਕ ਹੋਰ ਮਿਥ-ਸੰਸਾਰ ਸਿਰਜਣ ਵਾਲੀ ਗੱਲ ਹੋ ਨਿਬੜਦੀ ਹੈ। ਵੀਰ ਸਿੰਘ ਕਾਵਿ ਦੇ ਅਲੋਚਕਾਂ ਨੇ ਅੱਗੇ ਚਲ ਕੇ ਇਸ ਨਾਲ ਇਕ ਹੋਰ ਮਿਥ ਜੋੜ ਦਿੱਤੀ। ਉਹ ਹੈ 'ਪ੍ਰਮਾਣਿਕਤਾ ਦੀ ਮਿਥ'!

ਵਿਸ਼ਵਾਸ (Faith) ਜਾਂ 'ਸਮੂਹਕ ਵਿਸ਼ਵਾਸ' ਦੈਵੀ-ਮਿਥ ਦੀ ਲਾਜ਼ਮੀ ਤੇ ਬੁਨਿਆਦੀ ਸ਼ਰਤ ਹੈ। ਕੇਵਲ ਦੈਵੀ-ਮਿਥਾਂ ਦੀ ਹੀ ਨਹੀਂ, ਸਗੋਂ ਖੇਤਰੀ, ਰਾਸ਼ਟਰੀ ਤੇ ਅੰਰਰ-ਰਾਸ਼ਟਰੀ ਹਰ ਪ੍ਰਕਾਰ ਦੀਆਂ ਮਿਥਾਂ ਲਈ ਇਹ ਬਹੁਤ ਜ਼ਰੂਰੀ ਹੈ। ਇਸ ਤੱਤ ਦੀ ਅਣਹੋਂਦ ਵਿਚ 'ਮਿਥ', ਮਿਥ ਨਾ ਰਹਿ ਕੇ ਕੋਈ ਕਥਾ, ਕਹਾਣੀ ਜਾਂ ਬਾਤ ਮਾਤਰ ਬਣ ਕੇ ਰਹਿ ਜਾਂਦੀ ਹੈ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਭਾਈ ਵੀਰ ਸਿੰਘ ਆਪਣੇ ਕਾਵਿ ਵਿਚ 'ਨਿਸ਼ਠਾ' ਜਾਂ 'ਵਿਸ਼ਵਾਸ' ਦੀ ਮਿਥ ਸਿਰਜਣ ਵੱਲ ਰੁਚਿਤ ਹੈ। ਮੇਰਾ ਇਸ ਵਿਚਾਰ ਨਾਲ ਮਤਭੇਦ ਹੈ। ਨਿਸ਼ਠਾ ਜਾਂ ਵਿਸ਼ਵਾਸ ਤਾਂ ਆਪ ਤੱਤਰੂਪ ਹਨ—ਮਿਥ-ਰਚਨਾ ਦੇ ਬੁਨਿਆਦੀ ਤੇ ਮਹੱਤਵਪੂਰਣ ਤੱਤ। 'ਤੱਤ' ਨੂੰ 'ਸਮੁੱਚ' ਮੰਨਕੇ ਤੁਰਨ ਵਾਲੀ ਇਹ ਸੋਚ-ਵਿਧੀ ਵੀਰ ਸਿੰਘ ਕਾਵਿ ਨਾਲ ਠੀਕ ਨਿਆਂ ਨਹੀਂ ਕਰਦੀ। ਭਾਈ ਵੀਰ ਸਿੰਘ ਆਪਣੇ ਕਾਵਿ ਵਿਚ ਬੁਨਿਆਦੀ ਤੌਰ 'ਤੇ ਕੁਝ ਦੈਵੀ-ਮਿਥਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਿਰਜਣਾ ਵੱਲ ਰੁਚਿਤ ਹੈ। 'ਕੁਦਰਤ ਦੇਵੀ' ਅਤੇ 'ਸੁਤੰਤਰਤਾ ਦੀ ਦੇਵੀ' ਆਦਿ ਮਿਥਾਂ ਦੇ ਪਿਛੋਕੜ ਵਿਚ ਉਸ ਦੀ ਦੈਵੀ ਤੇ ਮਿਥਕ-ਸੰਕਲਪਨਾ ਹੀ ਕਾਰਜਸ਼ੀਲ ਨਜ਼ਰ ਆਉਂਦੀ ਹੈ। ਸਮੁੱਚ ਵਿਚ ਸੋਚਣ (Thinking in whole) ਵਾਲੀ ਸੋਚ-ਵਿਧੀ ਦਾ ਹੀ ਦੂਸਰਾ ਨਾਂ 'ਮਿਥ' ਹੈ। ਵਿਗਿਆਨ ਜਿਥੇ ਅੰਸ਼ਾਂ ਵਿਚ ਸੋਚਣ ਵਾਲੀ ਵਿਧੀ ਹੈ, ਉਥੇ ਮਿਥ ਦਾ ਸੰਬੰਧ ਹਮੇਸ਼ਾਂ ਸਮੁੱਚ (Totality) ਨਾਲ ਰਿਹਾ ਹੈ। ਦਿਸਦੇ ਪ੍ਰਕਿਰਤਕ ਵਰਤਾਰੇ ਨੂੰ ਦੈਵੀ-ਅਨੰਤਤਾ ਵਿਚ ਰੂਪਾਂਤਰਿਤ ਕਰਨ ਨਾਲ ਹੀ ਭਾਈ ਵੀਰ ਸਿੰਘ ਇਨ੍ਹਾਂ ਦੈਵੀ ਮਿਥਾਂ ਦੀ ਸਿਰਜਣਾ ਕਰ ਸਕਿਆ ਹੈ। ਅਸਲ ਵਿਚ ਇਹੋ ਮਿਥਕ-ਰੂਪ ਵਿਧੀ ਹੀ ਵੀਰ ਸਿੰਘ-ਕਾਵਿ ਦੇ ਆਰ-ਪਾਰ ਫੈਲੀ ਨਜ਼ਰ ਆਉਂਦੀ ਹੈ।

ਰਾਣੀ ਰਾਜ ਕੌਰ ਦੇ ਵਿਰਲਾਪ ਦੀ ਯਥਾਰਥਕ-ਸਥਿਤੀ ਇਸ ਰਚਨਾ (ਰਾਣਾ ਸੂਰਤ ਸਿੰਘ) ਵਿਚ ਬੜੀ ਛਿਣ ਭੰਗਰੀ ਹੈ। ਉਸ ਦੀ 'ਕਲਪਨਾ' (ਆਤਮਕ ਉਡਾਰੀ) ਨਾਲ ਇਸ ਸਥਿਤੀ ਵਿਚ ਇਉਂ ਭੰਜਨ (Rupture) ਹੁੰਦਾ ਹੈ :—

"ਮੈਂ ਜਾਤਾ ਛੱਡ ਦੇਹ ਨਿਕਲੀ ਬਾਰ੍ਹ ਹਾਂ—
ਨਿਕਲ ਚਲੀ ਹਾਂ ਉੱਡ ਉਪਰ ਵਾਰ ਨੂੰ
ਜਿੱਕਰ ਉਡਦੀ ਜਾਇ ਗੁੱਡੀ ਅੰਬਰੀ।
ਉਤੋਂ ਤੱਕਾਂ ਹੇਠ ਸਾਰੇ ਦੇਸ਼ ਨੂੰ।
... ... ... ...
ਅੰਤਿ ਅਚਰਜ ਮੈਂ ਹੋਇ ਦੇਖਾਂ ਆਪ ਨੂੰ :
ਇਹ ਕੀ ਵਰਤਯਾ ਖੇਲ ? ਕਿੱਥੇ ਆ ਗਈ ?
ਦੇਹੀ ਪਈ ਬੇਹੋਸ਼। ਮੈਂ ਹਾਂ ਜਾਗਦੀ।
ਹੌਲੀ ਫੁੱਲੋਂ ਵੱਧ, ਹਲਕੀ ਪੌਣ ਤੋਂ,
ਚਮਕਾਂ ਹੀਰੇ ਵਾਂਙ, ਨਿਰਮਲ ਹੋ ਰਹੀ
ਉਡਦੀ ਜਾਵਾਂ ਆਪ ਅਪਨੇ ਆਪ ਹੀ।"

ਇਸੇ ਆਤਮਕ ਉਡਾਰੀ ਰਾਹੀਂ ਉਹ ਧਰਮ ਖੰਡ, ਗਿਆਨ ਖੰਡ, ਕਰਮ ਖੰਡ ਤੇ ਸਰਮ ਖੰਡ—ਚਾਰੋ ਖੰਡਾਂ ਦੀ ਯਾਤਰਾ ਤਹਿ ਕਰਦੀ ਹੋਈ ਸਚਖੰਡ ਵਾਸੀ ਨਾਮ-ਰੂਪ ਹੋਏ ਆਪਣੇ ਪਤੀ (ਰਾਣਾ ਸੂਰਤ ਸਿੰਘ) ਦੇ ਦਰਸ਼ਨ ਕਰਕੇ ਨਿਹਾਲ ਹੋ ਜਾਂਦੀ ਹੈ ਜਿਸ ਦਾ ਜ਼ਿਕਰ ਉਹ ਇਉਂ ਕਰਦੀ ਹੈ :—

"ਨਾਮੀ ਨਾਲ ਅਭੇਦ—ਨਾਮੀ ਹੋਇਆ,
ਉਥੇ ਸ਼ਰਨ ਮਝਾਰ ਸੁੰਦਰ ਨਾਮ ਓ।
ਆਪਣੇ ਨਾਮੀ ਨਾਲ ਰਿਹਾ ਸਮਾਇ ਹੈ।
ਦੇਵੀ ਮੂਰਤਿ, ਸੰਤ, ਗੁਰਮੁਖ ਸੋਹਿਣਾ,
ਰਾਜ ਯੋਗ ਪਰਬੀਨ, ਸਹਜੇ ਰੱਤਿਆ,
ਸੂਰਤ ਸਿੰਘ ਸੁਜਾਨ, ਪਰਉਪਕਾਰੀਆ
ਨਿੰਨ ਭਗਤ, ਜਗਤਾਰ ਪ੍ਰੀਤਮ ਸੱਭ ਦਾ।"

ਨਾਮ ਵਿਚ ਪੂਰੀ ਤਰ੍ਹਾਂ ਅਭੇਦ ਤੇ ਰੱਬ-ਰੂਪ ਹੋਏ ਪਤੀ ਦੇ ਦਰਸ਼ਨ ਕਰਕੇ ਰਾਣੀ ਰਾਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਨੂੰ 'ਰਾਜਜੋਗ' ਤੇ 'ਸਹਜ ਜੋਗ' ਦੋਵੇਂ ਪ੍ਰਾਪਤ ਹੋ ਜਾਂਦੇ ਹਨ। ਉਸ ਦੀ ਸ਼ਖ਼ਸੀਅਤ ਵਿਚ ਇਕ ਜ਼ਬਰਦਸਤ 'ਰੂਪਾਂਤਰਣ' (Transformation) ਵਾਪਰਦਾ ਹੈ। ਉਹ ਰਾਜ ਜੋਗ ਤੇ ਸਹਜ ਜੋਗ ਦੇ ਪਰਬੀਨ ਹੋ ਨਿਬੜਦੀ ਹੈ। ਗੁਰਮੁਖ ਪਦਵੀ ਹਾਸਲ ਕਰਨ ਮਗਰੋਂ ਉਹ ਗੁਰਮਤਿ ਦੇ ਆਸ਼ੇ ਅਨੁਸਾਰ ਤੇ ਪੂਰੀ ਲਗਨ ਨਾਲ ਰਾਜ ਦਾ ਕੰਮ ਸੰਭਾਲਣ ਯੋਗ ਹੋ ਜਾਂਦੀ ਹੈ। ਇਉਂ ਇਹ ਰਚਨਾ 'ਕਲਪਨਾ' ਦੇ ਮਾਧਿਅਮ ਰਾਹੀਂ 'ਯਥਾਰਥ' ਤੋਂ 'ਪ੍ਰਤੀਕ' (ਨਾਮ) ਤੱਕ ਦੀ ਯਾਤਰਾ ਤਹਿ ਕਰਦੀ ਪ੍ਰਤੀਤ ਹੁੰਦੀ ਹੈ। ਦੂਜੇ ਸ਼ਬਦਾਂ ਵਿਚ, ਇਹ 'ਯਥਾਰਥ' ਨੂੰ 'ਅਨੰਤਤਾ' ਜਾਂ 'ਨਾਮ' ਵਿਚ ਰੂਪਾਂਤਰਿਤ ਕਰਨ ਨਾਲ ਹੀ ਤਹਿ ਹੁੰਦੀ ਹੈ। ਇਹ ਅਨੰਤਤਾ ਜਾਂ ਨਾਮ, ਸਧਾਰਣ ਦੇਸ਼-ਕਾਲ ਦੀਆਂ ਸੀਮਾਵਾਂ ਤੋਂ ਮੁਕਤ ਹੈ। ਇਸੇ ਕਰਕੇ ਰਚਨਾ ਦਾ ਬਿਰਤਾਂਤ ਵਕਫ਼ੇ ਵਿਚ ਫੈਲਣ ਦੀ ਥਾਂ ਸੁੰਗੜ ਕੇ ਰਹਿ ਜਾਂਦਾ ਹੈ। ਇਸ ਸਥਿਤੀ ਦੇ ਹੋਰ ਵੀ ਕਈ ਜ਼ਿੰਮੇਵਾਰ ਕਾਰਨ ਹਨ, ਜਿਵੇਂ ਰਾਣੀ ਰਾਜ ਕੌਰ ਦਾ ਰਾਣਾ ਸੂਰਤ ਸਿੰਘ ਨਾਲ ਸੰਬੰਧ ਮਾਨਵੀ ਘੱਟ ਤੇ ਦੈਵੀ ਵਧੇਰੇ ਹੈ। ਰਚਨਾ ਵਿਚ ਪੇਸ਼ ਸਥਾਨ, ਸਥਿਤੀਆਂ-ਪਰਸਥਿਤੀਆਂ, ਆਕਾਸ਼ ਉਡਾਰੀ, ਪਰੀ-ਮਹਿਲ ਯਾਤਰਾ, ਚਾਰ ਖੰਡਾਂ ਦੀ ਯਾਤਰਾ, ਸਤਿਸੰਗ ਦਰਬਾਰ, ਆਦਿ ਸਭ ਕੁਝ ਸਧਾਰਣ ਮਾਨਵੀ ਦੇਸ਼-ਕਾਲ ਨਾਲੋਂ ਟੁੱਟਿਆ ਤੇ ਕੱਟਿਆ ਹੋਇਆ ਹੈ। ਇਸ ਦੇ ਬਾਵਜੂਦ ਇਹ ਕਿਰਤ ਇਸ ਸੰਸਾਰ-ਪ੍ਰਤੀ 'ਨਿਸ਼ਠਾ' ਤੇ 'ਵਿਸ਼ਵਾਸ' ਉਪਜਾਉਣ ਦੀ ਸਮਰੱਥਾ ਰਖਦੀ ਹੈ। ਇਸੇ ਲਈ ਅਸੀਂ ਇਸ ਨੂੰ ਮਿਥਕਤਾ ਨਾਲ ਜੋੜਿਆ ਹੈ।

ਇਸ ਕਾਵਿ ਨਾਲ ਸੰਬੰਧਤ ਇਕ ਹੋਰ ਬੜਾ ਦਿਲਚਸਪ ਨੁਕਤਾ ਏਥੇ ਚਰਚਾ ਦੀ ਮੰਗ ਕਰਦਾ ਹੈ। ਉਹ ਹੈ ਇਸ ਕਾਵਿ ਵਿਚ ਕਾਰਜਸ਼ੀਲ 'ਰੂਪ-ਅਰੂਪ' ਦਾ ਤਣਾਉ। ਇਹ ਇਸ ਮਿਥਕ-ਸੰਵੇਦਨਾ ਦਾ ਹੀ ਕਰਿਸ਼ਮਾ ਹੈ ਕਿ ਇਥੇ ਰੂਪ-ਅਰੂਪ ਵਿਚਲਾ ਤਣਾਉ ਬੜੇ ਪ੍ਰਚੰਡ ਰੂਪ ਵਿਚ ਪੇਸ਼ ਹੋਇਆ ਹੈ :—

(ੳ) ''ਹਾਏ; ਦਾਤਾ ਦਿੱਸਿਆ ਨਾ
ਸਵਾਦ ਜਿਨ੍ਹੇ ਦਿੱਤਾ ਐਸਾ,
ਦੇਂਦਾ ਰੱਬ-ਦਾਨ ਦਾਤਾ
ਆਪਾ ਕਿਉਂ ਲੁਕਾ ਗਿਆ ?

(ਅ) ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ।
ਨਿਰਾ ਨੂਰ ਤੁਸੀਂ ਹਥ ਨ ਆਏ
ਸਾਡੀ ਕੰਬਦੀ ਰਹੀ ਕਲਾਈ
ਧਾ ਚਰਨਾਂ ਤੇ ਸੀਸ ਨਿਵਾਯਾ
ਸਾਡੇ ਮੱਥੇ ਛੋਹ ਨ ਪਾਈ
ਤੁਸੀਂ ਉਚੇ ਅਸੀਂ ਨੀਵੇਂ ਸਾਂ
ਸਾਡੀ ਪੇਸ਼ ਨ ਗਈਆ ਕਾਈ
ਫਿਰ ਲੜ ਫੜਨੇ ਨੂੰ ਉਠ ਦੌੜੇ

8591

ਪੁਸਤਕਾਲਯ ਗੁਰੁਕੁਲ ਕਾਂਗੜੀ ਵਿਸ਼ਵਵਿਦਿਆਲਯ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪਰ ਲੜ ਓ ਬਿਜਲੀ ਲਹਿਰਾ
... ... ... ...
ਬਿਜਲੀ ਕੂੰਦ ਗਈ ਥਰਰਾਂਦੀ
ਹੁਣ ਚਕਾ-ਚੂੰਧ ਹੈ ਛਾਈ ।

(ੲ) ਅਰੂਪ ਦੇ ਦੀਦਾਰ ਦੀ ਤੜਫਨ
ਤੋਂ ਬਣੀਆਂ ਅੱਖੀਆਂ
ਪਰ ਰੂਪ ਦੇ ਕਰ ਸਾਹਮਣੇ ਰੁਖੁ
ਬਾਹਰ ਦਾ ਦੋ ਅੱਖੀਆਂ
... ... ... ...
ਮਿਟਦੀ ਨਾ ਤਾਂਘ ਅਰੂਪ ਦੀ
ਪਲ ਰੂਪ ਤੇ, ਫਿਰ ਭੁਖੀਆਂ ।

ਰੂਪ-ਅਰੂਪ ਦੇ ਅਜਿਹੇ ਤਣਾਉ ਨੂੰ ਪ੍ਰਚੰਡ ਰੂਪ ਵਿਚ ਪੇਸ਼ ਕਰਨ ਵਾਲੀਆਂ ਹੋਰ ਕਈ ਕਾਵਿ-ਪੰਗਤੀਆਂ ਵੀਰ ਸਿੰਘ-ਕਾਵਿ 'ਚੋਂ ਸਹਿਜੇ ਹੀ ਪੇਸ਼ ਕੀਤੀਆਂ ਜਾ ਸਕਦੀਆਂ ਹਨ । ਬਾਣੀ-ਕਾਵਿ ਵਿਚ ਰੱਬ ਦਾ ਜੋ ਸਰੂਪ ਪੇਸ਼ ਹੋਇਆ ਹੈ, ਵੀਰ ਸਿੰਘ-ਕਾਵਿ ਉਸੇ ਦੀ ਕਾਵਿ-ਵਿਆਖਿਆ ਵੱਲ ਰੁਚਿਤ ਹੈ । ਗੁਰਮਤਿ ਦੀ ਨਿਰਗੁਣ ਧਾਰਾ ਦਾ ਭਾਈ ਵੀਰ ਸਿੰਘ ਉੱਤੇ ਨਿਗਰ ਪ੍ਰਭਾਵ ਹੈ । ਏਸੇ ਕਰਕੇ ਉਸ ਦੀਆਂ ਬਹੁਤੀਆਂ ਕਵਿਤਾਵਾਂ 'ਰੂਪ' ਦੀ ਛੁਹ ਤੋਂ 'ਅਰੂਪ' ਦੇ ਅਹਿਸਾਸ ਤੱਕ ਦੀ ਯਾਤਰਾ ਕਰਦੀਆਂ ਨਜ਼ਰ ਆਉਂਦੀਆਂ ਹਨ ।

ਹੁਣ ਪ੍ਰਸ਼ਨ ਉਠਦਾ ਹੈ ਕਿ ਵੀਰ ਸਿੰਘ-ਕਾਵਿ ਵਿਚ ਮਿਥਕਤਾ ਦੀ ਆਪਣੀ ਵਿਸ਼ੇਸ਼ ਭੂਮਿਕਾ ਕੀ ਹੈ ? ਇਹ ਇਸ ਕਾਵਿ ਨਾਲ ਸੰਬੰਧਤ ਇਕ ਬੜਾ ਹੀ ਅਹਿਮ ਪ੍ਰਸ਼ਨ ਹੈ । ਇਸ ਪ੍ਰਸ਼ਨ ਦਾ ਇਕ ਸਰਲ ਜਿਹਾ ਉੱਤਰ ਇਹ ਹੋ ਸਕਦਾ ਹੈ ਕਿ ਇਹ ਮਿਥਕਤਾ, ਵੀਰ ਸਿੰਘ-ਕਾਵਿ ਨੂੰ ਸਿੱਧੇ ਤੇ ਅਸਿੱਧੇ ਰੂਪਾਂ ਵਿਚ ਬਾਣੀ-ਪਰੰਪਰਾ ਨਾਲ ਜੋੜਦੀ ਹੈ । ਪਰ ਨਾਲ ਹੀ ਇਸ ਕਾਵਿ ਨੂੰ ਇਕ ਨਿਸ਼ਚਤ ਦਾਇਰੇ ਨਾਲ ਸੀਮਿਤ ਵੀ ਕਰਦੀ ਨਜ਼ਰ ਆਉਂਦੀ ਹੈ । ਇਸੇ ਮਿਥਕਤਾ ਕਾਰਣ ਵੀਰ ਸਿੰਘ ਕਾਵਿ ਇਕ ਨੁਕਤੇ ਉਪਰ ਆ ਕੇ ਠਹਿਰ ਜਾਂਦਾ ਹੈ । ਅੱਗੋਂ ਵਿਕਾਸ ਦੀ ਨਾ ਤਾਂ ਇਸ ਕਾਵਿ ਨੂੰ ਕੋਈ ਤਵੱਕੋ ਹੈ ਅਤੇ ਨਾ ਹੀ ਇਹ ਕਾਵਿ ਨਵੇਂ ਅਰਥ-ਉਤਪਾਦਨ ਵੱਲ ਰੁਚਿਤ ਹੈ । ਨਤੀਜਾ ਇਹ ਨਿਕਲਦਾ ਹੈ : ਪ੍ਰਕਿਰਤੀ ਤੇ ਸੰਸਕ੍ਰਿਤੀ ਨੂੰ ਦੈਵੀ ਸੋਮਿਆਂ ਮਾਲ ਜੋੜਣ ਵਾਲਾ ਇਹ ਕਾਵਿ ਬੰਦ-ਅੰਤ (close end) ਵਾਲੀ ਸਿਰਜਣਾ ਹੋ ਕੇ ਰਹਿ ਜਾਂਦਾ ਹੈ । ਅਰਥ-ਉਤਪਾਦਨ ਦੀਆਂ ਨਵੀਆਂ ਸੰਭਾਵਨਾਵਾਂ ਦੀ ਇਸ ਕਾਵਿ ਪਾਸੋਂ ਆਸ ਨਹੀਂ ਰਖੀ ਜਾ ਸਕਦੀ । ਜਦੋਂ ਕਿ ਕੁਝ ਇਕ ਅਪਵਾਦਾਂ ਨੂੰ ਛੱਡ ਕੇ, ਬਾਣੀ-ਕਾਵਿ ਵਿਚ ਇਹ ਸੰਭਾਵਨਾਵਾਂ ਮੌਜੂਦ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਧਨੀ ਰਾਮ ਚਾਤ੍ਰਿਕ ਦਾ ਕਾਵਿ-ਪੈਰਾਡਾਇਮ

"ਮੈਂ ਪੈਦਾ ਹੋਇਆ ਇਸ ਦੁਨੀਆਂ ਵਿਚ,
ਚਾਰ ਦਿਹਾੜੇ ਜੀਉਣ ਲਈ।
ਭਲਿਆਂ ਲੋਕਾਂ ਵਿਚ ਬਹਿਣ ਲਈ,
ਇਨਸਾਨ ਬਣਨ ਤੇ ਨੀਉਣ ਲਈ।
ਕੁਝ ਰੋਟੀ ਦਾ ਉਪਰਾਲਾ ਸੀ,
ਕੁਝ ਪੜ੍ਹਣ ਲਿਖਣ ਦਾ ਚਸਕਾ ਸੀ।
ਕਵਿਤਾ ਕਰਦਾ ਸਾਂ ਦੇਸ ਲਈ,
ਯਾ ਪਾਟੇ ਸੀਨੇ ਸੀਉਣ ਲਈ।"

ਇਹ ਸੱਤਰਾਂ ਲਾਲਾ ਧਨੀ ਰਾਮ ਚਾਤ੍ਰਿਕ ਦੇ ਬਹੁ-ਚਰਚਿਤ ਕਾਵਿ-ਸੰਗ੍ਰਹਿ 'ਸੂਫ਼ੀਖ਼ਾਨਾ' ਵਿਚ ਦਰਜ ਨਜ਼ਮ 'ਦਿਲੀ ਵਲਵਲੇ' ਨਾਲ ਸੰਬੰਧ ਰਖਦੀਆਂ ਹਨ। ਕਾਵਿ-ਕੌਸ਼ਲਤਾ ਪੱਖੋਂ ਭਾਵੇਂ ਇਨ੍ਹਾਂ ਸੱਤਰਾਂ ਦੀ ਆਪਣੀ ਕੋਈ ਵਿਸ਼ੇਸ਼ ਅਹਿਮੀਅਤ ਨਾ ਵੀ ਹੋਵੇ। ਪਰ, ਚਾਤ੍ਰਿਕ ਦੇ ਕਾਵਿ-ਪੈਰਾਡਾਇਮ ਨੂੰ ਸਮਝਾਉਣ ਵਿਚ ਇਹ ਸੱਤਰਾਂ ਸਾਡੀ ਯੋਗ ਅਗਵਾਈ ਜ਼ਰੂਰ ਕਰਦੀਆਂ ਹਨ। ਮੂਲ ਰੂਪ ਵਿਚ ਇਥੇ, ਕਵੀ ਨੇ ਆਪਣੇ ਜੀਵਨ-ਉਦੇਸ਼ (ਇਨਸਾਨ ਬਣਨ ਦੀ ਲਾਲਸਾ ਅਤੇ ਪੜ੍ਹਣ ਲਿਖਣ ਦੀ ਰੁਚੀ) ਬਾਬਤ ਕੁਝ ਸੰਕੇਤ ਹੀ ਕੀਤੇ ਹਨ। ਇਨ੍ਹਾਂ ਜੀਵਨ-ਉਦੇਸ਼ਾਂ ਦੇ ਨਾਲ ਹੀ ਉਸ ਦਾ ਕਵਿਤਾ-ਰਚਣ ਦਾ ਉਦੇਸ਼ ('ਕਵਿਤਾ ਕਰਦਾ ਸਾਂ ਦੇਸ ਲਈ, ਯਾ ਪਾਟੇ ਸੀਨੇ ਸੀਉਣ ਲਈ') ਵੀ ਸਹਿਜੇ ਹੀ ਪ੍ਰਗਟ ਹੋ ਜਾਂਦਾ ਹੈ। ਸੋ! ਜ਼ਾਹਰ ਹੈ ਕਿ ਸਮੁੱਚਾ ਚਾਤ੍ਰਿਕ-ਕਾਵਿ, ਨਿਸ਼ਚਤ ਉਦੇਸ਼ ਦੀ ਪੂਰਤੀ ਹਿੱਤ ਹੀ ਰਚਿਆ ਗਿਆ। ਇਥੇ ਉਦੇਸ਼ ਦੀ ਪੂਰਤੀ ਨੂੰ ਤਰਜੀਹ ਦਿੱਤੀ ਗਈ ਹੈ। 'ਉਦੇਸ਼', ਪ੍ਰਾਥਮਿਕ ਹੈ ਅਤੇ 'ਕਵਿਤਾ' ਦੂਜੈਲਾ ਕਾਰਜ। ਕਾਵਿ-ਕਾਰਜ ਤਾਂ ਇਥੇ ਕੇਵਲ 'ਮਾਧਿਅਮ' ਮਾਤਰ ਹੈ। ਦੂਜੇ ਸ਼ਬਦਾਂ ਵਿਚ ਕਵਿਤਾ, ਉਦੇਸ਼-ਪੂਰਤੀ ਦਾ ਮਾਧਿਅਮ ਬਣਦੀ ਸਪੱਸ਼ਟ ਨਜ਼ਰ ਆਉਂਦੀ ਹੈ। ਇਉਂ, ਮਾਧਿਅਮ ਤੇ ਉਦੇਸ਼ ਦਾ ਦਵੈਤ, ਸਮੁੱਚੇ ਚਾਤ੍ਰਿਕ-ਕਾਵਿ ਦਾ ਪ੍ਰਮੁੱਖ 'ਕਾਵਿ-ਪੈਰਾਡਾਇਮ' ਹੋ ਨਿਬੜਦਾ ਹੈ। ਕੇਵਲ ਚਾਤ੍ਰਿਕ-ਕਾਵਿ ਦਾ ਹੀ ਨਹੀਂ, ਸਗੋਂ ਵੀਹਵੀਂ ਸਦੀ ਦੇ ਮੁੱਢਲੇ ਦੌਰ ਵਿਚ ਰਚੀ ਗਈ ਬਹੁਤੀ ਕਵਿਤਾ ਦਾ ਕਾਵਿ-ਪੈਰਾਡਾਇਮ ਵੀ ਇਹੋ ਹੈ। ਧਨੀ ਰਾਮ ਚਾਤ੍ਰਿਕ ਦੇ ਕਾਵਿ-ਪੈਰਾਡਾਇਮ ਦੀ ਪਛਾਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਦਾ ਸਾਡਾ ਮੂਲ ਅਧਾਰ, ਕੇਵਲ ਉਸ ਦਾ ਇਹ ਸ੍ਵੈ ਕਾਵਿ-ਕਥਨ ਹੀ ਨਹੀਂ, ਸਗੋਂ ਉਸ ਦਾ ਸਮੁੱਚਾ ਕਾਵਿ ਵੀ ਹੈ। ਚਾਤ੍ਰਿਕ ਆਪਣੀ ਇਸ ਕਾਵਿ-ਕਥਨੀ ਨੂੰ ਕਰਨੀ ਵਿਚ ਉਤਾਰਨ ਦੇ ਸੁਚੇਤ ਯਤਨ ਵੀ ਕਰਦਾ ਹੈ। 'ਪਾਟੇ ਸੀਨੇ ਸੀਉਣ ਲਈ' ਕਾਵਿ-ਕਥਨ ਵਿੱਚੋਂ ਸਾਨੂੰ ਉਸ ਵੇਲੇ ਦੀ ਸੰਕਟਮਈ ਤੇ ਤਣਾਉਸ਼ੀਲ ਸਥਿਤੀ ਦੀ ਸੂਚਨਾ ਮਿਲਦੀ ਹੈ। ਇਸ ਸਥਿਤੀ ਦੇ ਸੁਲਝਾਉ ਲਈ ਕਵੀ ਵਿਚੋਲੇ (mediator) ਦੀ ਭੂਮਿਕਾ ਨਿਭਾਉਣ ਲਈ ਯਤਨਸ਼ੀਲ ਹੈ। ਕਵਿਤਾ ਉਸ ਦਾ ਬੁਨਿਆਦੀ ਸੰਦ ਵੀ ਹੈ ਤੇ ਮਾਧਿਅਮ ਵੀ। ਇਸ ਕਾਰਜ ਲਈ ਚਾਤ੍ਰਿਕ, ਆਪਣੀ ਕਵਿਤਾ ਵਿਚ ਦੇਸ਼ ਦੇ ਮਿਥਿਹਾਸਕ-ਇਤਿਹਾਸਕ ਵਿਰਸੇ, ਲੋਕ-ਬਿਰਤਾਂਤਾਂ, ਇਤਿਹਾਸਕ-ਰੁਮਾਂਸ, ਪੰਜਾਬੀ ਸਭਿਆਚਾਰ, ਸਿੱਖ-ਇਤਿਹਾਸ, ਦੇਸ਼-ਭਗਤੀ, ਪੰਜਾਬ ਦੇ ਗੌਰਵ ਦੀ ਗਾਥਾ ਆਦਿ ਨਾਲ ਸੰਬੰਧਤ ਉਨ੍ਹਾਂ ਅਨੇਕਾਂ ਜਾਣੇ-ਪਛਾਣੇ ਸਿਨਟਾਇਮ ਪਾਸਾਰਾਂ ਨੂੰ ਪੇਸ਼ ਕਰਦਾ ਚਲਿਆ ਜਾਂਦਾ ਹੈ, ਜੋ ਪੰਜਾਬ ਦੀ ਸਮੂਹਕ-ਸੰਵੇਦਨਾ ਨੂੰ ਟੁੰਬਣ ਦੀ ਸਮਰੱਥਾ ਰਖਦੇ ਹਨ। ਇਹੀ ਵਜ੍ਹਾ ਹੈ ਚਾਤ੍ਰਿਕ-ਕਾਵਿ ਬਹੁਤਾ ਕਰਕੇ 'ਸਮਰੂਪ' (homogeneous) ਪ੍ਰਕਿਰਤੀ ਵਾਲਾ ਹੀ ਪ੍ਰਤੀਤ ਹੁੰਦਾ ਹੈ। ਸਾਹਿਤ-ਚਿੰਤਕ ਰੋਲਾਂ ਬਾਰਤ ਦੀ ਤਕਨੀਕੀ ਭਾਸ਼ਾ ਵਿਚ ਇਹ ਕਾਵਿ 'ਪਾਠ-ਅਨੰਦ' (pleasure of text) ਸਿਰਜਣ ਦੀ ਸਮਰੱਥਾ ਨਹੀਂ ਰਖਦਾ। ਕਿਉਂਕਿ, ਇਹ ਕਾਵਿ ਆਪਣੇ ਸੁਭਾਉ ਵਿਚ ਸਰਲ ਵੀ ਹੈ ਤੇ ਇਕਹਿਰਾ ਵੀ। ਇਸ ਕਾਵਿ ਦਾ ਬਹੁਤ ਵੱਡਾ ਭਾਗ ਪਾਠਕ ਜਾਂ ਸਰੋਤੇ ਨੂੰ ਸਿੱਧਾ ਸੰਬੋਧਤ ਹੈ। ਲੋਕ-ਚੇਤਨਾ ਨੂੰ ਇਸ ਵਿਚ ਸਹਿਜ ਪ੍ਰਗਟਾਵਾ ਮਿਲਿਆ ਹੈ। ਪਾਠਕ ਮੁੱਖ ਜਾਂ ਸਰੋਤਾ ਮੁੱਖ ਹੋਣਾ, ਚਾਤ੍ਰਿਕ-ਕਾਵਿ ਦਾ ਇਕ ਵਰਣਨਯੋਗ ਲੱਛਣ ਹੋ ਨਿਬੜਦਾ ਹੈ।

ਚਾਤ੍ਰਿਕ-ਕਾਵਿ ਵਿਚ ਪੇਸ਼ ਭਿੰਨ ਭਿੰਨ ਸਿਨਟਾਇਮ ਪਾਸਾਰਾਂ ਸਦਕਾ ਅਸੀਂ ਸਹਿਜੇ ਹੀ ਉਸ ਸਮੇਂ ਦੇ ਕੁਝ ਭੱਖਦੇ-ਸੁਲਘਦੇ ਹੋਏ ਸਿਆਸੀ, ਧਾਰਮਕ ਤੇ ਸਭਿਆਚਾਰਕ ਮਸਲਿਆਂ ਦੇ ਰੂਬਰੂ ਹੋ ਜਾਂਦੇ ਹਾਂ। ਉਸ ਸਮੇਂ ਦੇ ਯਥਾਰਥ ਨਾਲ ਸੰਬੰਧਤ ਇਹ ਬੁਨਿਆਦੀ ਕਿਸਮ ਦੇ ਤੇ ਅਹਿਮ ਮਸਲੇ ਹਨ। ਇਕ ਤਰਫ਼ ਦੇਸ (ਭਾਰਤ) ਅਜ਼ਾਦੀ ਲਈ ਛਟਪਟਾ ਰਿਹਾ ਹੈ ਅਤੇ ਦੂਸਰੀ ਤਰਫ਼ ਫ਼ਿਰਕਾਪ੍ਰਸਤੀ ਕਾਰਨ ਤਣਾਉ ਦਾ ਮਾਹੌਲ ਬਣਿਆ ਹੋਇਆ ਹੈ। ਅੰਗਰੇਜ਼ੀ-ਸੰਸਕ੍ਰਿਤੀ ਦੇ ਪ੍ਰਭਾਵ ਅਧੀਨ ਦੇਸੀ ਕਦਰਾਂ-ਕੀਮਤਾਂ ਖੇਰੂੰ ਖੇਰੂੰ ਹੋ ਰਹੀਆਂ ਹਨ। ਪੰਜਾਬ ਦੇ ਸਾਂਝੇ ਸਭਿਆਚਾਰ ਦੇ ਦਰਪੇਸ਼ ਕੁਝ ਸੰਜੀਦਾ ਕਿਸਮ ਦੀਆਂ ਵੰਗਾਰਾਂ ਹਨ। ਚਾਤ੍ਰਿਤ, ਕਵਿਤਾ ਦੇ ਮਾਧਿਅਮ ਰਾਹੀਂ ਇਨ੍ਹਾਂ ਵੰਗਾਰਾਂ ਦਾ ਪ੍ਰਤੀਉੱਤਰ ਦਿੰਦਾ ਹੈ। ਮਸਲਨ, ਪੰਜਾਬ ਦੇ ਇਕ ਮਹੱਤਵਪੂਰਣ ਫ਼ਿਰਕੇ ਵਲੋਂ ਪੰਜਾਬੀ ਨੂੰ ਆਪਣੀ ਮਾਂ ਬੋਲੀ ਮੰਨਣ ਤੋਂ ਇਨਕਾਰੀ ਹੋਣਾ। ਪੰਜਾਬੀ ਬੋਲੀ ਦਾ ਮਸਲਾ, ਉਸ ਸਮੇਂ ਦਾ ਇਕ ਅਜਿਹਾ ਮਸਲਾ ਸੀ, ਜਿਸ ਨੇ ਪੰਜਾਬ ਦੇ ਅਜੋਕੇ ਸੰਕਟ ਨੂੰ ਜਨਮ ਦਿੱਤਾ। ਪਿੱਛਲੇ ਚੌਹਾਂ ਦਹਾਕਿਆਂ ਦੇ ਦੌਰਾਨ, ਸੁਲੰਘਦਾ ਸੁਲਘਦਾ ਇਹ ਮਸਲਾ ਅੱਜ ਵਿਸਫ਼ੋਟਕ ਰੂਪ ਧਾਰਨ ਕਰ ਗਿਆ ਹੈ। ਪਰ, ਚਾਤ੍ਰਿਕ ਮਾਂ ਬੋਲੀ ਦੀ ਅਹਿਮੀਅਤ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਇਸ ਨੂੰ ਤਿਆਗਣ ਨਾਲ ਨਿਕਲਣ ਵਾਲੇ ਸਿੱਟਿਆਂ ਬਾਰੇ ਵੀ ਉਸ ਨੂੰ ਅਗਾਊਂ ਸੋਝੀ ਸੀ। ਤਾਂ ਹੀ ਉਹ ਇਸ ਤਰ੍ਹਾਂ ਬੋਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਠਦਾ ਹੈ :—

''ਅਸਾਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ ।
ਏਹੋ ਜਿੰਦ ਜਾਨ ਸਾਡੀ
ਮੋਤੀਆਂ ਦੀ ਖਾਨ ਸਾਡੀ,
ਹਥੋਂ ਨਹੀਂ ਗੁਆਉਣੀ, ਬੋਲੀ ਹੈ ਪੰਜਾਬੀ ਸਾਡੀ ।
... ... ... ...''

ਇਥੇ ਹੀ ਬਸ ਨਹੀਂ, ਉਹ ਆਪਣੀਆਂ ਕਵਿਤਾਵਾਂ ਵਿਚ ਪੰਜਾਬੀ ਬੋਲੀ ਦਾ ਪੂਰੀ ਸ਼ਿੱਦਤ ਨਾਲ ਪ੍ਰਚਾਰ ਕਰਦਾ ਵੀ ਨਜ਼ਰ ਆਉਂਦਾ ਹੈ । 'ਤ੍ਰੈ ਮਾਵਾਂ' ਨਜ਼ਮ ਵਿਚ ਕਵੀ ਪੰਜਾਬੀ ਨੂੰ ਆਪਣੀ ਤੀਸਰੀ ਮਾਂ ਕਹਿ ਕੇ ਇਉਂ ਵਡਿਆਉਂਦਾ ਹੈ :—

ਪਹਿਲੀ ਮਾਤਾ ਲਛਮੀ ਦੇਵੀ,
ਜਿਸ ਨੇ ਜਣ ਕੇ ਅਕਲ ਸਿਖਾਈ ।
... ... ... ...
ਦੂਜੀ ਅਮਾਂ ਭਾਰਤ ਮਾਤਾ,
ਜਿਸ ਦੀ ਮਿੱਟੀ ਮੈਨੂੰ ਜਣਿਆ ।
ਉਸ ਦੀ ਭਗਤੀ ਕਰਦਾ ਕਰਦਾ,
ਮੈਂ ਪੰਜਾਬੀ ਸ਼ਾਇਰ ਬਣਿਆ ।
... ... ... ...
ਤੀਜੀ ਮਾਂ ਪੰਜਾਬੀ ਬੋਲੀ,
ਬਚਪਨ ਵਿਚ ਮਾਂ ਪਾਸੋਂ ਸਿਖੀ ।
ਧੋਤੀ, ਮਾਂਜੀ, ਪਹਿਨੀ-ਪਚਰੀ,
ਨਜ਼ਮ ਨਸਰ ਬੋਲੀ ਤੇ ਲਿਖੀ ।
ਮਤਰੇਈਆਂ ਨੂੰ ਪਰੇ ਹਟਾ ਕੇ,
ਪਟਰਾਣੀ ਨੂੰ ਤਖ਼ਤ ਬਹਾਇਆ ।
ਏਹੋ ਜਹੀ ਮਨੋਹਰ ਮਿੱਠੀ,
ਹੋਰ ਕੋਈ ਬੋਲੀ ਨਹੀਂ ਡਿੱਠੀ ।

ਇਥੇ ਚਾਤ੍ਰਿਕ ਨੇ ਪੰਜਾਬੀ ਬੋਲੀ ਪ੍ਰਤੀ ਆਪਣੀ ਅਟੁੱਟ ਸ਼ਰਧਾ ਤੇ ਪਿਆਰ ਜਤਾਇਆ ਹੈ । ਇਸ ਸਭ ਕੁਝ ਦੇ ਪਿਛੋਕੜ ਵਿਚ ਕਵੀ ਦੀ 'ਪਾਟੇ ਸੀਨੇ ਸੀਉਣ' ਵਾਲੀ ਭਾਵਨਾ ਕਾਰਜਸ਼ੀਲ ਨਜ਼ਰ ਆਉਂਦੀ ਹੈ । ਉਹ ਸੁਚੇਤ ਪੱਧਰ 'ਤੇ ਇਕ ਸੋਪਾਨ-ਪ੍ਰਬੰਧ ਦੀ ਸਿਰਜਣਾ ਕਰਦਾ ਹੈ ਜਿਸ ਦੇ ਪਹਿਲੇ ਪੜਾਅ 'ਤੇ ਜਨਨੀ (ਮਾਂ) ਹੈ, ਦੂਸਰੇ ਪੜਾਅ 'ਤੇ ਦੇਸ਼ ਜਾਂ ਧਰਤੀ (ਭਾਰਤ ਮਾਂ) ਹੈ ਅਤੇ ਤੀਸਰੇ ਪੜਾਅ 'ਤੇ ਮਾਂ ਬੋਲੀ ਹੈ, ਜਿਸ ਉਪਰ ਉਹ ਫ਼ਖ਼ਰ ਮਹਿਸੂਸ ਕਰਦਾ ਹੈ । ਨਾਲ ਹੀ ਉਹ ਸਹਿਜ ਰੂਪ ਵਿਚ ਪੰਜਾਬੀ ਨੂੰ ਇਕ ਪ੍ਰਮਾਣਿਕ ਮਾਂ ਬੋਲੀ ਵੀ ਸਾਬਤ ਕਰ ਜਾਂਦਾ ਹੈ । ਪੰਜਾਬੀ, ਪ੍ਰਮਾਣਿਕ ਮਾਂ ਬੋਲੀ ਇਸ ਲਈ ਹੈ ਕਿਉਂਕਿ ਦੂਸਰੀਆਂ ਭਾਸ਼ਾਵਾਂ ਦੀ ਤਰ੍ਹਾਂ ਇਸ ਦਾ ਆਪਣਾ ਕੋਈ ਕਲਾਸੀਕਲ ਸਰੋਤ ਨਹੀਂ ਹੈ । ਹਿੰਦੀ ਨੇ ਸੰਸਕ੍ਰਿਤ ਨੂੰ ਆਪਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਲਾਸੀਕਲ ਸਰੋਤ ਮੰਨ ਲਿਆ ਅਤੇ ਉਰਦੂ ਨੇ ਅਰਬੀ ਤੇ ਫ਼ਾਰਸੀ ਨੂੰ। ਪਰ, ਪੰਜਾਬੀ ਕੋਲ ਅਜਿਹਾ ਕੋਈ ਕਲਾਸੀਕਲ ਸਰੋਤ ਨਹੀਂ। ਇਹ ਮਾਂ ਪਾਸੋਂ ਹੀ ਸਿਖੀ ਜਾਂਦੀ ਹੈ। ਇਸੇ ਕਰਕੇ ਅਸੀਂ ਇਹਨੂੰ ਪ੍ਰਮਾਣਿਕ ਮਾਂ ਬੋਲੀ ਸਵੀਕਾਰ ਕਰਦੇ ਹਾਂ। ਚਾਤ੍ਰਿਕ ਨੇ ਇਥੇ ਇਸ ਪ੍ਰਮਾਣਿਕਤਾ ਨੂੰ ਹੋਰ ਵੀ ਉਭਾਰਨ ਦਾ ਯਤਨ ਕੀਤਾ ਹੈ। ਕੇਵਲ ਪੰਜਾਬੀ ਬੋਲੀ ਨੂੰ ਹੀ ਨਹੀਂ, ਉਹ ਪੰਜਾਬ ਤੇ ਪੰਜਾਬੀਅਤ ਦੇ ਗੌਰਵ ਨੂੰ ਵੀ ਉਭਾਰਨ ਦਾ ਯਤਨ ਕਰਦਾ ਹੈ। ਮੇਲੇ ਵਿਚ ਜੱਟ, ਪੰਜਾਬ, ਵਿਸਾਖੀ ਦਾ ਮੇਲਾ, ਪੰਜਾਬੀ, ਪੰਜਾਬੀ ਦਾ ਸੁਪਨਾ, ਪੰਜਾਬੀ ਮਾਤਾ ਦੀ ਦੁਹਾਈ ਆਦਿ ਨਜ਼ਮਾਂ ਤੇ ਗੀਤ ਇਸ ਪੱਖੋਂ ਵਿਸ਼ੇਸ਼ ਤੌਰ 'ਤੇ ਵਿਚਾਰਣਯੋਗ ਹਨ। ਇਸ ਦੇ ਨਾਲ ਨਾਲ ਉਹ ਆਪਣੇ ਪਰੰਪਰਕ ਇਤਿਹਾਸਕ-ਮਿਥਹਾਸਕ ਵਿਰਸੇ ਨੂੰ ਵੀ ਸਿਮਰਦਾ ਨਹੀਂ ਥੱਕਦਾ :—

ਐਥੇ ਮੇਰਾ ਰਾਮ ਲਛਮਣ ਮੋਰਚੇ ਸੀ ਲਾ ਰਿਹਾ,
ਐਥੇ ਮੇਰਾ ਸ਼ਾਮ ਸੀ ਦੁਸ਼ਟਾਂ ਨੂੰ ਰਾਹੇ ਪਾ ਰਿਹਾ।
ਐਥੇ ਅਰਜਨ ਭੀਮ ਮੇਰੇ ਦਿਗ-ਵਿਜੈ ਸਨ ਕਰ ਰਹੇ,
ਐਸ ਥਾਂ ਸਰਬੰਸ ਦਾਨੀ ਚੁਲੀਆਂ ਸਨ ਭਰ ਰਹੇ।
ਐਥੇ ਮੇਰੀ ਜਾਨਕੀ ਸੀ ਧਰਮ ਦੀ ਨੀਂਹ ਧਰ ਰਹੀ,
ਐਸ ਥਾਂ ਦੁਰਗਾ ਸੀ ਦੈਂਤਾਂ ਦੀ ਸਫ਼ਾਈ ਕਰ ਰਹੀ।
ਐਥੋਂ ਰਿਸ਼ਮਾਂ ਪਾਉਂਦੇ ਸਨ ਵਿਸ਼੍ਵ ਵਿਦਿਆਲੇ ਮਿਰੇ,
ਐਥੋਂ ਮੇਰੇ ਜੋਤਸ਼ੀ ਆਕਾਸ਼ ਸਨ ਮਿਣਦੇ ਰਹੇ।

ਇਉਂ, ਸਹਿਜੇ ਹੀ ਉਹ ਪੰਜਾਬੀ ਸਭਿਆਚਾਰ ਦੀਆਂ ਕਈ ਝਾਕੀਆਂ ਪੇਸ਼ ਕਰ ਜਾਂਦਾ ਹੈ। ਪਰ, ਕਿਧਰੇ ਵੀ ਉਹ ਸਭਿਆਚਾਰ-ਨਿਰਮਾਣ ਦੀ ਪ੍ਰਕਿਰਿਆ ਵਿਚ ਪੈਂਦਾ ਨਜ਼ਰ ਨਹੀਂ ਆਉਂਦਾ। ਉਸ ਦੀ ਰੁਚੀ ਸਭਿਆਚਾਰ-ਸਿਮਰਨ ਵਿਚ ਹੈ, ਸਭਿਆਚਾਰ-ਨਿਰਮਾਣ ਵਿਚ ਨਹੀਂ। ਸਮੇਂ ਦੇ ਨਾਲ ਨਾਲ ਚਾਤ੍ਰਿਕ-ਕਾਵਿ ਦੇ ਵਿਸ਼ੇ ਵੀ ਬਦਲਦੇ ਰਹੇ। ਇਸ ਵਿਚ ਵਿਸ਼ਿਆਂ ਦੀ ਵੰਨ-ਸੁਵੰਨਤਾ ਤਾਂ ਹੈ, ਪਰ ਇਨ੍ਹਾਂ ਨੂੰ ਸੰਕਲਪਿਤ ਕਰਨ ਦੀ ਸਮਰੱਥਾ ਉਸ ਕੋਲ ਨਹੀਂ। ਇਹੀ ਵਜ੍ਹਾ ਹੈ ਕਿ ਚਾਤ੍ਰਿਕ-ਕਾਵਿ ਵਿਚ ਗੱਲ ਅਕਸਰ, ਕਥਨ ਦਾ ਰੂਪ ਧਾਰਦੀ ਨਜ਼ਰ ਆਉਂਦੀ ਹੈ। ਇਸ ਕਾਵਿ ਵਿਚ ਦਿਸਦੇ ਯਥਾਰਥ ਦਾ ਪ੍ਰਤੀਬਿੰਬ ਵਧੇਰੇ ਹੈ। ਯਥਾਰਥ ਨੂੰ ਕਿਸੇ ਦਾਰਸ਼ਨਿਕ ਜਾਂ ਵਿਚਾਰਧਾਰਕ ਪਰਿਪੇਖ ਵਿਚ ਰਖਕੇ ਪੇਸ਼ ਕਰਨ ਦੀ ਰੁਚੀ, ਲੱਗਭਗ ਗਾਇਬ ਹੀ ਹੈ। ਇਸੇ ਕਰਕੇ ਚਾਤ੍ਰਿਕ, ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਆਪਣੇ ਸਮਕਾਲੀ ਕਵੀਆਂ ਤੋਂ ਸਹਿਜੇ ਹੀ ਵੱਖਰਾ ਦਿਸ ਆਉਂਦਾ ਹੈ। ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਦੀ ਤਰ੍ਹਾਂ ਚਾਤ੍ਰਿਕ ਨੇ ਵੀ ਧਾਰਮਕ ਵਿਚਾਰ ਵਾਲੀ ਕਵਿਤਾ ਰਚੀ। ਪਰ, ਇਹ ਕਵਿਤਾ, ਉਨ੍ਹਾਂ ਦੀ ਕਵਿਤਾ ਵਾਂਗ ਕਿਸੇ ਅਧਿਆਤਮਕ ਜਾਂ ਰਹੱਸਵਾਦੀ ਅਨੁਭਵ ਨੂੰ ਪ੍ਰਗਟਾਉਣ ਦਾ ਮਾਧਿਅਮ ਨਹੀਂ ਬਣਦੀ। ਸਗੋਂ, ਧਰਮ ਦੀਆਂ ਪ੍ਰਚਲਤ ਕਦਰਾਂ-ਕੀਮਤਾਂ ਨੂੰ ਲੈ ਕੇ ਇਹ, ਸਦਾਚਾਰਕ ਤੇ ਨੈਤਿਕ ਸਿੱਖਿਆ ਦੇਣ ਦਾ ਸਾਧਨ ਬਣਦੀ ਹੈ। ਦੂਸਰੇ ਸ਼ਬਦਾਂ ਵਿਚ ਇਹ, ਧਰਮ ਨੂੰ ਲੌਕਿਕ ਤੇ ਰਵਾਇਤੀ ਅਰਥਾਂ ਵਿਚ ਪੇਸ਼ ਕਰਨ ਦੀ ਵਿਧੀ ਹੈ। ਇਹੀ ਵਜ੍ਹਾ ਹੈ ਕਿ ਭਾਈ ਵੀਰ ਸਿੰਘ ਤੇ ਪੂਰਨ ਸਿੰਘ-ਕਾਵਿ ਜਿਥੇ ਆਪਣੇ ਸੁਭਾਅ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਿਚ 'ਗਗਨਮੁਖ' (vertical) ਹੈ, ਉਥੇ ਚਾਤ੍ਰਿਕ-ਕਾਵਿ 'ਧਰਤਮੁਖ' (horizental) ਹੋਣ ਦਾ ਲਖ਼ਾਇਕ ਹੈ। ਚਾਤ੍ਰਿਕ-ਕਾਵਿ ਵਿਚ ਪੇਸ਼ ਭਿੰਨ ਭਿੰਨ ਸਿਨਟਾਇਮ-ਪਾਸਾਰਾਂ ਸਦਕਾ ਹੀ ਅਜਿਹਾ ਹੁੰਦਾ ਹੈ। ਕਵੀ ਅਸਮਾਨਾਂ ਦੀ ਗੱਲ ਕਰਨ ਦੀ ਥਾਵੇਂ, ਧਰਤੀ ਨਾਲ ਜੁੜੇ ਮਸਲਿਆਂ ਨਾਲ ਆਪਣਾ ਸੰਬੰਧ ਜੋੜਦਾ ਹੈ :—

"ਮਜ਼ਹਬ ਤੇ ਫ਼ਿਰਕੇਦਾਰੀ ਦੀ,
ਰੰਗਣ ਨੇ ਮੈਨੂੰ ਮੋਹਿਆ ਨਹੀਂ।
ਮੈਂ ਧਰਤੀ ਦਾ ਪੰਖੇਰੂ ਸਾਂ,
ਅਸਮਾਨਾਂ ਤਕ ਨਹੀਂ ਜਾ ਸਕਿਆ।"

ਧਨੀ ਰਾਮ ਚਾਤ੍ਰਿਕ, ਭਾਈ ਵੀਰ ਸਿੰਘ ਹੋਰਾਂ ਦਾ ਕੇਵਲ ਸਮਕਾਲੀ ਹੀ ਨਹੀਂ, ਸਗੋਂ ਨਿਕਟਵਰਤੀ ਵੀ ਸੀ। ਆਪਣੀ ਮੁੱਢਲੀ ਕਵਿਤਾ ਵਿਚ ਉਸ ਨੇ ਭਾਈ ਵੀਰ ਸਿੰਘ ਦੇ ਕਈ ਪ੍ਰਭਾਵ ਵੀ ਕਬੂਲੇ। ਕਈ ਥਾਈਂ ਇਹ ਪ੍ਰਭਾਵ ਇਤਨੇ ਪ੍ਰਚੰਡ ਰੂਪ ਵਿਚ ਪ੍ਰਗਟ ਹੁੰਦੇ ਹਨ ਕਿ ਕਵੀ ਦੀ ਆਪਣੀ ਵੱਖਰੀ ਪਛਾਣ ਗੁੰਮ ਹੁੰਦੀ ਜਾਪਦੀ ਹੈ। ਮਸਲਨ, ਚਾਤ੍ਰਿਕ ਦੀ ਕਵਿਤਾ 'ਚਾਨਣ ਜੀ!' ਦੀਆਂ ਇਹ ਸੱਤਰਾਂ ਹੀ ਲਉ :—

ਚਾਨਣ ਜੀ! ਤੁਸੀਂ ਲੰਘਦੇ ਲੰਘਦੇ ਕੀ ਅੱਖੀਆਂ ਨੂੰ ਕਹਿ ਗਏ?
ਖਿੱਚ ਖਿੱਚੇ ਕਰ ਲੰਬੀਆਂ ਬਾਹੀਂ (ਅਸੀਂ) ਫੜਦੇ ਫੜਦੇ ਰਹਿ ਗਏ।
ਭਜ ਭਜ ਮੋਏ (ਤੁਸੀਂ) ਹੱਥ ਨ ਆਏ (ਅਸੀਂ) ਘੁੱਟ ਕਲੇਜਾ ਬਹਿ ਗਏ।
ਹਾੜੇ ਸਾਡੇ ਖੁੰਝ ਜ਼ਬਾਨੋਂ, ਨੈਣਾਂ ਵਿਚ ਦੀ ਵਹਿ ਗਏ।
ਅਸੀਂ ਵਧੇ, ਤੁਸੀਂ ਉਹਲੇ ਹੋ ਗਏ, ਦੇ ਕੇ ਪੀਂਘ ਹੁਲਾਰਾ,
ਨੂਰਾਨੀ ਝਲਕਾਰੇ ਦਾ, ਉਹ, ਭੁਲਦਾ ਨਹੀਂ ਨਜ਼ਾਰਾ।
ਸ਼ਮਸੀ ਰਿਸ਼ਮਾਂ ਥੀਂ ਚੁੰਧਿਆ ਕੇ, ਅੱਖਾਂ ਭੀੜੇ ਬੂਹੇ,
ਬਿਜਲੀ-ਕੂੰਦ ਧਸੀ ਰਗ ਰਗ ਵਿਚ, ਥਰਕਿਆ ਜੁੱਸਾ ਸਾਰਾ।
ਗੂੰਜ ਉਠੀ, ਸਿਰ ਝੂਲਣ ਲੱਗਾ, ਅਕਲ ਹੋਈ ਦੀਵਾਨੀ,
ਪ੍ਰੇਮ-ਸਰੂਰ ਜਿਹਾ ਇਕ ਆ ਕੇ, ਸੁਰਤ ਚੜ੍ਹੀ ਅਸਮਾਨੀਂ।
ਸੁਪਨਾ ਸੀ, ਜਾਂ ਸਾਮਰਤਖ ਸੀ? ਇਹ ਭੀ ਥਹੁ ਨਾ ਲੱਗੇ,
ਅੱਖਾਂ ਵਿਚ, ਹਾਂ, ਭਾ ਗੁਲਾਬੀ, ਰਹਿ ਗਈ ਟਿਕੀ ਨਿਸ਼ਾਨੀ।

ਇਸ ਕਵਿਤਾ ਵਿਚ ਚਾਤ੍ਰਿਕ ਨੇ ਆਪਣੇ ਅਧਿਆਤਮਕ ਰਹੱਸਵਾਦੀ ਅਨੁਭਵ ਨੂੰ ਪਰਗਟ ਕੀਤਾ ਹੈ। ਬਿਲਕੁਲ ਇਹੋ ਜਿਹਾ ਹੀ ਅਨੁਭਵ, ਭਾਈ ਵੀਰ ਸਿੰਘ ਦੀ ਕਵਿਤਾ 'ਕੰਬਦੀ ਕਲਾਈ' ਵਿਚ ਵੀ ਪਰਗਟ ਹੋਇਆ ਹੈ। ਕੁਝ ਸ਼ਬਦਾਂ ਦੇ ਹੇਰ ਫੇਰ ਨਾਲ ਚਾਤ੍ਰਿਕ ਨੇ 'ਕੰਬਦੀ ਕਲਾਈ' ਨਜ਼ਮ ਨੂੰ ਹੀ ਮੁੜ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ, ਇਸ ਵਿਚ 'ਕੰਬਦੀ ਕਲਾਈ' ਨਜ਼ਮ ਵਰਗਾ ਸਹਿਜ ਨਹੀਂ ਆ ਸਕਿਆ। ਇਹ ਚਾਤ੍ਰਿਕ ਉਪਰ ਭਾਈ ਵੀਰ ਸਿੰਘ ਦੇ ਪ੍ਰਚੰਡ ਪ੍ਰਭਾਵ ਦੀ ਇਕ ਜੀਉਂਦੀ-ਜਾਗਦੀ ਮਿਸਾਲ ਹੈ। ਇਨ੍ਹਾਂ ਪ੍ਰਭਾਵਾਂ ਦਾ ਚਾਤ੍ਰਿਕ ਨੇ ਆਪ ਵੀ ਕਈ ਥਾਈਂ ਜ਼ਿਕਰ ਕੀਤਾ ਹੈ :—

"ਭਾਈ ਸਾਹਿਬ ਦੇ ਚਰਨਾਂ ਵਿਚ ਰਹਿ ਕੇ ਗੁਰਮਤਿ ਦੀ ਛੋਹ ਤੇ ਗੁਰਬਾਣੀ ਦੀ ਸੂਝ ਮਿਲੀ। ਆਪ ਜੀ ਦੇ ਸੂਰਜ ਪ੍ਰਕਾਸ਼ ਵਿਚੋਂ ਕਵਿਤਾ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਦੀਵਾ ਜਗਿਆ ।'' (''ਮੇਰੀ ਜੀਵਨੀ'')

ਪਰ, ਉਹ ਇਨ੍ਹਾਂ ਪ੍ਰਭਾਵਾਂ ਤੋਂ ਜਲਦੀ ਹੀ ਮੁਕਤ ਹੁੰਦਾ ਜਾਪਦਾ ਹੈ। ਪ੍ਰਕਿਰਤੀ ਚਿੱਤਰਣ ਵਕਤ ਉਹ ਕੁਦਰਤ 'ਚੋਂ ਕਾਦਰ ਨੂੰ ਨਹੀਂ ਲੱਭਦਾ। ਸਗੋਂ, ਕੁਦਰਤ ਦੇ ਸ੍ਵੈ-ਪ੍ਰਵਾਨਤ ਸਰੂਪ ਨੂੰ ਹੀ ਪੇਸ਼ ਕਰਨ ਦੀ ਰੁਚੀ ਰਖਦਾ ਹੈ। ਉਸ ਵਿਚ ਭਾਈ ਵੀਰ ਸਿੰਘ ਦੀ ਤਰ੍ਹਾਂ ਦੈਵੀ-ਗੁਣਾਂ ਨੂੰ ਭਰਨ ਤੋਂ ਉਸ ਨੇ ਲੱਗਭਗ ਗੁਰੇਜ਼ ਹੀ ਕੀਤਾ ਹੈ। ਪੰਜਾਬੀ ਸਮੂਹਕ-ਸੰਵੇਦਨਾ ਨੂੰ ਟੁੰਬਣ ਲਈ ਉਹ, ਸੁਚੇਤ ਪੱਧਰ 'ਤੇ ਸੂਫ਼ੀ-ਕਾਵਿ ਨੂੰ ਆਪਣਾ ਕਾਵਿ-ਮਾਡਲ ਬਣਾ ਲੈਂਦਾ ਹੈ। ਇਉਂ, ਉਸ ਦੀ ਸ਼ਾਇਰੀ ਦਾ ਕੁਝ ਭਾਗ, ਸੂਫ਼ੀਆਨਾ ਰੰਗ ਵਿਚ ਰੰਗਿਆ ਸਪੱਸ਼ਟ ਦਿਖਾਈ ਦਿੰਦਾ ਹੈ :—

ਛਡ ਤ੍ਰਿੰਝਣ ਕਰ ਸੁੰਝਾ ਵਿਹੜਾ
ਤੁਰ ਤੁਰ ਜਾਵਣ ਸਈਆਂ
ਇਕ ਗਈਆਂ ਇਕ ਡੋਲੇ ਚੜ੍ਹੀਆਂ
ਇਕ ਦਾਜ ਸਮੇਟਣ ਪਈਆਂ
ਅਸਾਂ ਭਿ ਜਾਣਾ ਢੋਲਣ ਆਇਆ
ਪਰ ਚਰਖ਼ਾ ਕਿਉਂ ਚਾਈਏ ?
ਓਨੀਆਂ ਤੰਦਾਂ ਆਪਣੀਆਂ ਨੇ
ਜਿੰਨੀਆਂ ਕੱਤੀਆਂ ਗਈਆਂ ।

ਇਥੇ ਭਾਵ-ਬੋਧ, ਕਾਵਿ-ਮੁਹਾਵਰਾ ਤੇ ਪ੍ਰਤੀਕ-ਵਿਧਾਨ ਸਭ ਸੂਫ਼ੀ-ਕਾਵਿ ਵਾਲਾ ਹੀ ਹੈ। ਚਰਖ਼ਾ, ਤ੍ਰਿੰਝਣ, ਦਾਜ, ਤੰਦਾਂ, ਗੋਹੜੇ, ਢੋਲਣ ਆਦਿ ਪ੍ਰਤੀਕਾਂ ਦੀ ਸਿਰਜਣਾ ਸੂਫ਼ੀ-ਕਾਵਿ ਵਿਚ ਬਹੁਤ ਹੋਈ ਹੈ। ਕੇਵਲ ਪ੍ਰਤੀਕ-ਵਿਧਾਨ ਨੂੰ ਹੀ ਨਹੀਂ, ਸਗੋਂ ਉਸ ਨੇ ਰੁਬਾਈ, ਕੱਵਾਲੀ ਜਹੇ ਸਰੋਦੀ ਕਾਵਿ ਰੂਪਾਂ ਨੂੰ ਵੀ ਆਪਣੀ ਭਾਵ-ਅਭਿਵਿਅਕਤੀ ਲਈ ਅਪਣਾਇਆ। ਵਿਸ਼ੇਸ਼ ਕਰਕੇ ਉਸ ਦਾ ਕਾਵਿ-ਸੰਗ੍ਰਹਿ 'ਸੂਫ਼ੀਖ਼ਾਨਾ' ਅਤੇ 'ਕੇਸਰ ਕਿਆਰੀ' ਵਿਚਲੀਆਂ ਕੁਝ ਰਚਨਾਵਾਂ, ਇਸ ਪੱਖੋਂ ਵਿਸ਼ੇਸ਼ ਤੌਰ 'ਤੇ ਵਿਚਾਰਣਯੋਗ ਹਨ। ਇਥੇ ਚਾਤ੍ਰਿਕ ਬੁਲ੍ਹੇ ਸ਼ਾਹ ਤੇ ਸ਼ਾਹ ਹੁਸੈਨ ਦੇ ਰੰਗ ਵਿਚ ਰੰਗਿਆ ਸਪੱਸ਼ਟ ਦਿਖਾਈ ਦਿੰਦਾ ਹੈ। 'ਪਾਟੇ ਸੀਨੇ ਸੀਉਣ' ਵਾਲੀ ਉਸ ਦੀ ਭਾਵਨਾ, ਇਥੇ ਵੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੋਈ ਨਜ਼ਰ ਆਉਂਦੀ ਹੈ—ਕਿਤੇ ਪ੍ਰਤੱਖ ਰੂਪ ਵਿਚ ਤੇ ਕਿਤੇ ਪਰੋਖ ਰੂਪ ਵਿਚ। ਪੰਜਾਬ ਦੀ ਸਮੂਹਕ ਸੰਵੇਦਨਾ ਨੂੰ ਟੁੰਬਣ ਵਾਲੀ ਲੋਕ ਭਾਸ਼ਾ, ਲੋਕ ਕਾਵਿ-ਰੂਪਾਂ, ਕਾਵਿ-ਛੰਦਾਂ ਦੀ ਵਰਤੋਂ ਇਥੇ ਪੁੱਜ ਕੇ ਹੋਈ ਹੈ। ਲੋਕ-ਚੇਤਨਾ ਨੂੰ ਇਸ ਕਾਵਿ ਵਿਚ ਸਹਿਜ ਪ੍ਰਗਟਾਵਾ ਹਾਸਲ ਹੋਇਆ ਹੈ। ਇਉਂ, ਚਾਤ੍ਰਿਕ-ਕਾਵਿ ਇਕ ਪਾਸੇ ਆਪਣੀ ਵਿਰਸੇਗਤ ਪਰੰਪਰਾ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੁੰਦਾ ਹੈ ਅਤੇ ਦੂਸਰੇ ਪਾਸੇ ਨਵੀਨਤਾ ਨੂੰ ਅਪਣਾਉਣ ਲਈ ਕਸ਼ਮਕਸ਼ ਵਿਚ ਹੈ। ਪਰੰਪਰਾ ਤੇ ਆਧੁਨਿਕਤਾ ਵਿਚਾਲੇ ਤਣਾਉ, ਸਮੁੱਚੇ ਚਾਤ੍ਰਿਕ-ਕਾਵਿ ਦੇ ਆਰ-ਪਾਰ ਫੈਲਿਆ ਸਪੱਸ਼ਟ ਨਜ਼ਰ ਆਉਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰਮੁਖ ਸਿੰਘ ਮੁਸਾਫ਼ਿਰ ਦੀ ਕਾਵਿ-ਪ੍ਰਾਪਤੀ

ਕਾਵਿ ਜ਼ਿੰਦਗੀ ਬਖ਼ਸ਼ਦਾ
ਤੂੰ ਅਰਥ ਉਲਟੇ ਕਰ ਗਿਆ,
ਲੋਕ ਸਮਝਣ ਲਗ ਪਏ
ਸ਼ਾਇਰ ਮੁਸਾਫ਼ਿਰ ਮਰ ਗਿਆ ।

ਇਸ ਕਾਵਿ-ਕਥਨ ਵਿਚ, ਸ਼ਾਇਰ ਮੁਸਾਫ਼ਿਰ ਦੀ ਕਾਵਿ-ਪ੍ਰਤਿਭਾ ਦਾ ਰਾਜ਼ ਲੁਕਿਆ ਹੋਇਆ ਹੈ । ਅਰਥ ਉਲਟੇ ਕਰਨ ਦੀ ਇਹ ਵਿਧੀ, ਮੁਸਾਫ਼ਿਰ-ਕਾਵਿ ਦਾ ਇਕ ਸਿੱਧਾਂਤਕ ਪਹਿਲੂ ਹੈ, ਜਿਸ ਸੰਬੰਧੀ ਵਿਸਥਾਰ ਸਹਿਤ ਚਰਚਾ ਰਤਾ ਅੱਗੇ ਚਲ ਕੇ ਕੀਤੀ ਜਾਏਗੀ । ਹਾਲ ਦੀ ਘੜੀ ਅਸੀਂ, 'ਕਾਵਿ-ਪ੍ਰਾਪਤੀ' ਦੇ ਅਰਥ-ਪਾਸਾਰ ਨਾਲ ਨੇੜੇ ਦੀ ਸਾਝ ਪਾਉਣ ਦਾ ਯਤਨ ਕਰਦੇ ਹਾਂ । ਕਿਸੇ ਕਵੀ ਦੀ ਕਾਵਿ-ਪ੍ਰਾਪਤੀ ਦਾ ਮੂਲ ਅਧਾਰ, ਉਸ ਦੁਆਰਾ ਰਚੇ ਕਾਵਿ-ਸੰਗ੍ਰਿਹਾਂ ਦੀ ਗਿਣਤੀ ਮਾਤਰ ਨਹੀਂ ਹੁੰਦਾ । ਸਗੋਂ, ਉਸਦੀ ਸਮੁੱਚੀ ਕਾਵਿ-ਯੋਗਤਾ (poetic competenee) ਤੇ ਉਸਦਾ ਨਿਭਾਓ (performance) ਹੀ ਇਸਦਾ ਬੁਨਿਆਦੀ ਅਧਾਰ ਬਣਦਾ ਹੈ । ਇਥੇ ਮੇਰਾ ਸੰਕੇਤ ਕੇਵਲ ਕਲਾ- ਕੌਸ਼ਲਤਾ ਵੱਲ ਹੀ ਨਹੀਂ, ਸਗੋਂ ਉਸ ਦੁਆਰਾ ਰਚੇ ਕਾਵਿ-ਪ੍ਰਵਚਨਾਂ ਦੀ ਸਭਿਆਚਾਰਕ ਸਾਰਥਕਤਾ ਵੱਲ ਵੀ ਹੈ । ਕਵੀ ਦਾ ਕੰਮ, ਕੇਵਲ ਸਮਕਾਲੀ ਯਥਾਰਥ ਦੀ ਪੇਸ਼ਕਾਰੀ ਤੱਕ ਹੀ ਮਹਿਦੂਦ ਨਹੀਂ ਹੁੰਦਾ । ਸਮਕਾਲੀ ਯਥਾਰਥ ਦੀ ਪੇਸ਼ਕਾਰੀ ਦੇ ਨਾਲ ਨਾਲ ਉਸਨੇ ਕੁਝ ਭਵਿੱਖਾਰਥੀ ਸੰਭਾਵਨਾਵਾਂ ਵੀ ਸਿਰਜਣੀਆਂ ਹੁੰਦੀਆਂ ਹਨ । ਇਹ ਕਾਰਜ ਉਸਦੀ 'ਤੀਸਰੀ ਅੱਖ' ਦੁਆਰਾ ਦ੍ਰਿਸ਼ਟੀ-ਸਿਰਜਣ ਰਾਹੀਂ ਹੀ ਸੰਪੰਨ ਹੁੰਦਾ ਹੈ । ਇਸ ਉਪਰ ਹੀ ਕਵੀ ਦੀ ਕਾਵਿ-ਪ੍ਰਾਪਤੀ ਦਾ ਸਾਰਾ ਦਾਰੋਮਦਾਰ ਟਿੱਕਿਆ ਹੁੰਦਾ ਹੈ । ਸੋ ! ਕਾਵਿ-ਪ੍ਰਾਪਤੀ ਦੀ ਪਛਾਣ ਦਾ ਕਾਰਜ, ਸੰਬੰਧਤ ਕਵਿਤਾ ਦੇ ਡੂੰਘੇ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਸ਼ਾਇਰ ਮੁਸਾਫ਼ਿਰ ਦੀ ਕਵਿਤਾ ਨੂੰ ਆਪਣੇ ਧਿਆਨ ਦਾ ਕੇਂਦਰ ਬਣਾਉਂਦੇ ਹਾਂ ਤਾਂ ਕਈ ਮਹੱਤਵਪੂਰਣ ਨੁਕਤੇ ਉਜਾਗਰ ਹੁੰਦੇ ਹਨ, ਜਿਨ੍ਹਾਂ ਦੀ ਰੋਸ਼ਨੀ ਵਿਚ ਅਸੀਂ ਸ਼ਾਇਰ ਮੁਸਾਫ਼ਿਰ ਦੀ ਕਾਵਿ-ਪ੍ਰਾਪਤੀ ਨੂੰ ਨਿਸ਼ਚਤ ਕਰਨ ਦਾ ਯਤਨ ਕਰਾਂਗੇ । ਪੰਜਾਬੀ ਜਗਤ ਵਿਚ ਗੁਰਮੁਖ ਸਿੰਘ ਮੁਸਾਫ਼ਿਰ ਕਵੀ ਨਾਲੋਂ ਵਧੇਰੇ, ਇਕ ਵਤਨ ਪ੍ਰਸਤ ਤੇ ਸਿਆਸੀ ਆਗੂ ਦੇ ਤੌਰ 'ਤੇ ਵਧੇਰੇ ਜਾਣਿਆ ਜਾਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੈ। ਵੀਹਵੀਂ ਸਦੀ ਦੇ ਮੁੱਢਲੇ ਦੌਰ ਨਾਲ ਸੰਬੰਧਤ ਅਕਾਲੀ ਲਹਿਰ ਅਤੇ ਦੇਸ਼-ਅਜ਼ਾਦੀ ਦੇ ਅੰਦੋਲਨ ਵਿਚ ਉਨ੍ਹਾਂ ਵਰਣਨਯੋਗ ਹਿੱਸਾ ਪਾਇਆ। ਦੂਜੇ ਦੇਸ਼ ਭਗਤਾਂ ਦੀ ਤਰ੍ਹਾਂ ਆਪਣੇ ਸਿਆਸੀ ਜੀਵਨ ਵਿਚ, ਉਨ੍ਹਾਂ ਵੀ ਕਈ ਘਾਲਣਾਂ ਘਾਲੀਆਂ। ਨਤੀਜੇ ਵਜੋਂ ਉਨ੍ਹਾਂ ਨੂੰ ਕਈ ਉੱਚੀਆਂ ਪੱਦਵੀਆਂ ਹਾਸਲ ਹੋਈਆਂ। ਪੰਜਾਬ ਦੀ ਚੀਫ਼ ਮਨਿਸਟਰੀ ਤੋਂ ਲੈ ਕੇ ਪਾਰਲੀਮੈਂਟ ਦੀ ਮੈਂਬਰਸ਼ਿਪ ਤੱਕ ਇਨ੍ਹਾਂ ਦਾ ਇਤਿਹਾਸ ਹੈ। ਉਹ ਕੁਝ ਚਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਰਹੇ। ਇਉਂ, ਉਨ੍ਹਾਂ ਦਾ ਬਿੰਬ ਵਧੇਰੇ ਕਰਕੇ, ਇਕ ਧਾਰਮਕ ਤੇ ਸਿਆਸੀ ਆਗੂ ਦੇ ਤੌਰ 'ਤੇ ਉੱਭਰਿਆ। ਆਪਣੇ ਨਿਜੀ ਅਨੁਭਵ ਨੂੰ ਪਰਗਟ ਕਰਦੇ ਹੋਏ ਉਹ ਇਕ ਥਾਂ ਲਿਖਦੇ ਹਨ ''ਲੀਡਰੀ ਦੀ ਫਿਕ ਨੇ ਜੀਵਨ ਦੇ ਰਸ ਨੂੰ ਮਾਰਿਆ।'' ਸੋ! ਸਪੱਸ਼ਟ ਹੈ ਕਿ ਉਨ੍ਹਾਂ ਦੀ ਸਮੁੱਚੀ ਕਾਵਿ-ਕਮਾਈ, ਇਸੇ ਲੀਡਰੀ ਦੇ ਬਿੰਬ ਦੁਆਰਾ ਗ੍ਰਹਿਣੀ (eclipsed) ਗਈ। ਨਤੀਜੇ ਵਜੋਂ, ਮੁਸਾਫ਼ਿਰ-ਕਾਵਿ ਨੂੰ ਸੰਜੀਦਗੀ ਨਾਲ ਵਿਚਾਰਣ ਤੋਂ ਹੁਣ ਤੱਕ ਲੱਗਭਗ ਸੰਕੋਚ ਹੀ ਕੀਤਾ ਜਾਂਦਾ ਰਿਹਾ ਹੈ। ਗਿਣਤੀ ਪੱਖੋਂ, ਉਨ੍ਹਾਂ ਦੇ ਦਰਜਨ ਦੇ ਕਰੀਬ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ ਜਿਨ੍ਹਾਂ ਵਿਚ ਸਬਰ ਦੇ ਬਾਣ, 'ਪ੍ਰੇਮ-ਬਾਣ' ਟੁੱਟੇ ਖੰਭ, ਜੀਵਨ-ਪੰਧ, ਮੁਸਾਫ਼ਰੀਆਂ, ਸਹਿਜ ਸੇਤੀ, ਕਾਵਿ-ਸੁਨੇਹੇ, ਵਖਰਾ ਵਖਰਾ ਕਤਰਾ ਕਤਰਾ, ਦੂਰ ਨੇੜੇ ਆਦਿ ਕਾਵਿ-ਸੰਗ੍ਰਹਿ ਸ਼ਾਮਲ ਹਨ। ਇਨ੍ਹਾਂ ਸੰਗ੍ਰਿਹਾਂ ਦਾ ਮੁਤਾਲਿਆ ਕਰਨ ਨਾਲ ਪਤਾ ਚਲਦਾ ਹੈ ਕਿ ਵਤਨ-ਪ੍ਰਸਤੀ ਦੀ ਭਾਵਨਾ, ਸ਼ੁਰੂ ਤੋਂ ਹੀ ਉਨ੍ਹਾਂ ਦੀ ਸੋਚ ਤੇ ਅਮਲ ਉਪਰ ਭਾਰੂ ਰਹੀ ਹੈ। ਇਹ ਭਾਵਨਾ, ਸਮੁੱਚੇ ਮੁਸਾਫ਼ਿਰ ਕਾਵਿ ਦੇ ਆਰ-ਪਾਰ ਫੈਲੀ ਵੀ ਨਜ਼ਰ ਆਉਂਦੀ ਹੈ। ਸੋ! ਵਤਨ-ਪ੍ਰਸਤੀ ਨੂੰ ਅਸੀਂ ਮੁਸਾਫ਼ਿਰ-ਕਾਵਿ ਦਾ ਮੂਲ ''ਥੀਮ'' ਮੰਨਕੇ ਤੁਰਦੇ ਹਾਂ। ਮੁੱਢਲੇ ਮੁਸਾਫ਼ਿਰ-ਕਾਵਿ ਦਾ ਤਾਂ ਮੁੱਖ ਪ੍ਰਯੋਜਨ ਹੀ ਲੋਕਾਂ ਨੂੰ ਸੁਤੰਤਰਤਾ ਸੰਗਰਾਮ ਲਈ ਪ੍ਰੇਰਿਤ ਕਰਨਾ ਪ੍ਰਤੀਤ ਹੁੰਦਾ ਹੈ। ਇਸ ਕਾਲ ਦੌਰਾਨ, ਮੁਸਾਫ਼ਿਰ ਹੋਰਾਂ ਦੇ ਤਿੰਨ ਕਾਵਿ-ਸੰਗ੍ਰਹਿ ('ਸਬਰ ਦੇ ਬਾਣ'', ਪ੍ਰੇਮ-ਬਾਣ' ਤੇ 'ਜੀਵਨ-ਪੰਧ') ਵਿਸ਼ੇਸ਼ ਤੌਰ 'ਤੇ ਚਰਚਾ ਦਾ ਕੇਂਦਰ ਬਣੇ। ਇਨ੍ਹਾਂ ਵਿਚੋਂ 'ਜੀਵਨ-ਪੰਧ', ਕਾਵਿ-ਕਲਾ ਪੱਖੋਂ ਵਧੇਰੇ ਪ੍ਰੌਢ ਤੇ ਮਹੱਤਵਪੂਰਣ ਹੈ। ਇਸ ਵਿਚ ਦਰਜ ਕੁਝ ਕਵਿਤਾਵਾਂ ਚਿਰਜੀਵੀ ਪ੍ਰਭਾਵ ਸਿਰਜਣ ਦੀ ਸਮੱਰਥਾ ਰਖਦੀਆਂ ਹਨ। ਮਸਲਨ, ਰਾਬਿੰਦਰ ਨਾਥ ਟੈਗੋਰ ਦੀ ਮੌਤ ਨਾਲ ਸੰਬੰਧਤ ਇਹ ਸਤਰਾਂ ਹੀ ਲਉ :—

ਜੀਭ ਜਿਸ ਦੀ, ਜੀਭ ਹਰ ਇਨਸ਼ਾਨ ਦੀ
ਅੱਖ ਜਿਸ ਦੀ, ਅੱਖ ਹਿੰਦੁਸਤਾਨ ਦੀ
ਸੋਚ ਜਿਸ ਦੀ, ਸੋਚ ਸਭ ਸੰਸਾਰ ਦੀ
ਪੀੜ ਜਿਸ ਦੀ, ਪੀੜ ਹਰ ਬੇਜ਼ਾਰ ਦੀ।
ਟੁੱਟ ਗਿਆ ਤਾਰਾ, ਸ਼ੋਮਣਿ ਮਸ਼ਕਰੀ ਅਸਮਾਨ ਦਾ।
ਡੁੱਬ ਗਿਆ ਸੂਰਜ ਚਮਕਦਾ, ਫ਼ਲਸਫ਼ੇ ਦਾ, ਗਿਆਨ ਦਾ।
ਛੁੱਪ ਗਈ ਕੇਵਲ ਨਹੀਂ, ਇਕ! ਸ਼ਕਲ ਸੂਰਤ ਜ਼ਾਹਿਰੀ
ਰੁੱਕ ਗਈ ਇਕ ਹੱਦ ਤੇ, ਸੰਸਾਰ ਭਰ ਦੀ ਸ਼ਾਇਰੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਇਨ੍ਹਾਂ ਸਤਰਾਂ 'ਚੋਂ ਟੈਗੋਰ ਦੀ ਬਹੁ-ਪੱਖੀ ਪ੍ਰਤਿਭਾ ਤੇ ਅਲੌਕਿਕ ਸ਼ਖ਼ਸੀਅਤ ਤਾਂ ਉੱਭਰ ਕੇ ਸਾਹਮਣੇ ਆਉਂਦੀ ਹੀ ਹੈ, ਨਾਲ ਹੀ ਕਵੀ ਦੀ ਟੈਗੋਰ ਪ੍ਰਤੀ ਸ਼ਰਧਾ ਭਾਵਨਾ ਵੀ ਸਹਿਜ ਰੂਪ ਵਿਚ ਪਰਗਟ ਹੋ ਜਾਂਦੀ ਹੈ। ਇਉਂ, ਅਚੇਤ ਹੀ ਉਹ ਟੈਗੋਰ ਦੀ ਮਿਥ-ਸਿਰਜਣ ਦੇ ਰਾਹੇ ਤੁਰ ਪੈਂਦਾ ਹੈ। ਕਲਾ-ਕੌਸ਼ਲਤਾ ਪੱਖੋਂ ਵੀ ਇਹ ਨਜ਼ਮ, ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਇਥੇ ਵੀ ਕਵੀ ਦੀ ਵਿਸ਼ੇਸ਼ ਰੁਚੀ, ਟੈਗੋਰ ਦੀ ਵਤਨ-ਪ੍ਰਸਤੀ ('ਅੱਖ ਜਿਸ ਦੀ, ਅੱਖ ਹਿੰਦੁਸਤਾਨ ਦੀ)' ਨੂੰ ਹੀ ਉਭਾਰਣ ਵਿਚ ਹੈ। ਇਉਂ, 'ਵਤਨ' ਕਵੀ ਦਾ ਮੂਲ ਦ੍ਰਿਸ਼ਟੀ-ਬਿੰਦੂ ਹੋ ਨਿਬੜਦਾ ਹੈ, ਜਿਸ ਉਪਰ ਖਲ੍ਹੋ ਕੇ ਉਹ ਧਰਮ, ਸਮਾਜ, ਮਨੁੱਖੀ ਭਾਈਚਾਰੇ, ਮਾਨਵੀ ਕਦਰਾਂ ਕੀਮਤਾਂ, ਬੇਇਨਸਾਫ਼ੀਆਂ ਤੇ ਵਿਤਕਰਿਆਂ ਆਦਿ ਦੀ ਵਿਆਖਿਆ ਕਰਦਾ ਨਜ਼ਰ ਆਉਂਦਾ ਹੈ।

ਮੁਸਾਫ਼ਿਰ-ਕਾਵਿ ਦਾ ਮੂਲ ਪ੍ਰੇਰਨਾ-ਸਰੋਤ ਲੋਕ-ਲਹਿਰ ਹੋਣ ਕਰਕੇ, ਉਹ ਸੁਭਾਅ ਵਿਚ ਲੋਕ-ਹਿਤੈਸ਼ੀ ਹੈ। ਕਵੀ ਕਦੇ ਵੀ ਲੋਕਾਂ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਮੁਸਾਫ਼ਿਹ-ਕਾਵਿ ਦਾ ਬਹੁਤ ਵੱਡਾ ਭਾਗ ਸਿੱਧੇ ਤੌਰ 'ਤੇ ਲੋਕਾਂ ਨੂੰ ਹੀ ਸੰਬੋਧਤ ਹੈ। ਅਰਸ਼ੀ ਦੀਵਾਲੀ, ਆਪਣਾ ਮੂਲ ਪਛਾਣ, ਹੰਝੂ ਆਦਿ ਨਜ਼ਮਾ ਇਸ ਪੱਖੋਂ ਵਿਸ਼ੇਸ਼ ਤੌਰ 'ਤੇ ਵਿਚਾਰਣਯੋਗ ਹਨ। 'ਹੰਝੂ' ਨਜ਼ਮ ਵਿਚ ਕਵੀ ਆਸਾਂ-ਸੱਧਰਾਂ, ਰੀਝਾਂ, ਹੰਝੂਆਂ ਆਦਿ ਦੇ ਅਜਾਈਂ ਨਾ ਡੱਲ੍ਹਣ ਲਈ ਇਉਂ ਵਾਸਤੇ ਪਾਂਦਾ ਹੈ :—

ਡੁੱਲ੍ਹਣ ਨਾ ਇਹ ਆਸਾਂ ਸੱਧਰਾਂ
ਉਛਲ ਉਛਲ ਭਰ ਆਈਆਂ ਰੀਝਾਂ
ਰੁਲਣ ਨਾ ਮਿੱਟੀ ਵਿਚਕਾਰ,
ਡਿੱਗਣ ਨਾ ਇਹ ਬਾਲ ਜੁਆਨ,
ਪਹਿਰੇਦਾਰ ਕਮਾਨਾਂ ਵਿਚੋਂ
ਪਏ ਕਰਦੇ ਤੀਰਾਂ ਦੀ ਮਾਰ,
ਸਾਗਰ ਦੀ ਕਿਸੇ ਨੀਵੀਂ ਨੁਕਰੋਂ
ਸੁੱਚੇ ਸਾਫ਼ ਚਮਕਦੇ ਮੋਤੀ
ਉਲਟ ਪੁਲਟ ਕੋਈ ਹਿਲਜੁਲ ਚੋਖੀ
ਲੈ ਕੇ ਆਈ ਬਾਹਰਵਾਰ,
ਡੁੱਲ੍ਹਣ ਨਾ ਇਹ, ਡਿੱਗਣ ਨਾ ਇਹ
ਰੁਲਣ ਨਾ ਮਿੱਟੀ ਵਿਚਕਾਰ।

ਮੁਸਾਫ਼ਿਰ-ਕਾਵਿ ਦੇ ਅੰਤਰਗਤ ਅਸਲ ਸਮੱਸਿਆ ਉਦੋਂ ਖੜ੍ਹੀ ਹੁੰਦੀ ਹੈ ਜਦੋਂ ਕਵੀ ਦੀ ਰਾਜਨੀਤਕ ਸੋਚ, ਕਵਿਤਾ ਉਪਰ ਭਾਰੂ ਹੋ ਜਾਂਦੀ ਹੈ ਅਤੇ ਕਵਿਤਾ ਨੀਗੇਟ ਹੋਣੀ ਸ਼ੁਰੂ ਹੋ ਜਾਂਦੀ ਹੈ। ਅਜਿਹੀ ਸਥਿਤੀ ਉਦੋਂ ਹੀ ਹੋਂਦ ਵਿਚ ਆਉਂਦੀ ਹੈ ਜਦੋਂ ਉਹ ਆਪਣੇ ਸਿਆਸੀ ਵਿਚਾਰਾਂ ਦੇ ਪ੍ਰਚਾਰ ਲਈ ਕਵਿਤਾ ਨੂੰ ਮਾਧਿਅਮ ਵਜੋਂ ਵਰਤਣ ਦੇ ਰਾਹੇ ਤੁਰ ਪੈਂਦਾ ਹੈ। ਉਸਦੀ ਮੁੱਢਲੀ ਕਵਿਤਾ ਵਿਚ ਇਹ ਗੱਲ ਆਮ ਵੇਖਣ ਨੂੰ ਮਿਲਦੀ ਹੈ। ਮਾਧਿਅਮ ਤੇ ਉਦੇਸ਼ ਦੀ ਦਵੈਤ ਉਪਰ ਸਿਰਜੀ ਇਹ ਕਵਿਤਾ, ਬਹੁਤਾ ਕਰਕੇ ਸਪਾਟ ਅਤੇ ਕਥਨ ਦਾ ਰੂਪ-ਧਾਰਦੀ ਨਜ਼ਰ ਆਉਂਦੀ ਹੈ। ਆਪਣੇ ਕਾਵਿ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸੰਗਠਨ ਪ੍ਰਤੀ ਚੇਤੰਨ ਹੋਣ ਮਗਰੋਂ ਹੀ ਉਹ ਇਸ ਸਥਿਤੀ ਤੋਂ ਮੁਕਤ ਹੁੰਦਾ ਹੈ। ਵਿਸ਼ੇਸ਼ ਕਰਕੇ ਜਦੋਂ ਉਸਨੇ 'ਰੁਬਾਈ' ਤੇ 'ਗ਼ਜ਼ਲ' ਨੂੰ ਕਾਵਿ-ਰੂਪ ਵਜੋਂ ਵਰਤੋਂ ਵਿਚ ਲਿਆਂਦਾ। 'ਸਹਿਜ ਸੇਤੀ', 'ਵਖਰਾ ਵਖਰਾ ਕਤਰਾ ਕਤਰਾ' ਅਤੇ 'ਦੂਰ ਨੇੜੇ' ਆਦਿ ਕਾਵਿ-ਸੰਗ੍ਰਿਹਾਂ ਵਿਚ ਦਰਜ ਰੁਬਾਈਆਂ ਤੇ ਗ਼ਜ਼ਲਾਂ, ਇਸ ਵਿਚਾਰ ਦੀ ਪੁਸ਼ਟੀ ਲਈ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚ ਆਤਮ-ਵਿਸ਼ਲੇਸ਼ਣ ਤੇ ਜੀਵਨ-ਫ਼ਲਸਫ਼ੇ ਨੂੰ ਤਰਜੀਹ ਮਿਲੀ ਹੈ। ਪਰ ਵਤਨ-ਪ੍ਰਸਤੀ ਦਾ ਜਜ਼ਬਾ ਇਥੇ ਵੀ ਕਿਸੇ ਨਾ ਕਿਸੇ ਰੂਪ ਵਿਚ ਪਰਗਟ ਹੋ ਹੀ ਜਾਂਦਾ ਹੈ। ਨਜ਼ਮਾਂ ਦੇ ਨਾਲ ਨਾਲ ਇਨ੍ਹਾਂ ਰੁਬਾਈਆਂ ਤੇ ਗ਼ਜ਼ਲਾਂ ਰਾਹੀਂ ਵੀ ਮੁਸਾਫ਼ਿਰ ਹੋਰਾਂ ਦੀ ਕਾਵਿ-ਯੋਗਤਾ ਨਿਖਰ ਕੇ ਸਾਹਮਣੇ ਆਈ ਹੈ। ਭਾਵੇਂ, ਉਨ੍ਹਾਂ ਬਹੁਤੀ ਰਚਨਾ ਰਵਾਇਤੀ ਛੰਦਾਂ ਵਿਚ ਹੀ ਕੀਤੀ, ਪਰ ਕਈ ਥਾਂਈਂ ਉਹ ਛੰਦਾਂ ਤੋਂ ਖੁੱਲ੍ਹ ਲੈਂਦੇ ਵੀ ਨਜ਼ਰ ਆਉਂਦੇ ਹਨ।

'ਵੱਖਰਾ ਵੱਖਰਾ ਕਤਰਾ ਕਤਰਾ' ਸੰਗ੍ਰਿਹ 'ਤੇ ਪਹੁੰਚ ਕੇ ਕਵੀ ਦੀ ਵਤਨ-ਪ੍ਰਸਤੀ, ਇਕ ਪ੍ਰਸ਼ਨ ਨੂੰ ਜਨਮ ਦਿੰਦੀ ਹੈ। ਪ੍ਰਸ਼ਨ ਹੈ 'ਵਤਨ ਪੂਜਾਂ ਕਿ ਪੂਜਾਂ ਵਤਨ ਵਾਲੇ ?' ਦੇਸ਼ ਦੀ ਆਜ਼ਾਦੀ ਮਗਰੋਂ ਹੋਂਦ ਵਿਚ ਆਏ ਸਮਾਜਕ ਵਿਤਕਰਿਆਂ ਤੇ ਕਾਣੀ ਵੰਡ ਕਾਰਣ ਹੀ ਕਵੀ ਅੰਦਰ ਇਹ ਦੁਚਿੱਤੀ ਦੀ ਭਾਵਨਾ ਪੈਦਾ ਹੁੰਦੀ ਹੈ। 'ਵਤਨ ਪੂਜਾਂ ਕਿ ਪੂਜਾਂ ਵਤਨ ਵਾਲੇ' ਨਜ਼ਮ ਵਿਚ ਦੁਚਿੱਤੀ ਦੀ ਇਹ ਭਾਵਨਾ, ਪ੍ਰਚੰਡ ਰੂਪ ਵਿਚ ਪਰਗਟ ਹੋਈ ਹੈ। ਇਕ ਅਜੀਬ ਕਿਸਮ ਦਾ ਤਣਾਉ, ਸਾਰੀ ਨਜ਼ਮ ਦੇ ਆਰ-ਪਾਰ ਫ਼ੈਲਿਆ ਹੋਇਆ ਹੈ! ਕਵੀ ਮੂਲ ਰੂਪ ਵਿਚ ਵਤਨ-ਪੁਜਾਰੀ ਹੈ। ਵਤਨ ਨੂੰ ਉਹ ਆਪਣੀ ਜਗੀਰ ਵੀ ਮੰਨਦਾ ਹੈ ਅਤੇ ਆਪਣੀ ਆਤਮਾ ਦਾ ਸ਼ਰੀਰ ਵੀ। ਵਤਨ ਨੂੰ ਉਹ ਆਪਣਾ ਆਦਿ ਵੀ ਮੰਨਦਾ ਹੈ ਅਤੇ ਅੰਤ ਵੀ। ਕਵੀ ਦੀ ਇਸੇ ਭਾਵਨਾ 'ਚੋਂ ਇਥੇ ਵਤਨ ਦੀ ਮਿਥ ਹੋਂਦ ਵਿਚ ਆਉਂਦੀ ਹੈ। ਵਤਨ ਵਿਚ ਹੋ ਰਹੇ ਵਿਤਕਰੇ ਉਸ ਨੂੰ ਝੰਜੋੜਦੇ ਹਨ ਅਤੇ ਉਹ ਕਹਿ ਉਠਦਾ ਹੈ:—

ਵਤਨ ਵਾਲੇ ਦੇ ਮਨ ਵਿਚ ਜੋ ਹਰਕਤ।
ਨਾ ਸਮਝੋ ਏਸ ਨੂੰ ਕੋਈ ਸ਼ਰਾਰਤ।
ਬੁੱਝਣ ਯੋਗ ਹੈ ਇਹ ਇਕ ਬੁਝਾਰਤ।
ਇਕ ਦੀ ਝੌਂਪੜੀ, ਇਕ ਦੀ ਅਮਾਰਤ!
ਸੁਆਲ ਇਸ ਵਿਤਕਰੇ ਨੇ ਕਈ ਉਠਾਏ।
ਵਤਨ ਪੂਜਾਂ ਕਿ ਪੂਜਾਂ ਵਤਨ ਵਾਲੇ ?

ਇਥੇ ਕਵੀ ਸਹਿਜੇ ਹੀ 'ਵਤਨ' ਤੇ 'ਵਤਨ ਵਾਲੇ' ਵਿਚਕਾਰ ਇਕ ਦਵੈਤ ਸਿਰਜ ਲੈਂਦਾ ਹੈ ਅਤੇ ਇਨ੍ਹਾਂ ਦੋਹਾਂ ਦੇ ਦਵੰਦਾਤਮਕ-ਸੰਬੰਧਾਂ ਨੂੰ ਅਗਰਭੂਮੀ ਵਿਚ ਲਿਆਉਣ ਦਾ ਯਤਨ ਕਰਦਾ ਹੈ। ਇਥੇ ਹੀ ਬਸ ਨਹੀਂ ਉਹ ਇਨ੍ਹਾਂ ਦੋਹਾਂ ਦੇ ਵਿਰੋਧਾਭਾਸੀ (paradoxical) ਸੰਬੰਧਾਂ ਨੂੰ ਵੀ ਉਜਾਗਰ ਕਰਨ ਤੋਂ ਗੁਰੇਜ਼ ਨਹੀਂ ਕਰਦਾ .—

ਵਤਨ ਨੇ ਢਿੱਡ ਵਿਚ ਖਾਣਾਂ ਲੁਕਾਈਆਂ।
ਵਤਨ ਵਾਲਾ ਦਏ ਭੁੱਖਾ ਦੁਹਾਈਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਵਤਨ ਦੇ ਪੈਰ ਵਿਚ ਨਦੀਆਂ ਸਮਾਈਆਂ ।
ਵਤਨ ਵਾਲੇ ਦੀਆਂ ਬੁੱਲ੍ਹੀਆਂ ਤਿਹਾਈਆਂ ।
ਵਤਨ ਵਾਲੇ ਦੇ ਨਹੀਂ ਕੁਝ ਵੀ ਹਵਾਲੇ ।
ਵਤਨ ਪੂਜਾਂ ਕਿ ਪੂਜਾਂ ਵਤਨ ਵਾਲੇ ?
ਵਤਨ ਦੇ ਪੌਣ-ਪਾਣੀ ਵਿਚ ਤਾਸੀਰਾਂ
ਵਤਨ ਵਾਲਾ ਹੈ ਮਰਦਾ ਨਾਲ ਪੀੜਾਂ ।
ਵਤਨ ਤਾਂ ਪੈਰ ਰੱਖਦਾ ਵਿਚ ਅਮੀਰਾਂ
ਵਤਨ ਵਾਲੇ ਦਾ ਝੱਗਾ ਲੀਰਾਂ-ਲੀਰਾਂ ।
ਇਹ ਪੂੰਜੀ ਪੂਜੀਏ ਜਾਂ ਲੋੜ ਵਾਲੇ ?
ਵਤਨ ਪੂਜਾਂ ਕਿ ਪੂਜਾਂ ਵਤਨ ਵਾਲੇ ?

ਇਸ ਵਿਰੋਧਾਭਾਸ ਨੂੰ ਉਘਾੜਣ ਮਗਰੋਂ ਕਵੀ ਇਸ ਆਪ-ਸਿਰਜੀ ਦਵੈਤ ਨੂੰ ਮੇਟਣ ਦੇ ਆਹਰ ਵਿਚ ਹੈ । ਉਸ ਅਨੁਸਾਰ, ਵਤਨ ਦੇ ਜਿਸਮ ਵਿਚ ਆਤਮਾ ਵਤਨ ਵਾਲੀ ਹੀ ਹੈ । ਵਤਨ ਦੇ ਫੁੱਲ ਵਿਚ ਉਹ ਵਾਸ਼ਨਾਂ ਵਾਂਗ ਹੈ ਅਤੇ ਵਤਨ ਦੀ ਅੱਖ ਵਿਚ ਉਹ ਪ੍ਰਕਾਸ਼ ਵਾਂਗ ਹੈ । ਸੋ ! ਕੋਈ ਵਤਨ ਵਾਲੇ ਨੂੰ ਵਤਨ ਤੋਂ ਵੱਖਰਾ ਕਰਕੇ ਨਹੀਂ ਵਖਾਲ ਸਕਦਾ । 'ਵਤਨ' ਤੇ 'ਵਤਨ ਵਾਲੇ' ਵਿੱਚਲੀ ਏਕਤਾ ਤੇ ਸਾਂਝ ਨੂੰ ਉਭਾਰਨ ਲਈ ਉਹ ਕਹਿ ਉਠਦਾ ਹੈ :—

ਅਸਲ ਵਿਚ ਵਤਨ ਵਾਲਾ ਹੀ ਵਤਨ ਹੈ ।
ਵਰਣ-ਮਾਲਾ ਦਾ ਮਣਕਾ ਇਹ ਰਤਨ ਹੈ !
ਵਤਨ ਜੋ ਕੁਝ ਵੀ ਹੈ ਇਸਦਾ ਯਤਨ ਹੈ ।
ਨਿਰਾ ਜਜ਼ਬਾ ਨਹੀਂ, ਸੱਚਾ ਕਥਨ ਹੈ ।

ਇਥੇ ਪੁੱਜ ਕੇ ਪੂਰਵ ਸਿਰਜੀ ਦਵੈਤ ਮਿਟਦੀ ਹੈ ਅਤੇ ਤਣਾਉ, ਸੁਲਝਾਉ ਵਿਚ ਤਬਦੀਲ ਹੁੰਦਾ ਹੈ । 'ਵਤਨ' ਤੇ 'ਵਤਨ ਵਾਲੇ' ਵਿੱਚਲੀ ਏਕਤਾ ਉਜਾਗਰ ਹੁੰਦੀ ਹੈ । ਭਾਵੇਂ, ਇਹ ਨਜ਼ਮ ਦਵੈਤ ਤੋਂ ਅਦਵੈਤ ਤੱਕ ਦੀ ਯਾਤਰਾ ਕਰਦੀ ਨਜ਼ਰ ਆਉਂਦੀ ਹੈ, ਪਰ ਇਸ ਦੁਆਰਾ ਸਿਰਜੇ 'ਵਿਅੰਗ' ਤੋਂ ਅਸੀਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋ ਸਕਦੇ । ਕਿਉਂਕਿ 'ਵਿਅੰਗ', ਇਸ ਰਚਨਾ ਦੇ ਆਰਪਾਰ ਫੈਲਿਆ ਹੋਇਆ ਹੈ, ਇਸ ਲਈ ਇਸਨੂੰ ਅਸੀਂ 'ਅੰਤਰ-ਵਿਅੰਗ' ਕਹਿਣਾ ਹੀ ਉਚਿਤ ਸਮਝਦੇ ਹਾਂ । ਕੁੱਲ ਮਿਲਾ ਕੇ ਇਥੇ, ਕਵੀ ਦੀ ਆਪਣੇ ਵਤਨ ਪ੍ਰਤੀ ਪ੍ਰਤੀਬੱਧਤਾ ਹੀ ਦ੍ਰਿੜ੍ਹ ਹੁੰਦੀ ਪ੍ਰਤੀਤ ਹੁੰਦੀ ਹੈ । ਵਤਨ ਪ੍ਰਤੀ ਇਸੇ ਪ੍ਰਤੀਬੱਧਤਾ 'ਚੋਂ ਹੀ ਸਮੁੱਚਾ ਮੁਸਾਫ਼ਿਰ-ਕਾਵਿ ਹੋਂਦ ਧਾਰਦਾ ਹੈ । ਕਵੀ ਧਰਮ ਦੀ ਗੱਲ ਕਰ ਰਿਹਾ ਹੋਵੇ ਜਾਂ ਸਦਾਚਾਰ ਦੀ ਅਤੇ ਜਾਂ ਫਿਰ ਕਿਸੇ ਧਾਰਮਕ-ਸਿਆਸੀ ਆਗੂ ਦੀ—ਗੱਲ, ਵਤਨ ਦੇ ਨੁਕਤਾ-ਏ-ਨਿਗਾਹ ਤੋਂ ਹੀ ਹੁੰਦੀ ਹੈ । ਮਹਾਂ ਕਵੀ ਟੈਗੋਰ, ਗੁਰੂ ਗੋਬਿੰਦ ਸਿੰਘ, ਜਵਾਹਰ ਲਾਲ ਨੂੰ, ਕਲਗੀਧਰ, ਭਾਈ ਮਤੀ ਦਾਸ, ਲਾਲ ਬਹਾਦਰ, ਧਰਤੀ ਹੋਰ ਪਰੇ ਹੋਰ ਹੋਰ, ਗ਼ਾਲਿਬ, ਊਧਮ ਸਿੰਘ, ਵਿਧਾਤਾ ਸਿੰਘ 'ਤੀਰ' ਆਦਿ ਉਸ ਦੀਆਂ ਨਜ਼ਮਾਂ, ਇਸ ਵਿਚਾਰ ਦੀ ਪੁਸ਼ਟੀ ਕਰਦੀਆਂ ਨਜ਼ਰ ਆਉਂਦੀਆਂ ਹਨ । 'ਗੁਰੂ ਗੋਬਿੰਦ ਸਿੰਘ' ਨਜ਼ਮ ਵਿਚ ਕਵੀ, ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਹਿਬ ਦੇ ਅਧਿਆਤਮਕ ਸੰਦੇਸ਼ ਨੂੰ ਤਰਜੀਹ ਦੇਣ ਦੀ ਥਾਵੇਂ, ਵਤਨ ਦੇ ਕੰਮ ਆਉਣ ਵਾਲੀਆਂ ਸਲਾਹਵਾਂ ਨੂੰ ਹੀ ਵਧੇਰੇ ਸਾਰਥਕ ਮੰਨਦਾ ਹੈ :—

ਜੀਵਨ ਲਈ, ਮਰਨ ਤੋਂ
ਤੁਲਿਆ ਹੈ ਮੁਲਕ ਸਾਰਾ
ਕੰਮ ਆ ਰਹੀਆਂ ਵਤਨ ਦੇ
ਉਹ ਤੇਰੀਆਂ ਸਲਾਹਵਾਂ ।
... ... ... ...
"ਮੈਂ ਕੌਮ ਨੂੰ ਬਚਾਵਾਂ
ਮੈਂ ਦੇਸ਼ ਨੂੰ ਬਚਾਵਾਂ ।"

ਇਸੇ ਤਰ੍ਹਾਂ 'ਕਲਗੀਧਰ' ਨਜ਼ਮ ਵਿਚ ਕਵੀ, ਸਮਾਮਕ ਵਿਤਕਰਿਆਂ ਨੂੰ ਮਿਟਾਉਣ ਲਈ ਗੁਰੂ ਸਾਹਿਬ ਦੇ ਪੈਗ਼ਾਮ ਨੂੰ ਆਪਣੇ ਲੋੜੀਂਦੇ ਕਾਵਿ-ਪ੍ਰਵਚਨ ਵਿਚ ਢਾਲਦਾ ਸਪੱਸ਼ਟ ਦਿਖਾਈ ਦਿੰਦਾ ਹੈ । ਸਿੱਖ-ਇਤਿਹਾਸ ਦੇ ਪੰਨਿਆਂ ਨੂੰ ਪੇਸ਼ ਕਰਦਾ ਕਰਦਾ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪੈਗ਼ਾਮਾਂ ਨੂੰ ਮਾਡਲ ਰੂਪ ਵਿਚ ਅਪਣਾਉਣ ਦੀ ਕੋਸ਼ਿਸ਼ ਕਰਦਾ ਹੈ । ਪਰ, ਅਜਿਹਾ ਕਰਦਿਆਂ ਉਸ ਦੀ ਵਤਨ-ਪ੍ਰਸਤੀ ਦੀ ਭਾਵਨਾ ਕਿਤੇ ਵੀ ਖ਼ਾਰਜ ਨਹੀਂ ਹੁੰਦੀ । ਅਮਰੀਕਨ ਵਿਗਿਆਨੀਆਂ ਦੁਆਰਾ ਕੀਤੀ ਨਵੀਂ ਧਰਤੀ ਦੀ ਭਾਲ ਉਪਰ ਉਹ ਕਟਾਖ਼ਸ ਕਰਦਾ ਹੈ । ਗੁਰੂ ਨਾਨਕ ਦੇਵ ਜੀ ਦੇ 'ਧਹਤੀ ਹੋਰ ਪਰੇ ਹੋਰ ਹੋਰ' ਦੇ ਦਾਰਸ਼ਨਿਕ ਵਿਚਾਰ ਦੇ ਮੁਕਾਬਲੇ ਵਿਚ ਉਹ ਇਸ ਭਾਲ ਨੂੰ ਤੁੱਛ ਕਰਾਰ ਦਿੰਦਾ ਹੈ ਅਤੇ ਕਹਿ ਉਠਦਾ ਹੈ :—

ਧਰਤੀਆਂ ਬੇਸ਼ੱਕ ਲੱਭੋ
ਹੋਰ ਵੀ,
ਪਰ—ਲੱਭੀ ਹੋਈ ਦੀ ਸੰਭਾਲ
ਪਹਿਲਾ ਫ਼ਰਜ਼ ਹੈ ।
ਸਭ ਤੋਂ ਇਕ ਉੱਚੀ
ਇਬਾਦਤ—
ਇਹੋ ਹੈ, ਬੱਸ ਇਹੋ ਹੈ ।

ਇਉਂ, ਕਵੀ ਦਾ ਧਿਆਨ ਵਧੇਰੇ ਕਰਕੇ ਵਰਤਮਾਨ ਸਥਿਤੀ ਉਪਰ ਹੀ ਟਿੱਕਿਆ ਰਹਿੰਦਾ ਹੈ । ਸਮਕਾਲੀ ਯਥਾਰਥ ਦੀ ਪੇਸ਼ਕਾਰੀ ਨੂੰ ਮੁਸਾਫ਼ਿਰ-ਕਾਵਿ ਵਿਚ ਲੋੜ ਤੋਂ ਵਧ ਤਰਜੀਹ ਦਿੱਤੀ ਗਈ ਹੈ । ਭਵਿੱਖਾਰਥੀ ਸੰਭਾਵਨਾਵਾਂ ਨੂੰ ਸਿਰਜਣ ਦੀ ਸਮਰੱਥਾ, ਇਸ ਕਾਵਿ ਵਿਚ ਕੇਵਲ ਨਾਂ-ਮਾਤਰ ਹੀ ਕਿਧਰੇ ਨਜ਼ਰ ਆਉਂਦੀ ਹੈ । ਬਹੁਤਾ ਜ਼ੋਰ, ਸਮਾਜਕ ਵਿਤਕਰਿਆਂ ਨੂੰ ਹੀ ਪ੍ਰਗਟ ਕਰਨ ਉਪਰ ਹੈ :—

ਸਾਰੀ ਨਿਰਾਸ਼ਾ ਦਾ ਹੈ ਮੂਲ :
ਵੰਡ ਕਾਣੀ—
"ਦੂਜਿਆਂ ਦੀ ਕਮਾਈ 'ਤੇ ਝਾਕ ।"

ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਵਿਤਕਰਿਆਂ ਦਾ ਰੋਗ ਨਾ ਹਟਿਆ
ਦਾਰੂ ਕਰ ਕਰ ਥੱਕੇ ।

ਅਜਿਹੀ ਕਵਿਤਾ ਨੂੰ ਮੈਂ 'ਰਾਜਨੀਤਕ-ਕਵਿਤਾ' ਦੀ ਕੋਟੀ ਵਿਚ ਹੀ ਰਖਣਾ ਉਚਿਤ ਸਮਝਦਾ ਹਾਂ ਕਿਉਂਕਿ ਇਹ ਕਾਵਿ, ਲੋਕਾਂ ਅੰਦਰ ਰਾਜਨੀਤਕ-ਚੇਤਨਾ ਤੇ ਵਤਨ-ਪ੍ਰਸਤੀ ਦੀ ਭਾਵਨਾ ਨੂੰ ਪੈਦਾ ਕਰਨ ਦੀ ਸਰੱਮਥਾ ਰਖਦਾ ਹੈ । ਇਸ ਕਾਵਿ ਦੀਆਂ ਜੜ੍ਹਾਂ ਪੰਜਾਬ ਦੇ ਸਭਿਆਚਾਰ ਵਿਚ ਘੱਟ ਅਤੇ ਦੇਸ਼-ਵਿਦੇਸ਼ ਦੇ ਵਰਤਮਾਨ ਸਿਆਸੀ ਮਾਹੌਲ ਵਿਚ ਵਧੇਰੇ ਹਨ । ਰਾਸ਼ਟਰੀ-ਜਾਗਰਨ ਦੀ ਲਹਿਰ ਨਾਲ ਮੁਸਾਫ਼ਿਰ-ਕਾਵਿ ਦਾ ਬਹੁ-ਪੱਰਤੀ ਸੰਬੰਧ ਹੈ । ਇਸ ਲਈ ਵੀ ਇਸ ਨੂੰ, ਰਾਜਨੀਤਕ-ਕਾਵਿ ਕਹਿਣਾ ਹੀ ਵਧੇਰੇ ਠੀਕ ਜਾਪਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੀਸ਼ੇ ਦੀ ਕਾਵਿ-ਦ੍ਰਿਸ਼ਟੀ

ਐਸ. ਐਸ. ਮੀਸ਼ਾ, ਪੰਜਾਬੀ ਦਾ ਇਕ ਚਰਚਿਤ ਤੇ ਵੱਖਰੇ ਕਿਸਮ ਦਾ ਕਵੀ ਹੈ। ਉਹ ਆਪਣੀ ਕਾਵਿ-ਵਿਧੀ ਪ੍ਰਤੀ ਕੇਵਲ ਸੁਚੇਤ ਹੀ ਨਹੀਂ, ਸਗੋਂ ਆਪਣੇ ਸਮਕਾਲ ਵਿਚ ਰਚੇ ਗਏ ਪੰਜਾਬੀ-ਕਾਵਿ ਨਾਲ ਸੰਬਾਦ ਰਚਾਉਣ ਦੀ ਰੁਚੀ ਵੀ ਰਖਦਾ ਹੈ। ਮੀਸ਼ੇ ਦੀ ਕਾਵਿ-ਦ੍ਰਿਸ਼ਟੀ ਨਾਲ ਆਪਣੀ ਨੇੜ੍ਹੇ ਦੀ ਸਾਂਝ ਪਾਉਣ ਲਈ ਜ਼ਰੂਰੀ ਹੈ ਕਿ ਆਧੁਨਿਕ ਕਵਿਤਾ ਦੇ ਉਸ ਪਿਛੋਕੜ ਨੂੰ ਸਮਝਿਆ ਜਾਏ ਜੋ ਉਸ ਦੀ ਇਕ ਵਿਸ਼ੇਸ਼ ਪ੍ਰਕਾਰ ਦੀ ਕਾਵਿ-ਦ੍ਰਿਸ਼ਟੀ ਨੂੰ ਬਣਾਉਣ ਵਿਚ, ਅਹਿਮ ਭੂਮਿਕਾ ਨਿਭਾਉਂਦਾ ਦੇਖਿਆ ਜਾਂਦਾ ਹੈ।

ਆਧੁਨਿਕ ਪੰਜਾਬੀ ਕਵਿਤਾ ਦੇ ਬਹੁਬਿਧ ਰੰਗਲੇ ਦ੍ਰਿਸ਼ 'ਤੇ ਮੀਸ਼ਾ ਉਦੋਂ ਚਰਚਾ ਦਾ ਵਿਸ਼ਾ ਬਣਿਆ ਜਦੋਂ ਪੰਜਾਬੀ ਦੀ ਪ੍ਰਗਤੀਵਾਦੀ ਕਾਵਿ-ਧਾਰਾ ਆਪਣੀਆਂ ਸਾਰੀਆਂ ਸੰਭਾਵਨਾਵਾਂ ਹੰਢਾ ਲੈਣ ਮਗਰੋਂ ਅੰਤਲੇ ਪੜਾਵਾਂ 'ਤੇ ਵਿਚਰ ਰਹੀ ਸੀ। ਇਤਹਾਸਕ ਤੌਰ 'ਤੇ ਇਹ 1960 ਦੇ ਆਸ ਪਾਸ ਦਾ ਸਮਾਂ ਹੈ ਜਦੋਂ ਕਿ ਇਸ ਪ੍ਰਗਤੀਵਾਦੀ ਕਾਵਿ-ਧਾਰਾ ਵਿਚ ਵਿਗਠਨ ਅਰੰਭ ਹੋਇਆ। ਇਸ ਵਿਗਠਨ ਦੇ ਪ੍ਰਤੀਕਰਮ ਵਜੋਂ ਪ੍ਰਯੋਗਵਾਦੀ ਕਾਵਿ-ਧਾਰਾ ਹੋਂਦ ਵਿਚ ਆਈ। ਇਸ ਕਾਵਿ-ਧਾਰਾ ਨੇ ਪੱਛਮ ਵਿਚ ਵਿਕਸਤ ਹੋਏ ਅਸਤਿਤ੍ਵਵਾਦੀ (EXISTENTIALIST) ਚਿੰਤਨ ਨੂੰ ਆਪਣਾ ਅਧਾਰ ਬਣਾਇਆ। ਵਿਸ਼ੇਸ਼ ਕਰਕੇ ਯਾਂ ਪਾਲ ਸਾਰਤਰ, ਕਿਰਕੇਗਾਰਡ ਤੇ ਨੀਤਸ਼ੇ ਦਾ ਚਿੰਤਨ ਇਨ੍ਹਾਂ ਕਵੀਆਂ ਦੇ ਸਾਹਮਣੇ ਸੀ। ਪ੍ਰਯੋਗਵਾਦੀ ਕਾਵਿ-ਧਾਰਾ ਨਾਲ ਜੁੜੇ ਕਵੀਆਂ ਨੇ ਪ੍ਰਗਤੀਵਾਦੀ ਕਾਵਿ-ਧਾਰਾ ਦੀਆਂ ਖ਼ਾਮੀਆਂ ਨੂੰ ਉਭਾਰਿਆ ਅਤੇ ਕਵਿਤਾ ਵਿਚ ਆਈ ਖੜੋਤ ਦੀ ਸਥਿਤੀ ਨੂੰ ਨਵੇਂ ਨਵੇਂ ਕਾਵਿ-ਪ੍ਰਯੋਗਾਂ ਨਾਲ ਤੋੜਣ ਦਾ ਯਤਨ ਕੀਤਾ। ਭਾਵੇਂ, ਇਸ ਕਾਵਿ-ਧਾਰਾ ਨਾਲ ਸੰਬੰਧਤ ਕਵੀਆਂ ਕੋਲ ਆਪਣਾ ਨਵੇਕਲਾ ਪ੍ਰਤੀਕ-ਵਿਧਾਨ, ਬਿੰਬ-ਵਿਧਾਨ ਤੇ ਕਾਵਿ-ਮੁਹਾਵਰਾ ਸੀ, ਪਰ ਇਹ ਕਵੀ ਜਿਹੋ ਜਿਹੇ ਮਨੁੱਖ ਤੇ ਯਥਾਰਥ ਨੂੰ ਪੇਸ਼ ਕਰ ਰਹੇ ਸਨ—ਉਹ ਸਾਡੇ ਲਈ ਅਸਲੋਂ ਓਪਰਾ ਸੀ। ਨਾਲੇ ਇਨ੍ਹਾਂ ਕਵੀਆਂ ਵਿਚ ਆਧੁਨਿਕਤਾਵਾਦੀ ਕਾਵਿ-ਸ਼ੈਲੀ ਨੂੰ ਅਪਣਾਉਣ ਦੀ ਰੁਚੀ ਵਧੇਰੇ ਪ੍ਰਬਲ ਸੀ। ਨਤੀਜਨ, ਪ੍ਰਯੋਗਵਾਦੀ ਕਾਵਿ-ਧਾਰਾ ਦਾ ਆਪਣਾ ਬੁਨਿਆਦੀ ਅਧਾਰ ਹੀ ਖਿਸਕਣਾ ਸ਼ੁਰੂ ਹੋ ਗਿਆ। ਇਸ ਸਭ ਕੁਝ ਦਾ ਅਸਰ ਇਹ ਹੋਇਆ ਕਿ ਇਸ ਕਾਵਿ-ਧਾਰਾ ਨਾਲ ਸੰਬੰਧਤ ਬਹੁਤੇ ਨਵੇਂ ਕਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਇਨਕਲਾਬੀ ਕਿਸਮ ਦਾ ਕਾਵਿ ਰਚਣ ਵਲ ਰੁਚਿਤ ਹੋ ਗਏ । 'ਕਰਾਂਤੀਕਾਰੀ ਥੀਮ' ਨਾਲ ਸੰਬੰਧਤ ਇਹੋ ਕਾਵਿ ਅੱਗੇ ਚਲ ਕੇ 'ਜੁਝਾਰਵਾਦੀ ਕਾਵਿ' ਕਹਿਲਾਇਆ। ਇਸ ਲਹਿਰ ਨੇ ਇਕ ਐਸੀ ਕਾਵਿ-ਸ਼ੈਲੀ ਨੂੰ ਜਨਮ ਦਿੱਤਾ, ਜਿਸ ਸਦਕਾ ਇਹ ਕਾਵਿ-ਲਹਿਰ, ਪ੍ਰਯੋਗਵਾਦੀ ਕਾਵਿ-ਧਾਰਾ ਨਾਲੋਂ ਵਧੇਰੇ ਮਕਬੂਲ ਹੋ ਗਈ। ਥੋੜ੍ਹੇ ਹੀ ਸਮੇਂ ਵਿਚ, ਆਪਣੀ ਅਨੋਖੀ ਕਾਵਿ-ਸ਼ੈਲੀ ਸਦਕਾ, ਇਸ ਕਾਵਿ-ਲਹਿਰ ਨੇ ਆਪਣੀ ਨਵੇਕਲੀ ਪਛਾਣ ਬਣਾ ਲਈ। ਇਸ ਕਾਵਿ-ਲਹਿਰ ਨੇ ਆਪਣਾ ਕਾਵਿ-ਮੁਹਾਵਰਾ, ਬਿੰਬ-ਵਿਧਾਨ ਤੇ ਪ੍ਰਤੀਕ ਵਿਧਾਨ ਪੇਂਡੂ ਕਿਰਸਾਣੀ ਜੀਵਨ 'ਚੋਂ ਗ੍ਰਹਿਣ ਕੀਤਾ। ਜੋ ਦੂਸਰੀਆਂ ਕਾਵਿ-ਲਹਿਰਾਂ ਦੇ ਮੁਕਾਬਲੇ ਵਿਚ ਵਧੇਰੇ ਪ੍ਰਭਾਵਿਤ ਤੇ ਪ੍ਰੇਰਿਤ ਕਰਨ ਵਾਲਾ ਸੀ।

ਇਸ ਸੰਬੰਧ ਵਿਚ ਇਹ ਤੱਥ ਵੀ ਵਰਣਨਯੋਗ ਹੈ ਕਿ ਇਹ ਕਾਵਿ-ਤਬਦੀਲੀਆਂ ਬੜੀ ਤੇਜ਼ ਗਤੀ ਨਾਲ ਵਾਪਰੀਆਂ। ਸਮੇਂ ਸਮੇਂ ਵਾਪਰੀਆਂ ਇਨ੍ਹਾਂ ਕਾਵਿ-ਤਬਦੀਲੀਆਂ ਤੋਂ ਮੀਸ਼ਾ ਭਲੀ ਪ੍ਰਕਾਰ ਜਾਣੂ ਸੀ। ਕੇਵਲ ਜਾਣੂ ਹੀ ਨਹੀਂ ਉਹ ਇਨ੍ਹਾਂ ਨਾਲ ਨਿਰੰਤਰ ਖਹਿਸਰਦਾ ਵੀ ਰਿਹਾ। ਅਸਲ ਵਿਚ ਉਹ ਸਥਾਪਤ ਪ੍ਰਗਤੀਵਾਦੀ-ਕਵਿਤਾ ਵਿਚ ਆਈ ਖੜੋਤ ਦੀ ਸਥਿਤੀ ਨੂੰ ਆਪਣੇ ਕਾਵਿ-ਪ੍ਰਯੋਗਾਂ ਨਾਲ ਤੋੜਨਾ ਚਾਹੁੰਦਾ ਸੀ, ਜੋ ਸਥਾਪਤ ਤੇ ਨਵ-ਪ੍ਰਗਤੀਵਾਦੀ ਕਵੀਆਂ ਨੂੰ ਸਵੀਕ੍ਰਿਤ ਨਹੀਂ ਸੀ। ਇਹੀ ਵਜ੍ਹਾ ਹੈ ਮੀਸ਼ੇ ਨੂੰ ਇਨ੍ਹਾਂ ਪ੍ਰਗਤੀਵਾਦੀ ਕਵੀਆਂ ਨੇ ਸਵੀਕਾਰ ਨਾ ਕੀਤਾ। ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਕਿ ਜਦੋਂ ਮੀਸ਼ੇ ਨੇ ਪੰਜਾਬੀ ਵਿਚ ਕਵਿਤਾ ਲਿਖਣੀ ਅਰੰਭ ਕੀਤੀ, ਉਦੋਂ ਪੰਜਾਬੀ ਪ੍ਰਗਤੀਵਾਦੀ ਕਾਵਿ-ਧਾਰਾ ਦਾ ਵਿਗਠਨ ਸ਼ੁਰੂ ਹੋ ਚੁੱਕਿਆ ਸੀ। ਪਰ ਪ੍ਰੋ: ਮੋਹਨ ਸਿੰਘ, ਬਾਵਾ ਬਲਵੰਤ ਅਤੇ ਅਜਿਹੇ ਕੁਝ ਹੋਰ ਕਵੀ ਪ੍ਰਗਤੀਵਾਦੀ ਕਵਿਤਾ ਰਚ ਰਹੇ ਸਨ। ਮੀਸ਼ਾ, ਇਨ੍ਹਾਂ ਸਥਾਪਤ ਪ੍ਰਗਤੀਵਾਦੀ ਕਵੀਆਂ ਦੇ ਪਰਛਾਵੇ ਤੋਂ ਮੁਕਤ ਹੋ ਕੇ ਕਵਿਤਾ ਲਿਖਣ ਦੇ ਆਹਰ ਵਿਚ ਸੀ। ਆਪਣੀ ਕਵਿਤਾ ਦੀ ਨਵੇਕਲੀ ਪਛਾਣ ਬਣਾਉਣਾ ਚਾਹੁੰਦਾ ਸੀ। ਇਹੀ ਵਜ੍ਹਾ ਹੈ ਕਿ ਉਸ ਨੇ ਸੁਚੇਤ ਪੱਧਰ 'ਤੇ ਇਨ੍ਹਾਂ ਕਵੀਆਂ ਤੋਂ ਰਤਾ ਵਿੱਥ 'ਤੇ ਰਹਿ ਕੇ ਆਪਣੀ ਨਵੇਕਲੀ ਕਾਵਿ-ਵਿਧੀ ਤੇ ਕਾਵਿ-ਮੁਹਾਵਰੇ ਦੀ ਤਲਾਸ਼ ਕੀਤੀ। ਇਸੇ ਵਿੱਚੋਂ ਹੀ ਮੀਸ਼ੇ ਦੀ ਨਵੇਕਲੀ ਕਾਵਿ-ਦ੍ਰਿਸ਼ਟੀ ਨੇ ਜਨਮ ਲਿਆ। ਤਿੱਖੇ ਵਿਅੰਗ ਤੇ ਕਟਾਖਸ਼ ਨੂੰ ਉਸ ਨੇ ਆਪਣੀ ਕਵਿਤਾ ਦਾ ਮੂਲ ਅਧਾਰ ਬਣਾ ਲਿਆ। ਸਮਾਜਕ, ਰਾਜਨੀਤਕ ਤੇ ਪਰਿਵਾਰਕ ਮਾਨਵੀ ਸਥਿਤੀਆਂ-ਪਰਸਥਿਤੀਆਂ ਉਪਰ ਤਿੱਖਾ ਵਿਅੰਗ ਤੇ ਕਟਾਖਸ਼, ਅੱਗੇ ਚਲ ਕੇ ਮੀਸ਼ੇ ਦੀ ਕਾਵਿ-ਵਿਧੀ ਦੀ ਮੂਲ ਪਛਾਣ ਹੋ ਨਿਬੜਿਆ। ਤਿੱਖਾ ਵਿਅੰਗ ਤੇ ਕਟਾਖਸ਼ ਉਸ ਦੀ ਲੱਗਭਗ ਹਰ ਨਜ਼ਮ, ਗੀਤ ਤੇ ਗ਼ਜ਼ਲ ਵਿਚ, ਕਿਸੇ ਨਾ ਕਿਸੇ ਰੂਪ ਵਿਚ ਕਾਰਜਸ਼ੀਲ ਦਿਸ ਆਉਂਦਾ ਹੈ। ਵਿਸ਼ੇਸ਼ ਕਰਕੇ, 'ਦਸਤਕ' ਤੇ 'ਕਚ ਦੇ ਵਸਤਰ' ਕਾਵਿ-ਸੰਗ੍ਰਿਹਾਂ ਵਿਚ ਇਹ ਵਿਅੰਗ ਤੇ ਕਟਾਖਸ਼ ਪ੍ਰਚੰਡ ਰੂਪ ਧਾਰਦਾ ਦਿਖਾਈ ਦਿੰਦਾ ਹੈ। 'ਆਖਰ ਕਦੋਂ ਤਕ' ਨਜ਼ਮ ਵਿਚ ਮੀਸ਼ਾ ਆਪਣੇ ਖੱਬੇ-ਪੱਖੀ ਸਾਥੀ-ਕਵੀਆਂ ਨੂੰ ਸੰਬੋਧਨ ਕਰਦਾ ਹੋਇਆ ਇਉਂ ਕਹਿੰਦਾ ਹੈ :—

''ਕਦੋਂ ਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਲੱਭਦਾ ਰਹੇਂਗਾ
ਤੂੰ ਬਚਾਅ ਵਿਚ ਹੀ ਬਚਾਅ
ਜ਼ਾਬਤੇ ਦੀ ਜ਼ਰਬ ਖਾ ਖਾ
ਭੋਰਾ ਭੋਰਾ ਭੁਰੇਂਗਾ।
ਕਦੋਂ ਤਕ
ਆਖਰ ਕਦੋਂ ਤਕ
ਖੱਬੇ ਹੱਥ ਹੋ ਕੇ ਸੜਕ ਤੇ ਤੁਰੇਂਗਾ।"

ਇਸੇ ਤਰ੍ਹਾਂ 'ਇਹ ਜੋ ਅੱਜ ਕਲ੍ਹ' ਨਜ਼ਮ ਵਿਚ, ਸ਼ਹਿਰੀ ਮਧ-ਵਰਗੀ ਮਨੁੱਖ ਦੇ ਖੋਖਲੇਪਨ, ਸਾਰਾ ਦਿਨ ਆਪਣੇ ਤੋਂ ਉਤਲੇ ਅਫ਼ਸਰ ਨੂੰ ਜੀ ਜੀ ਕਰਨ ਤੇ ਉਸ ਦੇ ਹਰ ਬੇਲੁਤਫ਼ ਲਤੀਫ਼ੇ 'ਤੇ ਹੱਸਣ ਆਦਿ ਨਿੱਕੀਆਂ-ਨੰਨ੍ਹੀਆਂ ਸਥਿਤੀਆਂ ਉਪਰ ਮੀਸ਼ਾ ਵਿਅੰਗ ਕਰਨੋਂ ਨਹੀਂ ਰਹਿੰਦਾ। ਕੁਰਸੀਆਂ 'ਤੇ ਬੈਠੇ ਇੱਜ਼ਤਾਂ ਵਾਲੇ ਸ਼ਹਿਰੀ ਮਨੁੱਖਾਂ ਦੀਆਂ ਮਾਨਸਿਕ ਗੁੰਥੀਆਂ ਨੂੰ ਉਹ ਇਉਂ ਅਗਰਭੂਮੀ ਵਿਚ ਲਿਆਉਂਦਾ ਹੈ :—

ਕੁਰਸੀ ਉੱਤੇ
ਇੱਜ਼ਤ ਵਾਲੇ
ਕਚ ਦੇ ਵਸਤਰ ਪਾ ਕੇ ਬਹਿੰਦੇ
ਸਵੇਰੇ ਕਿਤੋਂ ਕਿਤੇ ਕੁਝ ਤਿੜਕ ਨਾ ਜਾਏ
ਹਰਦਮ ਸਹਿੰਮੇ ਅੰਗਾਂ ਦਾ ਅਕੜੇਵਾਂ ਸਹਿੰਦੇ
ਹਾਲ ਦਾ ਮਸਲਾ ਪਿਛਲਾ ਕੋਈ ਹਵਾਲਾ ਮੰਗਦਾ
ਜ਼ਿਹਨ ਖੁਰਚਦੇ ਵਿਹੁ ਘੋਲਦੇ
ਫਿਰ ਯਾਦਾਂ ਦੀ ਮੈਲੀ ਬੋਝਲ ਮਿਸਲ ਫੋਲਦੇ।
..................
ਰਾਤੀਂ ਜੇ ਤਨ ਦੇ ਨ੍ਹੇਰੇ ਵਿਚ
ਇੱਛਾ ਦੀ ਕੋਈ ਕੂੰਬਲ ਉਗਦੀ
ਬੱਚਿਆਂ ਦੇ ਜਾਗਣ ਤੋਂ ਡਰਦੇ
ਹੌਲੀ ਹੌਲੀ
ਬੀਵੀ ਦੇ ਥੱਕੇ, ਨਿੰਦਰਾਏ
ਅੰਗਾਂ ਤੋਂ ਵਸਤਰ ਸਰਕੌਂਦੇ
ਕੁਝ ਪਲ ਡੱਕੋ ਡੋਲੇ ਖਾ ਕੇ
ਇੱਛਾ ਦੀ ਕੂੰਬਲ ਕਮਲੌਂਦੀ
ਫਿਰ ਉਂਘਲੌਂਦੇ
ਚਿੰਤਾ ਡੰਗੇ ਸੁਫ਼ਨਿਆਂ ਵਾਲੀ
ਲੰਮੀ ਰਾਤ ਦੇ ਰਾਹੇ ਪੈ ਜਾਂਦੇ
ਉਹੀ ਕਾਲੀ ਵਾਟ ਝਾਗਦੇ।"

ਇਉਂ ਮੀਸ਼ਾ ਨਿੱਕੀਆਂ-ਨੰਨੀਆਂ ਮਾਰਮਿਕ ਤੇ ਸਥੂਲ ਸਥਿਤੀਆਂ ਉਪਰ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਕਾਵਿ-ਵਿਅੰਗ ਤੇ ਕਟਾਖਸ਼ ਨਿਰੰਤਰ ਸਿਰਜਦਾ ਚਲਿਆ ਜਾਂਦਾ ਹੈ। ਚੀਕ-ਬੁਲਬਲੀ, ਸਵਾਗਤ, ਦੇਖ ਸ਼ੀਸ਼ੇ ਵਿਚ ਆਪਣੇ ਆਪ ਨੂੰ, ਨਵਾਂ ਸਾਲ, ਮੋਮਜਾਮਾ, ਦਾਅਵਤ ਤੋਂ ਬਾਅਦ, ਕੈਬਰੇ ਤੋਂ ਬਾਅਦ, ਉਦਘਾਟਨ, ਏਸ ਸ਼ਹਿਰ ਵਿਚ, ਜੰਗਲ ਦੇ ਵਿਚ ਰਾਤ ਪਈ ਹੈ, ਫ਼ਸਾਦ, ਏਸ ਸ਼ਹਿਰ ਵਿਚ; ਆਦਿ ਨਜ਼ਮਾਂ ਮੂਲ ਰੂਪ ਵਿਚ ਉਸ ਦੇ ਕਾਵਿ-ਵਿਅੰਗ ਤੇ ਕਟਾਖਸ਼ ਹੀ ਹਨ। ਕਈ ਨਜ਼ਮਾਂ ਵਿਚ ਮੀਸ਼ਾ ਅੰਤਰ-ਵਿਅੰਗ ਸਿਰਜਣ ਵਿਚ ਵੀ ਸਫ਼ਲ ਰਿਹਾ ਹੈ। ਚੁਰੱਸਤਾ, ਘਰ, ਮੱਤਦਾਨ, ਪ੍ਰਾਹੁਣੀ, ਚੀਕ ਬੁਲਬੁਲੀ ਆਦਿ ਨਜ਼ਮਾਂ ਇਸ ਵਿਚਾਰ ਦੀ ਪੁਸ਼ਟੀ ਲਈ ਪੇਸ਼ ਹਨ। ਬਿਨਾਂ ਚੂੰਢੀ ਵੱਢਣ ਦੇ, ਰੋਮ ਰੋਮ ਵਿਚ ਪੀੜਾ ਛੇੜ ਦੇਣੀ—ਇਸੇ ਅੰਤਰ-ਵਿਅੰਗ ਦੀ ਹੀ ਕਰਾਮਾਤ ਹੈ। ਅੰਤਰ-ਵਿਅੰਗ ਦੀ ਸਿਰਜਣਾ ਕਿਸੇ ਵਿਸ਼ੇਸ਼ ਕਾਵਿ-ਉਕਤੀ ਜਾਂ ਸ਼ਬਦ ਨਾਲ ਨਹੀਂ ਹੁੰਦੀ, ਸਗੋਂ ਇਹ ਤਾਂ ਨਜ਼ਮ ਦੀ ਸਮੁੱਚੀ ਬਣਤਰ ਤੇ ਬਣਤਰ ਦਾ ਸਹਿਜ ਅੰਗ ਹੁੰਦੀ ਹੈ। ਮੀਸ਼ਾ ਆਪਣੇ ਕਾਵਿ ਵਿਚ, ਅਜਿਹੇ ਅੰਤਰ-ਵਿਅੰਗਾਂ ਦੀ ਸਿਰਜਣਾ ਕਰਦਾ ਅਕਸਰ ਨਜ਼ਰ ਆਉਂਦਾ ਹੈ। ਇਉਂ, ਮੀਸ਼ੇ ਨੇ ਆਪਣੇ ਸਮੁੱਚੇ ਕਾਵਿ ਵਿਚ ਵਿਅੰਗ ਤੇ ਕਟਾਖਸ਼ ਨੂੰ ਇਕ ਜੁਗਤ ਤੇ ਵਿਧੀ ਵਜੋਂ ਵਰਤਿਆ ਹੈ। ਸ਼ੁਰੂ ਸ਼ੁਰੂ ਵਿਚ ਉਸ ਨੇ ਆਪਣੀ ਇਸ ਨਵੇਕਲੀ ਕਾਵਿ-ਵਿਧੀ ਨੂੰ ਅਪਨਾ ਲਿਆ ਅਤੇ ਅਖ਼ੀਰ ਇਸੇ ਵਿਧੀ ਨਾਲ ਆਪਣੀ ਕਾਵਿ-ਸਿਰਜਣਾ ਕਰਦਾ ਰਿਹਾ। ਇਥੋਂ ਤੱਕ ਕਿ ਆਪਣੇ ਸਮਕਾਲੀ ਕਵੀਆਂ ਨਾਲ ਸੰਬਾਦ ਰਚਾਉਣ ਸਮੇਂ ਉਹ ਆਪਣੀ ਇਸ ਨਿਸ਼ਚਤ ਵਿਧੀ ਤੋਂ ਉਰ੍ਹਾਂ ਪਰ੍ਹਾਂ ਨਹੀਂ ਹੋਇਆ। ਕਰਾਂਤੀਕਾਰੀ ਲਹਿਰ ਤੋਂ ਮਗਰੋਂ ਉਹ ਆਪਣੇ ਕਰਾਂਤੀਕਾਰੀ ਮਿੱਤਰਾਂ ਨੂੰ ਇਉਂ ਸੰਬੋਧਨ ਕਰਦਾ ਹੈ :—

"ਇਕਲਾਪੇ ਦਾ ਮੌਸਮ ਹਾਲੀਂ
ਸੀਤ ਲਹਿਰ ਤੋਂ ਡਰੀਏ
ਮਿਲਣਾ ਗਿਲਣਾ ਕੁਝ ਚਿਰ ਹੋਰ ਮੁਲਤਵੀ ਕਰੀਏ
ਸੀਤ ਲਹਿਰ ਹੈ
ਨਿੱਘਿਆਂ ਜਜ਼ਬਿਆਂ ਵਾਲਿਓ ਮਿੱਤਰੋ,
ਆਪਣੇ ਸ਼ਹਿਰ 'ਚ ਅਜ ਕੱਲ੍ਹ ਸੀਤ ਲਹਿਰ ਹੈ।"

ਇਉਂ ਵਿਅੰਗ ਤੇ ਸਾਮਿਅਕ ਸਥਿਤੀ ਦੀ ਯਥਾਰਥਕਤਾ ਦੇ ਸੰਯੁਕਤ ਭਾਵ ਇਨ੍ਹਾਂ ਸਤਰਾਂ ਵਿਚ ਪ੍ਰਚੰਡ ਰੂਪ ਧਾਰਦੇ ਦੇਖੇ ਜਾਂਦੇ ਹਨ। ਕੁਝ ਅਜਿਹੇ ਹੀ ਸੰਯੁਕਤ ਭਾਵ, ਉਸ ਦੀ ਨਜ਼ਮ 'ਲੀਕ' ਵਿਚ ਵੀ ਪ੍ਰਗਟ ਹੁੰਦੇ ਸਾਫ਼ ਦਿਖਾਈ ਦਿੰਦੇ ਹਨ। ਵਿਚਾਰ ਦੀ ਸਪੱਸ਼ਟਤਾ ਲਈ ਇਹ ਨਜ਼ਮ ਹਾਜ਼ਰ ਹੈ :—

"ਜੋ ਸਮਝੇ ਮਹਿਰਮ ਦਿਲ ਦੇ ਸਨ
ਹੁਣ ਜਦੋਂ ਕਦੀ ਵੀ ਮਿਲਦੇ ਹਨ
ਤਲਵਾਰ ਨਾਲ, ਸੰਗੀਨ ਨਾਲ
ਜਾਂ ਕਲਮ ਦੀ ਨੋਕ ਮਹੀਨ ਨਾਲ
ਧਰਤੀ ਦੇ ਪਿੰਡੇ ਗੋਰੇ ਤੇ
ਖਿੱਚਦੇ ਨੇ ਲੀਕ ਬਰੀਕ ਜਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮੇਰੇ ਦਿਲ 'ਚੋਂ ਉਠਦੀ ਚੀਕ ਜਹੀ
'ਦੱਸ ਭੇਤ ਆਪਣੇ ਖਾਸੇ ਦਾ
ਤੂੰ ਲੀਕੋਂ ਕਿਹੜੇ ਪਾਸੇ ਦਾ ?'
ਇਹ ਪੁਛਣ ਤੇ ਨਾ ਕੁਝ ਕਹਾਂ
ਸੋਚੀਂ ਪੈ ਜਾਵਾਂ ਚੁੱਪ ਰਹਾਂ ।
ਖ਼ੁਦਗਰਜ਼ ਕਹਿਣ, ਗ਼ੱਦਾਰ ਕਹਿਣ
ਚਾਲਾਕ ਜਿਹਾ ਮੱਕਾਰ ਕਹਿਣ
ਬੁਜ਼ਦਿਲ ਸਮਝੌਤਾਕਾਰ ਕਹਿਣ
ਇਹ ਕੀ ਕੀ ਮੇਰੇ ਯਾਰ ਕਹਿਣ ।
ਮੈਂ ਸਭ ਮੁਸਕਾ ਦੇ ਸਹਿ ਜਾਨਾ
ਤੇ ਕਹਿੰਦਾ ਕਹਿੰਦਾ ਰਹਿ ਜਾਨਾ
ਇਹ ਲੀਕ ਤਾਂ ਸਾਹ ਦੇ ਰੰਗ ਦੀ ਹੈ
ਮੇਰੇ ਫੇਫੜਿਆਂ 'ਚੋਂ ਲੰਘਦੀ ਹੈ ।''

'ਤਲਵਾਰ' ਤੇ 'ਸੰਗੀਨ' ਦੀ ਭਾਸ਼ਾ ਨਾਲ ਗੱਲਾਂ ਕਰਨ ਵਾਲੇ ਅਤੇ ਮਾਨਵੀ-ਚਿੰਤਨ ਨੂੰ 'ਲੀਕਾਂ' ਨਾਲ ਵੰਡਣ ਵਾਲੇ ਆਪਣੇ ਇਨ੍ਹਾਂ ਸਮਕਾਲੀ ਕਰਾਂਤੀਕਾਰੀ ਕਵੀਆਂ ਉਪਰ ਮੀਸ਼ਾ, ਤਿੱਖਾ ਵਿਅੰਗ ਤੇ ਕਟਾਖਸ਼ ਕਰਦਾ ਹੈ । ਉਹ ਇਸ ਕਵੀ ਪਾਸੋਂ ਉਸ ਦੇ ਖ਼ਾਸੇ ਦਾ ਭੇਤ ਪੁੱਛਦੇ ਹਨ ਕਿ ਉਹ 'ਲੀਕੋਂ ਕਿਹੜੇ ਪਾਸੇ ਦਾ ਹੈ' ਆਪਣੀ ਪੋਜੀਸ਼ਨ ਜਾਂ ਪੈਂਤੜੇ ਨੂੰ ਸਪੱਸ਼ਟ ਕਰਨ ਦੀ ਥਾਂ ਮੀਸ਼ਾ, ਸਥਿਤੀ ਦਾ ਰਹੱਸੀਕਰਣ ('ਇਹ ਲੀਕ ਤਾਂ ਸਾਹ ਦੇ ਰੰਗ ਦੀ ਹੈ, ਮੇਰੇ ਫੇਫੜਿਆਂ 'ਚੋਂ ਲੰਘਦੀ ਹੈ') ਕਰ ਦਿੰਦਾ ਹੈ । ਨਤੀਜਨ, ਤਿੱਖਾ ਵਿਅੰਗ ਤੇ ਕਟਾਖਸ਼ ਪ੍ਰਚੰਡ ਰੂਪ ਧਾਰਦਾ ਦਿਖਾਈ ਦਿੰਦਾ ਹੈ । ਇਹ ਤੱਥ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਨਵ-ਪ੍ਰਗਤੀਵਾਦੀ ਕਵੀਆਂ ਦੀ ਤਰ੍ਹਾਂ ਕਰਾਂਤੀਕਾਰੀ ਕਵੀਆਂ ਨੇ ਵੀ ਮੀਸ਼ੇ ਨੂੰ ਸਵੀਕਾਰ ਨਾ ਕੀਤਾ । ਨਵ ਪ੍ਰਗਤੀਵਾਦੀਆਂ ਤੇ ਕਰਾਂਤੀਕਾਰੀ ਕਵੀਆਂ ਦੇ ਤਿੱਖੇ ਵਿਰੋਧ ਦੇ ਬਾਵਜੂਦ ਵੀ ਮੀਸ਼ੇ ਨੇ ਆਪਣੀ ਕਾਵਿ-ਵਿਧੀ ਤੇ ਕਾਵਿ-ਦ੍ਰਿਸ਼ਟੀ ਨੂੰ ਬਦਲਣ ਦਾ ਯਤਨ ਨਾ ਕੀਤਾ ।

ਅਸਲ ਵਿਚ, 'ਚੁਰੱਸਤਾ', ਕਾਵਿ-ਸੰਗ੍ਰਹਿ ਦੇ ਪ੍ਰਕਾਸ਼ਨ ਨਾਲ ਹੀ ਮੀਸ਼ਾ ਪ੍ਰਯੋਗਵਾਦੀ ਕਾਵਿ-ਧਾਰਾ ਨਾਲ ਜੁੜ ਗਿਆ ਸੀ । ਇਸ ਸੰਗ੍ਰਹਿ ਨਾਲ ਸੰਬੰਧਤ ਉਸ ਦੀਆਂ ਬਹੁਤੀਆ ਕਾਵਿ-ਰਚਨਾਵਾਂ ਕਵੀ ਦੀ ਦੁਬਿਧਾ-ਗ੍ਰਸਤ ਮਨੋਸਥਿਤੀ ਨੂੰ ਹੀ ਪਰਗਟ ਕਰਦੀਆਂ ਪ੍ਰਤੀਤ ਹੁੰਦੀਆਂ ਹਨ । ਮਨੁੱਖੀ-ਅਸਤਿਤ੍ਵ ਨਾਲ ਸੰਬੰਧਤ ਭਿੰਨ ਭਿੰਨ ਵਿਸ਼ਿਆਂ ਨੂੰ ਉਸ ਨੇ ਇਥੇ ਕਾਵਿ-ਬੋਲ ਪ੍ਰਦਾਨ ਕੀਤੇ । ਰਵਾਇਤੀ ਕਿਸਮ ਦੇ ਸੂਫ਼ੀਆਨਾ ਕਾਵਿ-ਮੁਹਾਵਰੇ ਤੇ ਪ੍ਰਗੀਤਕ ਚੰਚਲਤਾ ਦੇ, ਇਥੇ ਸਾਨੂੰ ਅਕਸਰ ਦਰਸ਼ਨ ਹੁੰਦੇ ਹਨ । ਮਸਲਨ, 'ਮਿੱਟੀ ਦਾ ਪੁਤਲਾ' ਵਿੱਚੋਂ ਸਤਰਾਂ ਹੀ ਲਉ :

''ਠੀਕ ਇਹ ਮਿੱਟੀ ਦਾ ਪੁਤਲਾ ਹੀ ਸੀ
ਮੰਨਿਆ ਇਸ ਦੀ ਹਕੀਕਤ ਬਹੁਤ ਨਹੀਂ,
ਇਕ ਸ਼ੁਅਲਾ ਹੈ ਪਰ ਇਸ ਵਿਚ ਭੜਕਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਵੇਖੋ ਮਿੱਟੀ ਅੰਬਰਾਂ ਤੇ ਛਾ ਗਈ
ਵੇਖ ਮਿੱਟੀ ਭੇਤ ਕੀ ਕੀ ਪਾ ਗਈ ।''

ਇਥੇ ਮੀਸ਼ਾ, 'ਬਿੰਬ' ਤੇ 'ਵਿਚਾਰ' ਨੂੰ ਇਕੋ ਵੇਲੇ ਸੁਗਠਨ ਦੀ ਪ੍ਰਕਿਰਿਆ ਵਿਚ ਪਾਉਣ ਦੇ ਯਤਨ ਵਿਚ ਹੈ। ਪਰ ਇਥੇ 'ਤਰਕ' ਤੇ ਵਿਚਾਰ' ਨੂੰ ਹੀ ਵਧੇਰੇ ਤਰਜੀਹ ਮਿਲੀ ਹੈ। ਮੀਸ਼ਾ, ਬਿੰਬ-ਪ੍ਰਸਤੁਤੀ ਦਾ ਰਾਹ ਘੱਟ ਹੀ ਅਖ਼ਤਿਆਰ ਕਰਦਾ ਹੈ। ਬਹੁਤਾ ਕਰਕੇ ਉਹ ਆਪਣੀਆਂ ਦਾਰਸ਼ਨਿਕ ਤੇ ਸੰਕਲਪਸ਼ੀਲ ਟਿੱਪਣੀਆਂ ਨੂੰ ਹੀ ਪੇਸ਼ ਕਰਦਾ ਨਜ਼ਰ ਆਉਂਦਾ ਹੈ। ਜਿਵੇਂ ਕਿ :—

''ਇਸ਼ਕ ਤਾਂ ਹੈ ਖ਼ੁਦੀ ਦਾ ਮਰ ਜਾਣਾ
ਭੁੱਲ ਉਨ੍ਹਾਂ ਦੀ ਤੇ ਆਪ ਬਖ਼ਸ਼ਾਣਾ ।''

ਜਾਂ

''ਮੈਂ ਨਹੀਂ ਕਹਿੰਦਾ ਹਾਂ ਕਿ ਧਰਤੀ ਸੁਰਗ ਹੈ
ਨਾ ਮੈਂ ਕਹਿੰਦਾ ਹਾਂ ਸੁਰਗ ਬਣ ਜਾਏਗੀ
ਸੁਰਗ ਅਸਲੀਅਤ ਨਹੀਂ ਹੈ, ਆਦਰਸ਼ ਹੈ।
ਅਸਲੀਅਤ, ਆਦਰਸ਼ ਦਾ ਸੰਘਰਸ਼ ਹੈ।
ਬੱਸ, ਇਹੋ ਸੰਘਰਸ਼ ਹੈ ਇਹ ਜ਼ਿੰਦਗੀ ।''

ਮੀਸ਼ਾ, ਇਸ਼ਕ ਨੂੰ ਪਰਿਭਾਸ਼ਤ ਕਰ ਰਿਹਾ ਹੋਵੇ ਅਤੇ ਜਾਂ ਫਿਰ ਆਦਰਸ਼ ਤੇ ਅਸਲੀਅਤ ਦੀ ਡਾਇਲੈਕਟਿਕਸ ਨਾਲ 'ਜ਼ਿੰਦਗੀ' ਨੂੰ ਸਮਝਾ ਰਿਹਾ ਹੋਵੇ—ਉਹ ਆਪਣੇ ਤਾਰਕਿਕ-ਦਾਰਸ਼ਨਿਕ ਸੰਬਾਦਾਂ ਅਤੇ ਸੁਝਾਉਸ਼ੀਲ-ਸ਼ੈਲੀ ਨੂੰ ਨਹੀਂ ਤੱਜਦਾ। ਉਹ ਤਰਕ ਤੇ ਦਲੀਲ ਨਾਲ ਆਪਣੀ ਕਵਿਤਾ ਵਿਚ ਅਕਸਰ ਸੰਬਾਦ ਰਚਾਉਂਦਾ ਦੇਖਿਆ ਜਾਂਦਾ ਹੈ। ਤਰਕ ਤੇ ਦਲੀਲ ਨਾਲ ਸੰਬਾਦ ਰਚਾਉਣ ਦੀ ਇਹ ਵਿਧੀ ਲੱਗਭਗ ਸਮੁੱਚੇ ਮੀਸ਼ਾ-ਕਾਵਿ ਵਿਚ ਇਕ 'ਹਸਾਬੀਅਤ ਦੇ ਨੇਮ' ਵਾਂਗ ਕਾਰਜਸ਼ੀਲ ਹੈ। ਇਸ ਵਿਧੀ ਸਦਕਾ ਮੀਸ਼ਾ-ਕਾਵਿ ਇਕ ਦ੍ਰਿਸ਼ਟੀ ਵਾਲਾ (ਜਾਂ ਨਵ-ਦ੍ਰਿਸ਼ਟੀ ਵਾਲਾ) ਕਾਵਿ ਤਾਂ ਹੋ ਨਿਬੜਦਾ ਹੈ, ਪਰ ਕਈ ਥਾਈਂ ਉਸ ਦਾ ਚਿੰਤਨ ਜਾਂ ਬੌਧਿਕ ਸੰਬਾਦ, ਕਵਿਤਾ ਉਪਰ ਭਾਰੂ ਹੋ ਗਿਆ ਪ੍ਰਤੀਤ ਹੁੰਦਾ ਹੈ। ਅਜਿਹੀ ਸਥਿਤੀ ਵਿਚ 'ਕਾਵਿਕਤਾ' ਅਲੋਪ ਹੋ ਜਾਂਦੀ ਹੈ ਅਤੇ ਸਾਰੀ ਨਜ਼ਮ ਇਕ ਅਖ਼ਬਾਰੀ ਕਿਸਮ ਦਾ ਸਤੱਈ ਪ੍ਰਭਾਵ ਸਿਟਜਣੋਂ ਨਹੀਂ ਰਹਿ ਸਕਦੀ। ਮਿਸਾਲ ਦੇ ਤੌਰ 'ਤੇ 'ਫ਼ਸਾਦ' ਨਜ਼ਮ ਦੀਆਂ ਇਹ ਸਤਰਾਂ ਹੀ ਲਉ :—

''ਅਦਾਲਤੀ ਪੜਤਾਲ ਸ਼ੁਰੂ ਹੋਣ ਤੇ
ਹੜਤਾਲ ਖੁਲ੍ਹ ਜਾਏਗੀ
ਪੜਤਾਲ ਦੀ ਰਿਪੋਟ ਲਿਖੀ ਜਾਣ ਤੱਕ
ਬਹੁਤ ਸਾਰੇ ਲੋਕਾਂ ਨੂੰ
ਕਿੰਜ ਕਦ ਹੋਈ ਵਾਰਦਾਤ ਭੁੱਲ ਜਾਏਗੀ
ਉਦੋਂ ਤਕ ਹੋਰ ਬਹੁਤ ਕੁਝ ਹੋਇਆ ਹੋਏਗਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਿਸੇ ਹੋਰ ਸ਼ਹਿਰ ਵਿਚ
ਕਿਸੇ ਹੋਰ ਪੱਜ ਹੇਠ ।''

ਕੇਵਲ ਇਹ ਸਤਰ ਹੀ ਨਹੀਂ, ਸਗੋਂ ਸੰਬੰਧਤ ਸਾਰੀ ਨਜ਼ਮ ਹੀ ਇਕ ਅਖ਼ਬਾਰੀ ਕਿਸਮ ਦਾ ਬਿਆਨ ਜਾਂ ਸੂਚਨਾ ਬਣ ਕੇ ਰਹਿ ਜਾਂਦੀ ਹੈ । ਭਾਵੇਂ ਮੀਸ਼ਾ-ਕਾਵਿ ਵਿਚ ਅਜਿਹੀਆਂ ਨਜ਼ਮਾਂ ਬਹੁਤ ਘੱਟ ਹਨ ਪਰ ਇਨ੍ਹਾਂ ਦੀ ਹਾਜ਼ਰੀ ਤੋਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋਇਆ ਜਾ ਸਕਦਾ । ਇਸ ਸਥਿਤੀ ਤੋਂ ਮੁਕਤ ਹੋਣ ਲਈ ਮੀਸ਼ਾ ਕਈ ਵਾਰ, ਆਮ ਪ੍ਰਚਲਤ ਕਾਵਿ-ਮੁਹਾਵਰੇ ਤੋਂ ਹੱਟ ਕੇ, ਵਕ੍ਰੋਕਤੀ ਜਾਂ ਵਿੰਗ ਵਲੇਵੇਂ ਢੰਗ ਨਾਲ ਗੱਲ ਕਹਿਣ ਦੀ ਕੋਸ਼ਿਸ਼ ਕਰਦਾ ਹੈ । ਮਸਲਨ :—

''ਏਸ ਸ਼ਹਿਰ ਵਿਚ
ਲੋਕ ਪੁਸ਼ਾਕਾਂ ਨਹੀਂ ਪਹਿਨਦੇ
ਸਗੋਂ ਸ਼ੁਕੀਨ ਪੁਸ਼ਾਕਾਂ ਪਿੰਡੇ ਪਹਿਨਦੀਆਂ ਨੇ ।''

ਵਿਸ਼ੇਸ਼ ਕਰਕੇ, 'ਕਚ ਦੇ ਵਸਤਰ' ਕਾਵਿ-ਸੰਗ੍ਰਹਿ ਵਿੱਚੋਂ ਅਜਿਹੀਆਂ ਕਈ ਮਿਸਾਲਾਂ ਪੇਸ਼ ਕੀਤੀਆ ਜਾ ਸਕਦੀਆਂ ਹਨ । ਮੀਸ਼ੇ ਦੀ ਇਸੇ ਰੁਚੀ ਵਿੱਚੋਂ, ਰੋਲੇ ਰੱਪੇ ਦਾ ਇਕ ਗੰਦਾ ਛੱਪੜ', 'ਲੋਚਾ ਦੀ ਕੱਚੀ ਰੁੱਤ' ਤੇ 'ਅਕਲ ਦੇ ਬੂਟੇ ਜਾਂ ਅਕਲ ਦੇ ਸ਼ਹਿਰ' ਆਦਿ ਨਵੇਕਲੇ ਕਿਸਮ ਦੇ ਰੂਪਕ ਹੋਂਦ ਵਿਚ ਆਉਂਦੇ ਹਨ ਜੋ ਉਸ ਦੀ ਕਾਵਿ-ਦ੍ਰਿਸ਼ਟੀ ਦੇ ਸੁਹਜਾਤਮਕ ਤੇ ਕਲਾਤਮਕ ਪੱਖ ਨੂੰ ਉਭਾਰਦੇ ਹਨ ।

'ਚੁੱਰਸਤਾ' ਕਾਵਿ-ਸੰਗ੍ਰਹਿ ਵਿੱਚੋਂ ਕੁਲ ਮਿਲਾ ਕੇ ਉਪਰਾਮਤਾ ਦਾ ਸੁਰ ਹੀ ਬੁਲੰਦ ਹੁੰਦਾ ਦੇਖਿਆ ਜਾਂਦਾ ਹੈ । ''ਹੁਣ ਇਸ ਘਰ ਵਿਚ ਜੀ ਨਹੀਂ ਲਗਦਾ'' ਜਿਹੇ ਉਪਰਾਮਤਾ, ਇਕਲਾਪੇ, ਵਿਜੋਗੇ ਹੋਏ ਭਾਵ, ਇਸ ਸੰਗ੍ਰਹਿ ਵਿਚ ਪ੍ਰਚੰਡ ਰੂਪ ਧਾਰਦੇ ਦੇਖੇ ਜਾਂਦੇ ਹਨ । 'ਚੁੱਰਸਤਾ', 'ਘਰ', 'ਗ਼ਮ' ਆਦਿ ਕਾਵਿ-ਰਚਨਾਵਾਂ ਇਸ ਪੱਖੋਂ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ । ਡਰ, ਸਹਿਮ, ਉਦਾਸੀ, ਖ਼ੁਦਕੁਸ਼ੀ, ਗ਼ਮ ਜਹੇ ਅੰਤਰਮੁਖੀ ਭਾਵਾਂ ਦੀ ਪੇਸ਼ਕਾਰੀ ਇਸ ਸੰਗ੍ਰਹਿ ਵਿਚ ਆਪਣੇ ਸਿਖਰ 'ਤੇ ਹੈ । ਮਨੁੱਖੀ ਅਸਤਿਤ੍ਵ ਨਾਲ ਸੰਬੰਧਤ ਅਜਿਹੇ ਸਰਬਵਿਆਪੀ ਭਾਵ, ਸਮੁੱਚੇ ਪ੍ਰਯੋਗਵਾਦੀ-ਕਾਵਿ ਵਿਚ ਸਮੂਰਤ ਰੂਪ ਗ੍ਰਹਿਣ ਕਰਦੇ ਹਨ । ਸੰਨ 1966 ਵਿਚ ਮੀਸ਼ੇ ਦਾ ਦੂਸਰਾ ਕਾਵਿ-ਸੰਗ੍ਰਹਿ 'ਦਸਤਕ' ਪ੍ਰਕਾਸ਼ਤ ਹੋਇਆ । ਇਥੇ ਫਿਰ ਮਾਨਵੀ-ਅਸਤਿਤਵ ਨਾਲ ਸੰਬੰਧਤ ਮੌਤ, ਬੁਢਾਪਾ, ਜਨਮ ਆਦਿ ਸਮੱਸਿਆਵਾਂ, ਉਸ ਦੀ ਕਵਿਤਾ ਦਾ ਕੇਂਦਰ ਬਣਦੀਆਂ ਹਨ । 'ਪ੍ਰਿਜ਼ਮ' ਦੇ ਰੂਪਕ ਨਾਲ , ਉਹ ਮਾਨਵੀ-ਅਸਤਿਤਵ ਦੀਆਂ ਜਟਿਲਤਾਵਾਂ ਨੂੰ ਕਾਵਿ-ਬੋਲ ਪ੍ਰਦਾਨ ਕਰਦਾ ਹੈ । ਜਿਵੇਂ ਕਿ :—

''ਤੁਸੀਂ ਤਾਂ ਮਾਧਿਅਮ ਨੂੰ ਹੀ ਸੋਮਾ ਸਮਝਣ ਵਾਲੇ
ਹੁਣ ਮੈਥੋਂ ਸਤਰੰਗੀ ਲੀਲਾ ਕਿਉਂ ਮੰਗਦੇ ਹੋ
ਮੈਂ ਤਾਂ ਤਿੱਖਿਆਂ ਕੋਨਿਆਂ ਵਾਲਾ
ਰੰਗੀਨ ਕੱਚ ਦਾ ਟੁਕੜਾ ਹਾਂ ।''

'ਕੱਚ ਦੇ ਵਸਤਰ' ਕਾਵਿ-ਸੰਗ੍ਰਹਿ ਵਿਚ, ਮਾਨਵੀ-ਅਸਤਿਤਵ ਦੀਆਂ ਇਨ੍ਹਾਂ ਜਟਿਲਤਾਵਾਂ ਨੂੰ ਹੋਰ ਕਈ ਸਮੂਰਤ ਪਾਸਾਰ ਪ੍ਰਾਪਤ ਹੁੰਦੇ ਦੇਖੇ ਜਾਂਦੇ ਹਨ । ਦਾਅਵਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਤੋਂ ਬਾਅਦ, ਕੈਬਰੇ ਤੋਂ ਬਾਅਦ, ਚੀਕ-ਬੁਲਬੁਲੀ, ਏਸ ਸ਼ਹਿਰ ਵਿਚ, ਮਨੋਦਸ਼ਾ, ਇਕ ਉਦਾਸ ਸ਼ਾਮ, ਨਵਾਂ ਸਾਲ, ਵਿੱਥ, ਘਰ, ਵਸਤਰ ਆਦਿ ਨਜ਼ਮਾਂ ਇਸ ਪੱਖੋਂ ਵਿਸ਼ੇਸ਼ ਕਰਕੇ ਵਿਚਾਰਣਯੋਗ ਹਨ। ਮੀਸ਼ੇ ਦੇ ਚਿੰਤਨ ਦਾ ਇਹ ਪਾਸਾਰ, ਉਸ ਦੀ ਕਾਵਿ-ਦ੍ਰਿਸ਼ਟੀ ਵਿੱਚੋਂ ਸਹਿਜੇ ਕੀਤਿਆਂ ਖ਼ਾਰਜ ਨਹੀਂ ਕੀਤਾ ਜਾ ਸਕਦਾ। ਕਿਉਂਕਿ ਦ੍ਰਿਸ਼ਟੀ, ਚਿੰਤਨ ਤੋਂ ਵਿਹੂਣੀ ਨਹੀਂ ਹੁੰਦੀ। ਕਾਵਿ-ਦ੍ਰਿਸ਼ਟੀ ਦਾ ਸੰਕਲਪ ਇਹ ਦੱਸ ਪਾਉਂਦਾ ਹੈ ਕਿ ਇਸ ਵਿਚ 'ਪ੍ਰੱਤਖਣ' ਤੇ 'ਸੰਕਲਪ' ਇਕ ਦੂਸਰੇ ਵਿਚ ਇਕਮਿਕ ਹੋਏ ਹੁੰਦੇ ਹਨ। ਅਸੀਂ ਵੇਖਣਾ ਇਹ ਹੁੰਦਾ ਹੈ ਕਿ ਕਵੀ ਆਪਣੀ ਕਵਿਤਾ ਵਿਚ ਇੰਦਰਿਆਵੀ ਸੂਹਜ ਤੇ ਚਿੰਤਨ ਨੂੰ ਕੋਈ ਗਤੀਸ਼ੀਲ ਸੰਤੁਲਨ ਪ੍ਰਦਾਨ ਕਰ ਸਕਿਆ ਹੈ ਜਾਂ ਨਹੀਂ ? ਸਾਡੇ ਮੁੱਢਲੇ ਬਹੁਤੇ ਕਵੀ ਇੰਦਰਿਆਵੀ ਪ੍ਰਦਰਸ਼ਨ ਨੂੰ ਕਵਿਤਾ ਵਿਚ ਵਧੇਰੇ ਤਰਜੀਹ ਦੇਂਦੇ ਸਨ। ਪਰ ਮੀਸ਼ਾ ਇੰਦਰਿਆਵੀ-ਸੂਹਜ ਦੇ ਅਜਿਹੇ ਭਰਮ-ਜਾਲ ਤੋਂ ਲੱਗਭਗ ਮੁਕਤ ਹੀ ਹੈ। ਉਹ ਇੰਦਰਿਆਵੀ ਸੰਵੇਦਨਾ ਦੇ ਪ੍ਰਦਰਸ਼ਨ ਵਿਚ ਕੋਈ ਰੁਚੀ ਨਹੀਂ ਰਖਦਾ। ਸਗੋਂ ਤਰਕ ਤੇ ਦਲੀਲ ਨਾਲ ਅਕਸਰ ਸੰਬਾਦ ਰਚਾਉਂਦਾ ਦੇਖਿਆ ਜਾਂਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਕਿ ਮੀਸ਼ਾ ਅਬਲ ਤਾਂ ਬਿੰਬ ਪ੍ਰਸਤੁਤੀ ਦਾ ਰਾਹ ਅਖ਼ਤਿਆਰ ਹੀ ਨਹੀਂ ਕਰਦਾ। ਉਸ ਦੀ ਰੁਚੀ, ਤਰਕਸ਼ੀਲ ਸੰਬਾਦ ਰਚਾਉਣ ਵਿਚ ਪ੍ਰਬਲ ਹੈ। ਜਦੋਂ ਕਦੇ ਉਹ ਬਿੰਬ ਪ੍ਰਸਤੁਤੀ ਦਾ ਰਾਹ ਅਪਣਾਉਂਦਾ ਵੀ ਹੈ ਤਾਂ ਉਹ ਅਕਸਰ ਆਪਣੇ ਬਿੰਬ ਨੂੰ ਵਿਚਾਰ ਜਾਂ ਚਿੰਤਨ ਦੇ ਅਧੀਨ ਹੀ ਰਖਦਾ ਹੈ। ਬਿੰਬ ਨੂੰ, ਮੀਸ਼ਾ-ਕਾਵਿ ਵਿਚ ਗੌਣ ਸਥਾਨ ਹੀ ਪ੍ਰਾਪਤ ਹੈ। ਪਰ ਫ਼ਿਰ ਵੀ ਮੀਸ਼ੇ ਦੀ ਕਵਿਤਾ ਵਿਚ ਉੱਚਾ ਸੁਰ ਘੱਟ ਹੀ ਸੁਣਨ ਨੂੰ ਮਿਲਦਾ ਹੈ। ਉਹ ਧੀਮੇਂ ਬੋਲਾਂ ਰਾਹੀਂ ਵਿਅੰਗ ਤੇ ਕਟਾਖ਼ਸ਼ ਦੀ ਪੱਧਰ 'ਤੇ ਆਪਣੇ ਅਰਥਾਂ ਦਾ ਪਰਗਟਾਵਾ ਕਰਦਾ ਚਲਿਆ ਜਾਂਦਾ ਹੈ। ਸਮੁੱਚੇ ਮੀਸ਼ਾ-ਕਾਵਿ ਵਿਚ ਦ੍ਰਿਸ਼ਟੀ ਤਾਂ ਇਕੋ ਹੀ ਕਾਰਜਸ਼ੀਲ ਹੈ, ਪਰ ਉਸ ਨੂੰ ਭਿੰਨ ਭਿੰਨ ਸਥਿਤੀਆਂ-ਪਰਸਥਿਤੀਆਂ ਅਨੁਸਾਰ ਵਿਵਿਧ ਸਮੂਰਤ ਪਾਸਾਰ ਮਿਲੇ ਹਨ। ਨਵੇਂ ਕਵੀਆਂ ਵਾਂਗ, ਕਾਵਿ-ਸ਼ਿਲਪ ਵਿਚ ਵੀ ਉਸ ਦੀ ਬਹੁਤੀ ਰੁਚੀ ਨਹੀਂ। ਇਹੀ ਵਜ੍ਹਾ ਹੈ ਕਿ ਕਈ ਵਾਰ ਉਸ ਦੀ ਕਵਿਤਾ ਕਥਨ ਜਾਂ ਬਿਆਨ ਦੀ ਪੱਧਰ 'ਤੇ ਵਿਚਰਦੀ ਦਿਖਾਈ ਦੇਂਦੀ ਹੈ। ਉਸ ਵਿਚ ਭਾਵ-ਅਭਿਵਿਅਕਤੀ ਦੀ ਥਾਂ ਬੌਧਿਕਤਾ ਨੂੰ ਵਧੇਰੇ ਤਰਜੀਹ ਮਿਲੀ ਹੈ। ਮੀਸ਼ਾ ਆਪਣੇ ਕਾਵਿ ਦੇ ਅੰਤਰਗਤ, ਬਿੰਬ ਤੇ ਵਿਚਾਰ ਜਾਂ ਇੰਦਰਿਆਵੀ-ਸੂਹਜ ਤੇ ਚਿੰਤਨ ਨੂੰ ਉਹੋ ਜਿਹਾ ਗਤੀਸ਼ੀਲ ਸੰਤੁਲਨ ਨਹੀਂ ਦੇ ਸਕਿਆ, ਜਿਸ ਦੀ ਉਸ ਕੋਲੋਂ ਆਸ ਰਖੀ ਜਾਂਦੀ ਹੈ। ਇਸ ਦੇ ਬਾਵਜੂਦ ਵੀ ਅਸੀਂ ਮੀਸ਼ਾ-ਕਾਵਿ ਨੂੰ ਨਵ-ਦ੍ਰਿਸ਼ਟੀ ਵਾਲਾ ਕਾਵਿ ਕਹਿਣੋਂ ਨਹੀਂ ਰਹਿ ਸਕਦੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸੁਰਜੀਤ ਰਾਮਪੁਰੀ ਦਾ ਕਾਵਿ-ਅਵਚੇਤਨ

ਸੁਰਜੀਤ ਰਾਮਪੁਰੀ ਪੰਜਾਬੀ ਦਾ ਇਕ ਜਾਣਿਆਂ-ਪਛਾਣਿਆ, ਪਰ ਅਣਗੌਲਿਆ ਸ਼ਾਇਰ ਹੈ। ਹੁਣ ਤੱਕ ਦੇ ਹੋਏ ਪੰਜਾਬੀ ਕਾਵਿ-ਚਿੰਤਨ ਉਪਰ ਸਰਸਰੀ ਜਹੀ ਨਜ਼ਰ ਮਾਰਿਆਂ ਹੀ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਸਾਡੇ ਕਾਵਿ-ਸਮੀਖਿਆਕਾਰਾਂ ਨੇ ਸੁਰਜੀਤ ਰਾਮਪੁਰੀ ਦੇ ਕਾਵਿ ਨੂੰ ਪੂਰੀ ਸੰਜੀਦਗੀ ਨਾਲ ਚਿੰਤਨ ਦਾ ਵਿਸ਼ਾ ਬਣਾਉਣ ਤੋਂ ਲੰਗਭਗ ਗੁਰੇਜ਼ ਹੀ ਕੀਤਾ ਹੈ। ਪ੍ਰਾਪਤ ਪੰਜਾਬੀ ਕਾਵਿ-ਚਿੰਤਨ ਦੇ ਅੰਤਰਗਤ ਇਸ ਸੰਬੰਧੀ ਜੇਕਰ ਕੋਈ ਜ਼ਿਕਰ ਹੋਇਆ ਵੀ ਹੈ ਤਾਂ ਉਹ ਮਹਿਜ਼ ਚਲੰਤ ਟਿੱਪਣੀਆਂ ਤੋਂ ਵਧ ਕੁਝ ਨਹੀਂ। ਵਿਕੋਲਿਤਰੇ ਰੂਪ ਵਿਚ ਪ੍ਰਕਾਸ਼ਤ, ਇਕ ਅੱਧ ਲੇਖ ਜ਼ਰੂਰ ਮੇਰੀ ਨਜ਼ਰੀਂ ਪਿਆ। ਕੁਲ ਮਿਲਾ ਕੇ ਇਸ ਸੰਬੰਧੀ ਘੌਲ ਹੀ ਵਰਤੀ ਗਈ ਹੈ। ਇਸ ਸਭ ਕੁਝ ਦੇ ਕਾਰਣ ਕੁਝ ਵੀ ਹੋਣ, ਪਰ ਅਸੀਂ ਇਸ ਸਚਾਈ ਤੋਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋ ਸਕਦੇ। ਇਹੀ ਵਜ੍ਹਾ ਹੈ ਕਿ ਸੁਰਜੀਤ ਰਾਮਪੁਰੀ ਵਰਗੇ ਸਮੱਰਥ ਕਵੀ ਦਾ ਪੰਜਾਬੀ ਕਾਵਿ-ਜਗਤ ਵਿਚ ਨਾ ਤਾਂ ਸਹੀ ਤਰੀਕੇ ਨਾਲ ਕੋਈ ਸਥਾਨ ਨਿਸਚਤ ਹੋ ਸਕਿਆ ਹੈ ਅਤੇ ਨਾ ਹੀ ਇਸ ਦੇ ਕਾਵਿ-ਸਿੱਧਾਂਤ ਜਾਂ ਕਾਵਿ-ਅਵਚੇਤਨ ਸੰਬੰਧੀ ਕੋਈ ਭਰੋਸੇਯੋਗ ਚਰਚਾ ਸਾਹਮਣੇ ਆ ਸਕੀ ਹੈ। ਗਹੁ ਨਾਲ ਵਾਚਿਆਂ ਪਤਾ ਚਲਦਾ ਹੈ ਕਿ ਸੁਰਜੀਤ ਰਾਮਪੁਰੀ ਪਿੱਛਲੇ ਚਾਰ ਕੁ ਦਹਾਕਿਆਂ ਤੋਂ ਕਾਵਿ-ਸਾਧਨਾ ਵਿਚ ਨਿਰੰਤਰ ਜੁੱਟਿਆ ਰਿਹਾ ਹੈ। ਚਾਰ ਦਹਾਕਿਆਂ ਦੇ ਆਪਣੇ ਇਸ ਕਾਵਿ-ਸਫ਼ਰ ਦੌਰਾਨ ਉਸ ਨੇ ਵੱਡੀ ਮਾਤਰਾ ਵਿਚ ਕਾਵਿ-ਸਿਰਜਣਾ ਕੀਤੀ। ਸੰਨ 1956 ਵਿੱਚ 'ਗੀਤਾਂ ਭਰੀ ਸਵੇਰ' ਸਿਰਲੇਖ ਹੇਠ ਉਸ ਦਾ ਪਹਿਲਾ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋਇਆ। ਇਸ ਮਗਰੋਂ 'ਠਰੀ ਚਾਨਣੀ' (1959); 'ਇੱਛਾ ਦਾ ਜਨਮ' (1968); 'ਸੁਪਨਿਆਂ ਦੇ ਪਰਛਾਵੇਂ' (1973): 'ਦਰਦ ਕਹਾਣੀ ਰਾਤਾਂ ਦੀ' (1977); 'ਬੁੱਢਾ ਦਰਿਆ' (1978); 'ਗਾਉਂਦੀ ਹੈ ਤਨਹਾਈ' (1981); 'ਮੈਂ ਸਿਰਫ਼ ਆਵਾਜ਼ ਹਾਂ' (1981) ਆਦਿ ਭਿੰਨ ਭਿੰਨ ਸਮਿਆਂ ਵਿਚ ਉਸ ਦੇ ਸੱਤ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋਏ। ਇਨ੍ਹਾਂ ਕਾਵਿ-ਪੁਸਤਕਾਂ ਦੇ ਡੂੰਘੇ ਅਧਿਅਨ-ਵਿਸ਼ਲੇਸ਼ਣ ਨਾਲ ਹੀ ਅਸੀਂ, ਸੁਰਜੀਤ ਰਾਮਪੁਰੀ ਦੇ ਕਾਵਿ-ਅਵਚੇਤਨ ਨੂੰ ਸਮਝਣ ਦਾ ਯਤਨ ਕਰਾਂਗੇ।

'ਸੁਰਜੀਤ ਰਾਮਪੁਰੀ ਵਧੇਰੇ ਕਰਕੇ ਗੀਤਾਂ ਤੇ ਗ਼ਜ਼ਲਾਂ ਦੇ ਸ਼ਾਇਰ ਵਜੋਂ ਜਾਣਿਆ ਜਾਂਦਾ ਹੈ। ਜਦ ਕਿ ਉਸਨੇ ਸਮੇਂ ਸਮੇਂ ਬਹੁਤ ਸਾਰੀਆਂ ਨਜ਼ਮਾਂ ਦੀ ਰਚਨਾ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਕੀਤੀ। ਇਨ੍ਹਾਂ ਨਜ਼ਮਾਂ, ਗੀਤਾਂ ਤੇ ਗ਼ਜ਼ਲਾਂ ਵਿੱਚੋਂ ਸੁਰਜੀਤ ਰਾਮਪੁਰੀ ਦੀ ਕਾਵਿ-ਯੋਗਤਾ ਦੇ ਭਰਪੂਰ ਦਰਸ਼ਨ ਹੁੰਦੇ ਹਨ। ਇਸ ਸੰਬੰਧੀ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਉਹ ਅਜੋਕੇ ਦੌਰ ਦਾ ਇਕ ਸਮੱਰਥਾਵਾਨ ਸ਼ਾਇਰ ਹੋ ਨਿਬੜਿਆ ਹੈ। ਸੁਰਜੀਤ ਰਾਮਪੁਰੀ, ਆਧੁਨਿਕ ਪੰਜਾਬੀ ਕਵਿਤਾ ਦੇ ਦ੍ਰਿਸ਼ 'ਤੇ ਉਦੋਂ ਸਾਹਮਣੇ ਆਇਆ, ਜਦੋਂ ਪੰਜਾਬੀ ਦੀ ਪ੍ਰਗਤੀਵਾਦੀ ਕਾਵਿ-ਧਾਰਾ ਆਪਣੇ ਸ਼ਿਖਰ 'ਤੇ ਸੀ। ਦੂਸਰੇ ਕਵੀਆਂ ਦੀ ਤਰ੍ਹਾਂ ਉਸ ਨੇ ਵੀ ਇਸ 'ਤਰੱਕੀ ਪਸੰਦ ਲਹਿਰ' ਦੇ ਕਈ ਪ੍ਰਭਾਵ ਕਬੂਲੇ ਅਤੇ ਸੁਚੇਤ ਪੱਧਰ 'ਤੇ ਆਪਣੀ ਸ਼ਾਇਰੀ ਨੂੰ ਇਸ ਕਾਵਿ-ਧਾਰਾ ਨਾਲ ਸੰਬੰਧਤ ਕੀਤਾ। ਇਹ ਵੀਹਵੀਂ ਸਦੀ ਦੇ ਪੰਜਵੇਂ ਕੁ ਦਹਾਕੇ ਦੀ ਗੱਲ ਹੈ। ਇਸ ਗੱਲ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਪ੍ਰਗਤੀਵਾਦੀ ਕਾਵਿ-ਧਾਰਾ ਆਪਣੇ ਆਪ ਵਿਚ, ਇਕ ਸਾਰਥਕ ਤੇ ਪ੍ਰਚੰਡ ਪ੍ਰਭਾਵ ਸਿਰਜਣ ਵਾਲੀ ਕਾਵਿ-ਧਾਰਾ ਵਜੋਂ ਉੱਭਰੀ। ਇਤਨੀ ਸਾਰਥਕ ਹੋਣ ਦੇ ਬਾਵਜੂਦ ਵੀ ਇਹ ਲਹਿਰ, ਆਪਣੇ ਰੁਮਾਂਟਿਕ ਸਰੂਪ ਵਿਚ ਹੀ ਵਿਚਰਦੀ ਰਹੀ। ਇਹੀ ਵਜ੍ਹਾ ਹੈ ਕਿ ਵਧੇਰੇ ਕਰਕੇ ਰੁਮਾਂਟਿਕ ਬਿਰਤੀ ਵਾਲੇ ਸ਼ਾਇਰ ਹੀ ਇਸ ਕਾਵਿ-ਧਾਰਾ ਨਾਲ ਜੁੜਦੇ ਰਹੇ ਹਨ। ਇਸ ਸਭ ਕੁਝ ਦੇ ਨਤੀਜੇ ਵਜੋਂ, ਇਕ ਸ਼ਕਤੀਸ਼ਾਲੀ ਰੁਮਾਂਟਿਕ-ਪ੍ਰਗਤੀਵਾਦੀ ਕਾਵਿ-ਧਾਰਾ ਹੋਂਦ ਵਿਚ ਆਈ। ਸੁਰਜੀਤ ਰਾਮਪੁਰੀ ਇਸੇ ਰੁਮਾਂਟਿਕ-ਪ੍ਰਗਤੀਵਾਦੀ ਕਾਵਿ-ਧਾਰਾ ਦਾ ਇਕ ਮਹੱਤਵਪੂਰਣ ਸ਼ਾਇਰ ਹੈ।

ਚਰਚਾ ਦੇ ਇਸ ਸੰਦਰਭ ਵਿਚ ਇਹ ਤੱਥ ਵੀ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਪੰਜਾਬੀ ਸਾਹਿਤ ਦੇ ਅੰਤਰਗਤ ਰੁਮਾਂਟਿਕ ਕਾਵਿ-ਧਾਰਾ ਤੇ ਤਰੱਕੀ ਪਸੰਦ ਕਾਵਿ-ਧਾਰਾ ਵਿਚਾਲੇ, ਸਮੇਂ ਦੀ ਕੋਈ ਲੰਬੀ ਵਿੱਥ ਨਹੀਂ ਹੈ। ਰੁਮਾਂਟਿਕ ਕਾਵਿ-ਧਾਰਾ ਦੇ ਉਦੈ ਹੋਣ ਨਾਲ ਹੀ ਪ੍ਰਗਤੀਵਾਦੀ ਸਾਹਿਤ ਸੰਬੰਧੀ ਚਰਚਾ ਹੋਂਦ ਵਿਚ ਆ ਗਈ। ਜਦਕਿ ਪੱਛਮ ਵਿਚ 19ਵੀਂ ਸਦੀ ਦੇ ਦੌਰਾਨ ਰਚੀ ਗਈ ਸਮੁੱਚੀ ਕਵਿਤਾ ਦਾ ਪ੍ਰਧਾਨ ਸੁਰ ਰੁਮਾਂਟਿਕ ਹੀ ਰਿਹਾ। ਅਠ੍ਹਾਰਵੀਂ ਸਦੀ ਦੇ ਅੰਤਲੇ ਅਤੇ ਉਨੀਵੀਂ ਸਦੀ ਦੇ ਮੁੱਢਲੇ ਸਮੇਂ ਦੌਰਾਨ ਹੋਂਦ ਵਿਚ ਆਈ ਰੁਮਾਂਟਿਕ ਲਹਿਰ ਨੇ ਸਮੁੱਚੇ ਪੱਛਮੀ ਸਾਹਿਤ-ਚਿੰਤਨ ਤੇ ਕਲਾ ਨੂੰ ਬਹੁਤ ਪ੍ਰਭਾਵਿਤ ਕੀਤਾ। ਮੂਲ ਰੂਪ ਵਿਚ ਇਹ ਲਹਿਰ, ਪਹਿਲਾਂ ਪ੍ਰਚਲਤ 'ਨਵ-ਕਲਾਸਕੀਵਾਦ' 'ਤਕਨੀਕੀਵਾਦ' ਤੇ 'ਤਰਕਵਾਦ' ਦੇ ਵਿਰੋਧ ਵਿਚ ਪ੍ਰੋਟੈਸਟ ਵਜੋਂ ਹੋਂਦ ਵਿਚ ਆਈ। ਸੰਸਕ੍ਰਿਤੀ ਦੇ ਬੰਧਨਾਂ ਤੇ ਹੋਰ ਜ਼ੰਜੀਰਾਂ ਵਿਚ ਜਕੜਿਆ ਮਨੁੱਖ, ਮਾਨਵ-ਆਜ਼ਾਦੀ ਲਈ ਪ੍ਰਕਿਰਤੀ ਵੱਲ ਪਰਤਣ ਲੱਗਿਆ। ਇਸੇ ਚੇਤਨਾ ਵਿੱਚੋਂ ਹੀ ਜੀਵਨ ਪ੍ਰਤੀ ਵਿਅਕਤੀਗਤ ਦ੍ਰਿਸ਼ਟੀਕੋਣ ਪ੍ਰਚੰਡ ਹੁੰਦਾ ਹੈ ਅਤੇ 'ਆਪੇ' ਉਪਰ ਬਲ ਦੀ ਭਾਵਨਾ ਤੀਬਰ ਹੁੰਦੀ ਹੈ। ਸੁਰਜੀਤ ਰਾਮਪੁਰੀ ਦੇ ਸਮੁੱਚੇ ਕਾਵਿ ਵਿਚ ਅਜਿਹੇ ਰੁਮਾਨੀ ਭਾਵਾਂ ਨੂੰ ਤਰਜੀਹ ਮਿਲੀ ਹੈ। ਮਿਸਾਲ ਦੇ ਤੌਰ 'ਤੇ ਉਸਦੀ 'ਮੈਂ ਆਪ ਸੂਰਜ ਬਣਾਂਗਾ' ਨਜ਼ਮ ਹੀ ਲਓ ;—

''ਦਿਨ ਢਲੇ ਜੋ ਸਾਥ ਛੱਡ ਜਾਏ ਮਿਰਾ,
ਹਾਏ ਕਿਉਂ ਪਰਛਾਵਿਆਂ ਦੇ ਨਾਲ ਮੇਰੀ ਦੋਸਤੀ ?
ਤੇ ਹਨੇਰੀ ਰਾਤ ਦਾ ਕੱਲਾ ਸਫ਼ਰ
ਜਿੱਥੇ ਮੇਰੀ ਛਾਂ ਵੀ ਆਪਣੀ ਨਾ ਰਹੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਘੁੱਪ ਹਨੇਰੇ ਦਾ ਕੋਈ ਮਿੱਤਰ ਨਹੀਂ,
ਮੈਂ ਸਦੀਵੀ ਰੌਸ਼ਨੀ ਦੀ ਭਾਲ ਵਿਚ ਟੁਰਦਾ ਰਹਾਂ ।
ਤਾਰਿਆਂ ਦੀ ਲੋਅ ਮੇਰੀ ਮੰਜ਼ਿਲ ਨਹੀਂ,
ਨਿੱਕੇ ਦੀਵੇ ਝੱਖੜਾਂ ਦੇ ਵਿਚ ਜਗ ਸਕਦੇ ਨਹੀਂ !
ਤੇ ਗਿਰਾ ਤਾਂ ਜੰਗਲਾਂ ਦਾ ਸਫ਼ਰ ਹੈ,
ਰੇਤ-ਥਲ ਤੋਂ ਸਾਗਰਾਂ ਦਾ ਸਫ਼ਰ ਹੈ ।
ਜਿੱਥੇ ਸੂਰਜ ਦਿਨ ਸਮੇਂ ਹੀ ਚਮਕਦਾ ।
ਬਿਰਛ ਬਣ ਕੇ ਮੈਂ ਖਲੋਵਾਂ ਨਾ ਕਦੀ,
ਕਿਣਕਾ ਜਾਂ ਤੁਪਕਾ ਵੀ ਹੋਵਾਂ ਨਾ ਕਦੀ ।
ਆਪਣੀ ਵਖਰੀ ਹੋਂਦ ਦਾ ਆਸ਼ਕ ਹਾਂ ਮੈਂ,
ਇਸ ਲਈ ਮੇਰੀ ਇੱਕਲਤਾ ਵੀ ਦੁਖਾਵੀਂ ਹੈ ਨਹੀਂ ।
ਮੈਂ ਕਿਸੇ ਦਾ, ਕੋਈ ਮੇਰਾ ਹੈ ਨਹੀਂ ।
ਫੇਰ ਕਿਉਂ ਪਰਛਾਵਿਆਂ ਦੇ ਨਾਲ ਮੇਰੀ ਦੋਸਤੀ,
ਦਿਨ ਢਲੇ ਜੋ ਸਾਥ ਛੱਡ ਜਾਂਦੇ ਮਿਰਾ ।
ਮੈਂ ਸਦੀਵੀ-ਰੋਸ਼ਨੀ ਦੀ ਭਾਲ ਵਿਚ ਟੁਰਿਆ ਤਾਂ ਹਾਂ
ਕਦੀ ਉਸ ਸੂਰਜ ਨੂੰ ਪਾਵਾਂਗਾ ਜ਼ਰੂਰ
ਦਿਨ ਢਲੇ ਜਿਸ ਨੂੰ ਛੁਪਣ ਦੀ
ਕੋਈ ਮਜਬੂਰੀ ਨਹੀਂ
ਜਾਂ ਮੈਂ ਆਪਣਾ ਆਪ ਸੂਰਜ ਬਣਾਂਗਾ ।''

ਇਥੇ ਸ਼ਾਇਰ ਸਦੀਵੀ-ਰੋਸਨੀ ਦੀ ਭਾਲ ਵਿਚ ਤਤਪਰ ਦਿਖਾਈ ਦਿੰਦਾ ਹੈ । ਉਸ ਕੋਲ ਆਤਮ-ਵਿਸ਼ਵਾਸ ਹੈ ਕਿ ਉਹ ਜ਼ਰੂਰ ਉਸ ਸੂਰਜ ਨੂੰ ਪ੍ਰਾਪਤ ਕਰ ਲਵੇਗਾ ਜੋ ਸਦੀਵੀ-ਰੋਸ਼ਨੀ ਦਾ ਪ੍ਰਤੀਕ ਹੈ ਅਤੇ ਜਿਸਨੂੰ ਦਿਨ ਢਲੇ ਛੁੱਪਣ ਦੀ ਕੋਈ ਮਜਬੂਰੀ ਨਹੀਂ । ਨਹੀਂ ਤਾਂ ਉਹ ਆਪਣਾ ਸੂਰਜ ਆਪ ਬਣਨ ਨੂੰ ਤਿਆਰ ਹੈ । ਇਥੋਂ ਪਤਾ ਚਲਦਾ ਹੈ ਕਿ ਸਾਡਾ ਸ਼ਾਇਰ ਆਪਣੇ ਵਰਤਮਾਨ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹੈ । ਇਹੀ ਵਜ੍ਹਾ ਹੈ ਕਿ ਉਸ ਨੇ ਇਸ ਨੂੰ ਉਨ੍ਹਾਂ 'ਪਰਛਾਵਿਆਂ ਦੀ ਦੋਸਤੀ' ਨਾਲ ਤਸ਼ਬੀਹ ਦਿੱਤੀ ਹੈ ਜੋ ਦਿਨ ਦੇ ਢਲਣ ਨਾਲ ਹੀ ਉਸ ਦਾ ਸਾਥ ਛੱਡ ਜਾਂਦੇ ਹਨ । ਸਦੀਵੀ ਰੋਸ਼ਨੀ ਦੀ ਭਾਲ ਵਿਚ ਉਹ ਆਪਣਾ ਸੂਰਜ ਆਪ ਬਣਨ ਨੂੰ ਤਿਆਰ ਹੋ ਜਾਂਦਾ ਹੈ । ਸਦੀਵੀ ਰੋਸ਼ਨੀ ਦੇ ਪਿਛੋਕੜ ਵਿਚ, ਸੁਰਜੀਤ ਰਾਮਪੁਰੀ ਦਾ ਰੁਮਾਂਟਿਕ ਨਜ਼ਰੀਆ ਤੇ ਤਰੱਕੀ ਪਸੰਦ ਫ਼ਲਸਫ਼ਾ, ਪੂਰੀ ਤਰ੍ਹਾਂ ਕਾਰਜਸ਼ੀਲ ਹੋਇਆ ਨਜ਼ਰ ਆਉਂਦਾ ਹੈ । ਸ਼ਾਇਰ ਦੀ ਆਪਣੇ 'ਆਪੇ' ਵਿਚ ਪੂਰੀ ਆਸਥਾ ਹੈ । 'ਮੈਂ ਆਪ ਸੂਰਜ ਬਣਾਂਗਾ' ਕਥਨ, ਇਸੇ ਆਸਥਾ ਦਾ ਹੀ ਸਮੂਰਤ ਪਰਗਟਾਵਾ ਕਿਹਾ ਜਾ ਸਕਦਾ ਹੈ । 'ਬੁੱਢਾ ਦਰਿਆ; ਇਕ ਦੀਵੇ ਤੋਂ ਜਲਣ ਦੀਵੇ ਅਨੇਕ; ਜ਼ਿੰਦਗੀ ਨੂੰ ਜ਼ਿੰਦਗੀ ਦੀ ਪੁਕਾਰ; ਜੀਵਨ ਅਜੇ ਹਨੇਰਾ; ਮੈਂ ਚਾਹੁੰਦਾ ਹਾਂ ਆਦਿ ਅਜਿਹੀਆਂ ਹੋਰ ਕਈ ਨਜ਼ਮਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਅਜਿਹੇ ਤਰੱਕੀ-ਪਸੰਦ ਮਾਨਵਵਾਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਨੱਜ਼ਰੀਏ ਨੂੰ ਤਰਜੀਹ ਮਿਲੀ ਹੈ। 'ਮੈਂ ਚਾਹੁੰਦਾ ਹਾਂ' ਨਜ਼ਮ ਦੀਆਂ ਇਹ ਸਤਰਾਂ ਇਸ ਵਿਚਾਰ ਦੀ ਪੁਸ਼ਟੀ ਲਈ ਹਾਜ਼ਰ ਹਨ :—

''ਨਵਾਂ ਉਤਸ਼ਾਹ ਭਰੇ ਸਾਥੀ, ਨਵੀਂ ਪਰਭਾਤ ਦੇ ਲਈ
ਹਰੇਕ ਜੀਵਨ ਤੇ ਛਾ ਜਾਏ, ਖੁਸ਼ੀ ਤੇ ਅਮਨ ਖ਼ੁਸ਼ਹਾਲੀ
ਇਹ ਜੰਗਾਂ ਸਾੜ ਨਾ ਦੇਵਣ, ਇਹ ਧਰਤੀ ਸੁਪਨਿਆਂ ਵਾਲੀ
ਸੁਨਹਿਰੀ ਸੁਪਨਿਆਂ ਨੂੰ ਜੰਗ ਦਾ ਧੂੰਆਂ ਡਰਾਵੇ ਨਾ
ਸਮਾਜਾਂ ਦਾ, ਰਿਵਾਜਾਂ ਦਾ ਕੋਈ ਭੈ ਦਿਲ ਨੂੰ ਖਾਵੇ ਨਾ
ਖ਼ੁਸ਼ੀ ਦੀ ਮਿੱਠੀ ਨੀਂਦਰ 'ਚੋਂ, ਕਦੀ ਵੀ ਗ਼ਮ-ਜਗਾਵੇ ਨਾ।''

ਕਵੀ ਨੂੰ ਆਪਣੀ ਵਰਤਮਾਨ ਸਥਿਤੀ ਵਿੱਚੋਂ ਬਰਬਾਦੀ ਤੇ ਆਰਥਕ ਗ਼ੁਲਾਮੀ ਸੰਬੰਧੀ ਸੂਚਨਾ ਮਿਲਦੀ ਹੈ। ਤਾਂ ਹੀ ਉਹ ਇਸ ਪ੍ਰਤੀ ਅਸੰਤੁਸ਼ਟਤਾ ਪਰਗਟ ਕਰਦਾ ਹੈ ਅਤੇ ਨੇੜਲੇ ਭਵਿੱਖ ਵਿਚ ਆਉਣ ਵਾਲੀ 'ਨਵੀਂ ਪਰਭਾਤ' ਦਾ ਸੁਫ਼ਨਾ ਬੀਜਦਾ ਹੈ। ਇਥੇ ਕਵੀ ਵਧੇਰੇ ਕਰਕੇ ਆਪਣੀ ਸੋਚ ਵਿੱਚ ਉਪਜੇ ਖ਼ਦਸ਼ਿਆਂ ਨੂੰ ਪਰਗਟ ਕਰਨ ਵੱਲ ਰੁਚਿਤ ਹੈ। ਜੰਗ ਦੀਆਂ ਮਾਰੂ ਸ਼ਕਤੀਆਂ ਕਿਧਰੇ ਸੁਪਨਿਆਂ ਵਾਲੀ ਧਰਤੀ ਨੂੰ ਸਾੜ ਨਾ ਦੇਣ। ਇਸੇ ਭੈਭੀਤ ਮਾਨਸਿਕਤਾ ਵਿੱਚੋਂ ਉਹ ਹਰੇਕ ਦੇ ਜੀਵਨ ਲਈ ਖ਼ੁਸ਼ੀ, ਅਮਨ ਤੇ ਖ਼ੁਸ਼ਹਾਲੀ ਦੀ ਕਾਮਨਾ ਕਰਦਾ ਹੈ। ਇਥੋਂ ਪਤਾ ਚਲਦਾ ਹੈ ਕਿ ਸੁਰਜੀਤ ਰਾਮਪੁਰੀ ਆਪਣੇ ਇਰਧ-ਗਿਰਧ ਫੈਲੇ ਆਰਥਕ ਸ਼ੋਸ਼ਣ ਤੇ ਸਮਾਜਕ ਨਾ-ਬਰਾਬਰੀਆਂ ਪ੍ਰਤੀ ਕਾਫ਼ੀ ਸੁਚੇਤ ਹੈ। ਇਸ ਚੇਤਨਾ ਦੇ ਬਾਵਜੂਦ ਵੀ ਉਹ ਨਿਰਾਸ਼ਾਵਾਦੀ ਨਹੀਂ ਹੁੰਦਾ, ਸਗੋਂ ਕਿਸੇ ਸੁਨਿਹਰੇ ਭਵਿੱਖ ਦੀ ਆਸ ਰਖਦਾ ਹੈ। ਉਸਦੇ ਪਹਿਲੇ ਦੋਵੇਂ ਕਾਵਿ-ਸੰਗ੍ਰਹਿ 'ਗੀਤਾਂ ਭਰੀ ਸਵੇਰ' ਤੇ 'ਠਰੀ ਚਾਨਣੀ' ਇਸ ਰੁਮਾਂਟਿਕ-ਪ੍ਰਗਤੀਵਾਦੀ ਨੱਜ਼ਰੀਏ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ। ਕਿਤੇ ਕਿਤੇ ਉਹ ਆਪਣੇ ਇਸ ਨੱਜ਼ਰੀਏ ਪ੍ਰਤੀ ਉਪਭਾਵੁਕ ਹੋਇਆ ਵੀ ਪ੍ਰਤੀਤ ਹੁੰਦਾ ਹੈ। ਪਰ, ਆਪਣੇ ਅੱਗਲੇ ਕਾਵਿ-ਸੰਗ੍ਰਿਹਾਂ ਵਿਚ ਉਹ ਇਸ ਉਪਭਾਵੁਕਤਾ ਨੂੰ ਸੰਜਮ ਵਿੱਚ ਬੰਨ੍ਹਣ ਲਈ ਤਤਪਰ ਨਜ਼ਰ ਆਉਂਦਾ ਹੈ। ਇਸ ਨਾਲ ਉਸਦੀਆਂ ਕਾਵਿ-ਰਚਨਾਵਾਂ ਨੂੰ ਵਧੇਰੇ ਡੂੰਘਾਈ ਮਿਲਦੀ ਹੈ ਅਤੇ ਇਨ੍ਹਾਂ ਨਾਲ ਨਵੇਂ ਅਰਥ ਪਾਸਾਰ ਜੁੜਦੇ ਚਲੇ ਜਾਂਦੇ ਹਨ। ਮਿਸਾਲ ਦੇ ਤੌਰ 'ਤੇ ਉਸਦੇ ਇਕ ਗੀਤ ਦੀਆਂ ਇਹ ਸਤਰਾਂ ਹੀ ਲਉ :—

''ਮਨ, ਤਨ ਦੇ ਅੰਦਰ ਇਉਂ ਰਹਿੰਦਾ, ਜਿਉਂ ਬੱਦਲਾਂ ਵਿਚ ਪਾਣੀ।
ਤਨ ਤਾਈਂ ਰੰਗਾਂ ਵਿਚ ਰੰਗੀਏ, ਮਨ ਦੀ ਸਾਰ ਨਾ ਜਾਣੀ।''

ਇਸ ਸਾਰੇ ਗੀਤ ਵਿਚ ਕਵੀ 'ਤਨ' ਤੇ 'ਮਨ' ਦੀ ਇਕ ਦਵੈਤ ਸਿਰਜ ਲੈਂਦਾ ਹੈ ਅਤੇ ਇਸ ਨੂੰ ਸਾਰੇ ਗੀਤ ਵਿਚ ਫੈਲਾਉਂਦਾ ਚਲਿਆ ਜਾਂਦਾ ਹੈ। ਜਿਵੇਂ ਕਿ ਤਨ ਦੇ ਸਾਥ ਨਿਤ ਨਵੇਂ, ਪਰ ਮਨ ਦਾ ਸਾਥ ਪੁਰਾਣਾ; ਤਨ ਅੰਦਰ ਖ਼ੁਸ਼ਬੋਈ ਹੈ, ਮਨ ਅੰਦਰ ਕੋਈ ਮਹਿਕ ਨਹੀਂ, ਤਨ ਦੀ ਮੌਤ ਨੂੰ ਸਾਰੇ ਰੋਂਦੇ ਹਨ, ਪਰ ਮਨ ਦੀ ਮੌਤ ਅਜਾਈਂ ਜਾਂਦੀ ; ਤਨ ਦੇ ਰੋਗ ਦੇ ਸੈਆਂ ਦਾਰੂ ਨੇ, ਪਰ ਮਨ ਦਾ ਕੋਈ ਅਹੁਰ ਨਹੀਂ ਹੈ ਆਦਿ ਆਦਿ। 'ਤਨ' ਤੇ 'ਮਨ' ਦੀ ਦਵੈਤ ਉਪਰ ਅਧਾਰਤ ਇਹ ਗੀਤ, ਆਪਣੇ ਮਮੁੱਚੇ ਰੂਪ ਵਿਚ ਦਾਰਸ਼ਨਿਕ ਅਰਥ ਅਖ਼ਤਿਆਰ ਕਰ ਜਾਂਦਾ ਹੈ। ਕੁਝ ਅਜਿਹਾ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਰੁਮਾਂਟਿਕ ਅਰਥ-ਪਾਸਾਰ ਉਸਦੇ ਇਕ ਹੋਰ ਗੀਤ ਵਿਚ ਵੀ ਵੇਖਣ ਨੂੰ ਮਿਲਦਾ ਹੈ ਜਿਸ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ :...

"ਦੀਵਾ-ਕਿੰਜ ਬਲੇ ?
ਝਿਲਮਿਲ ਕਰਦੇ ਤਾਰਿਆਂ ਹੇਠਾਂ
ਘੋਰ ਹਨੇਰਾ ਪਲੇ ।
... ... ... ...
ਹਰ ਇਕ ਦੀਪ ਜਗੇ, ਦੀਪਕ ਸੰਗ ਬਣ ਜਾਏ ਦੀਵਾਲੀ,
ਅੰਬਰਾਂ ਤੋਂ ਇਕ ਚਾਨਣ ਬਰਸੇ, ਛਾ ਜਾਏ ਹਰਿਆਲੀ,
ਹਰ ਟਹਿਣੀ ਤੇ ਚਾਨਣ ਦਾ, ਫੁੱਲ ਤੇ ਅੰਗਿਆਰ ਜਲੇ ।
ਦੀਵਾ ਇੰਝ ਬਲੇ !
ਦੀਏ ਸੰਗ ਸੈਆਂ ਦੀਪ ਬਲੇ......।"

ਅਜਿਹੀਆਂ ਕਾਵਿ-ਕਿਰਤਾਂ ਰਾਹੀਂ ਸੁਰਜੀਤ ਰਾਮਪੁਰੀ ਦਾ ਜ਼ਿੰਦਗੀ ਪ੍ਰਤੀ ਮਾਨਵਵਾਦੀ ਤੇ ਕਲਿਆਣਕਾਰੀ ਦ੍ਰਿਸ਼ਟੀਕੋਣ ਉੱਭਰ ਕੇ ਸਾਹਮਣੇ ਆ ਜਾਂਦਾ ਹੈ । 'ਇੱਛਾ ਦਾ ਜਨਮ' ਤੇ 'ਸੁਪਨਿਆਂ ਦੇ ਪਰਛਾਵੇਂ' ਕਾਵਿ-ਸੰਗ੍ਰਿਹਾਂ ਵਿਚ, ਇਸ ਦ੍ਰਿਸ਼ਟੀ-ਕੋਣ ਨੂੰ ਹੋਰ ਵਧੇਰੇ ਡੂੰਘਾਈ ਤੇ ਬੌਧਿਕਤਾ ਹਾਸਲ ਹੋ ਜਾਂਦੀ ਹੈ । ਮਿਸਾਲ ਦੇ ਤੌਰ 'ਤੇ ਉਸਦਾ ਇਹ ਸ਼ਿਅਰ ਹੀ ਲਉ :—

(ੳ) "ਨਿੱਕਾ ਜਿਹਾ ਪਰਦਾ ਹੈ ਮੌਤ ਜ਼ਿੰਦਗੀ ਦੇ ਵਿੱਚ
ਉਹ ਅਸਲ ਵਿੱਚ ਅਰੰਭ ਹੈ ਕਹਿੰਦੇ ਜਿਹਨੂੰ ਹਸ਼ਰ ।
ਆਓ ! ਅਸੀਂ ਹਥ-ਘੁਟਣੀ ਨੂੰ ਜੰਜੀਰ ਸਮਝੀਏ
ਹਰਿਆ ਹਮੇਸ਼ਾਂ ਧੜਕਣਾ ਦੀ ਸਾਂਝ ਤੋਂ ਜਬਰ ।"

(ਅ) "ਚੰਨ ਤੀਕਰ ਰਾਕਟਾਂ ਨੇ ਛਾਣਿਆ ਅਸਮਾਨ ਨੂੰ
ਕੀ ਕਦੀ ਅਰਸ਼ਾਂ 'ਚ ਰਹਿੰਦਾ ਵੀ ਕਦੀ ਭਗਵਾਨ ਸੀ ।"

(ੲ) "ਤਨਹਾਈਆਂ 'ਚ ਤੇਰਾ ਹੀ ਗੀਤ ਗਾ ਰਿਹਾ ਹਾਂ ।
ਤੇਰਾ ਖ਼ਿਆਲ ਆਪਣਾ ਸਾਥੀ ਬਣਾ ਰਿਹਾ ਹਾਂ ।"

ਉਸਦੇ ਮਗਰਲੇ ਕਾਵਿ-ਸੰਗ੍ਰਿਹਾਂ ਵਿੱਚ ਰੁਮਾਨੀ ਭਾਵਾਂ ਦੀ ਪੇਸ਼ਕਾਰੀ ਵਧੇਰੇ ਕਾਮਯਾਬੀ ਨਾਲ ਹੋਈ ਨਜ਼ਰ ਆਉਂਦੀ ਹੈ । ਇਨ੍ਹਾਂ ਸੰਗ੍ਰਿਹਾਂ ਨਾਲ ਸੰਬੰਧਤ ਕਾਵਿ-ਕਿਰਤਾਂ ਵਿੱਚਲਾ ਸਰੋਦੀ ਅੰਸ਼ ਵਧ ਜਾਂਦਾ ਹੈ ਅਤੇ ਕਵੀ ਤਨਹਾਈ, ਪਿਆਰ, ਬਿਰਹਾ ਦੀ ਪੀੜਾ, ਗ਼ਮ ਜਹੇ ਰੁਮਾਨੀ ਭਾਵਾਂ ਨੂੰ ਬਾਖ਼ੂਬੀ ਨਾਲ ਪੇਸ਼ ਕਰਦਾ ਚਲਿਆ ਜਾਂਦਾ ਹੈ । ਇਸ ਵਿਚਾਰ ਦੀ ਪੁਸ਼ਟੀ ਇਨ੍ਹਾਂ ਸ਼ਿਅਰਾਂ ਤੋਂ ਸਹਿਜੇ ਹੀ ਹੋ ਜਾਂਦੀ ਹੈ :—

(ੳ) "ਦੋ ਮੰਜ਼ਿਲਾਂ ਜੀਵਨ ਵਿਚ ਆਈਆਂ,
ਇਕ ਤਨਹਾਈ, ਦੂਜਾ ਚੁੰਮਨ ।"

(ਅ) "ਰੇਸ਼ਮ ਰੇਸ਼ਮ ਮੇਰੀਆਂ ਰਾਤਾਂ,
ਗੋਰੀਆਂ ਗੋਰੀਆਂ ਤੇਰੀਆਂ ਬਾਹੀਂ ।
ਮੋਈਆਂ ਯਾਦਾਂ ਜ਼ਿੰਦਾ ਕਰੀਏ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਇਹ ਜੀਵਨ ਗੁਜ਼ਰੇਗਾ ਤਾਹੀਂ ।''

(ੲ) ''ਸਮਾਂ ਆਜ਼ਾਦ ਪਰ ਪ੍ਰੀਤਾਂ ਦੇ ਪੈਰੀਂ ਸੈਂਕੜੇ ਬੰਧਨ,
ਮੁਹੱਬਤ ਨੂੰ ਕਦੋਂ ਮਿਲਿਆ ਹੈ ਉਸ ਦੇ ਹਾਣ ਦਾ ਵੇਲਾ ।''

(ਸ) ''ਤਨ ਦੀ ਮੈਲੀ ਚਾਦਰ ਲੈ ਕੇ ਕਿੰਜ ਤੇਰੇ ਦਰ ਆਵਾਂ ?
ਕਾਲਖ ਨੂੰ ਕੋਈ ਨਾ ਦੱਸਦਾ ਸੂਰਜ ਦਾ ਸਿਰਨਾਵਾਂ ।''

ਇਥੇ ਸੁਰਜੀਤ ਰਾਮਪੁਰੀ ਇੰਦਰਿਆਵੀ ਸੰਵੇਦਨਾ ਅਤੇ ਪ੍ਰਤੱਖਣਾ ਨੂੰ ਵਧ ਤੋਂ ਵਧ ਅਗਰਭੂਮਨ ਦੇਣ ਦੇ ਆਹਰ ਵਿਚ ਰੁਝਿਆ ਨਜ਼ਰ ਆਉਂਦਾ ਹੈ। ਸਹਿਜੇ ਸਹਿਜੇ ਰੁਮਾਂਟਿਕ ਸੰਵੇਦਨਾ ਦਾ ਰੰਗ ਉਘੜਦਾ ਚਲਿਆ ਜਾਂਦਾ ਹੈ। ਕਿਤੇ ਕਿਤੇ ਕਵੀ, ਸੰਵੇਦਨਾ ਦੇ ਇਸ ਤੀਬਰ ਵਹਾਅ ਨੂੰ ਆਪਣੀ ਪ੍ਰਗਤੀਵਾਦੀ ਦ੍ਰਿਸ਼ਟੀ ਦੇ ਅਧੀਨ ਕਰਨ ਦਾ ਸੁਚੇਤ ਯਤਨ ਕਰਦਾ ਨਜ਼ਰ ਆਉਂਦਾ ਹੈ। ਮਸਲਨ 'ਗਾਉਂਦੀ ਹੈ ਤਨਹਾਈ' ਸੰਗ੍ਰਹਿ ਨਾਲ ਸੰਬੰਧਤ, ਦੋ ਗ਼ਜ਼ਲਾਂ ਦੇ ਇਹ ਸ਼ਿਅਰ ਹੀ ਲਉ :—

''ਮਿਹਨਤੀ ਹੱਥਾਂ ਦੇ ਉਤੇ ਚਮਕਿਆ ਮੁੜ੍ਹਕਾ ਜਦੋਂ,
ਕਾਲੇ ਧਨ ਦਾ ਕਾਲਾ ਰਾਖਸ਼ ਵੇਖ ਕੇ, ਚੁੰਧਿਆ ਗਿਆ ।''

ਜਾਂ

''ਗਰੀਬੀ, ਹੁਸਨ ਤਾਂ ਪਰਦੇ 'ਚ ਰਹਿ ਕੇ ਵੀ ਉਘੜਦੇ ਨੇ,
ਸਗੋਂ ਬਹੁਤਾ ਨਿਖਰਦੇ ਨੇ ।
ਅਮੀਰੀ ਦੀ ਸੁਨਹਿਰੀ ਸੇਜ 'ਤੇ ਜਦ ਮੋਮ ਢਲਦੀ ਹੈ,
ਉਦੋਂ ਚਰਚਾ ਨਹੀਂ ਹੁੰਦਾ ।''

ਬਹੁਤਾ ਕਰਕੇ ਇਥੇ ਰੁਮਾਨੀ ਭਾਵਾਂ ਨਾਲ ਓਤਪ੍ਰੋਤ ਸੰਵੇਦਨਾ ਦੇ ਭਿੰਨ ਭਿੰਨ ਰੰਗ ਹੀ ਉਘੜਦੇ ਨਜ਼ਰ ਆਉਂਦੇ ਹਨ। ਇਸ ਨਾਲ ਐਂਦਰੀਯਤਾ ਤੇ ਪ੍ਰਤੱਖਣਾ ਨੂੰ ਵਧ ਤੋਂ ਵਧ ਅਗਰਭੂਮਨ ਮਿਲਦਾ ਜਾਂਦਾ ਹੈ। ਇਹ ਸੁਰਜੀਤ ਰਾਮਪੁਰੀ ਦੇ ਕਾਵਿ-ਅਵਚੇਤਨ ਨਾਲ ਸੰਬੰਧਤ ਇਕ ਅਹਿਮ ਨੁਕਤਾ ਹੈ। ਧਿਆਨ ਨਾਲ ਦੇਖਿਆਂ ਪਤਾ ਚਲਦਾ ਹੈ ਕਿ ਇਹ ਲੱਗਭਗ ਉਹੀ ਕਾਵਿ-ਅਵਚੇਤਨ ਹੈ ਜੋ ਇਸ ਤੋਂ ਪਹਿਲਾਂ ਪ੍ਰੋ. ਮੋਹਨ ਸਿੰਘ ਦੇ ਕਾਵਿ ਰਾਹੀਂ ਪਰਗਟ ਹੋ ਚੁੱਕਿਆ ਸੀ। ਪ੍ਰੋ. ਮੋਹਨ ਸਿੰਘ ਪੰਜਾਬੀ ਦੀ ਰੁਮਾਂਟਿਕ-ਪ੍ਰਗਤੀਵਾਦੀ ਕਾਵਿ-ਧਾਰਾ ਦਾ ਸਿਰਕੱਢ ਸ਼ਾਇਰ ਤੇ ਪ੍ਰਮਾਣਿਕ ਹਸਤਾਖਰ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਉਸ ਨੇ ਪਹਿਲੀ ਵਾਰ ਐਂਦਰੀਯਤਾ ਤੇ ਪ੍ਰਤੱਖਣਾ ਨੂੰ ਬੇਝਿਜਕ ਹੋ ਕੇ ਅਗਰਭੂਮਨ ਦਿੱਤਾ। ਉਸ ਦਾ ਵਿਸ਼ੇਸ਼ ਮਹੱਤਵ ਕੇਵਲ ਆਪਣੀ ਸ਼ਾਇਰੀ ਕਰਕੇ ਹੀ ਨਹੀਂ, ਸਗੋਂ ਇਸ ਕਰਕੇ ਵੀ ਹੈ ਕਿ ਉਸ ਨੇ ਸਰੋਦੀ-ਕਾਵਿ ਦੀ ਇਕ ਪਰਿਪਾਟੀ ਨੂੰ ਜਨਮ ਦਿੱਤਾ। ਉਹ ਆਪਣੇ ਕਾਵਿ ਸਫ਼ਰ ਦੇ ਅਰੰਭ ਤੋਂ ਲੈ ਕੇ ਅਖੀਰ ਤੱਕ ਸਰੋਦੀ-ਕਾਵਿ ਦਾ ਮੁਦੱਈ ਰਿਹਾ। ਇਕ ਅਜੀਬ ਕਿਸਮ ਦੀ ਪ੍ਰਗੀਤਾਤਮਿਕਤਾ ਉਸ ਦੇ ਸਮੁੱਚੇ ਕਾਵਿ-ਸੰਸਾਰ ਦੇ ਆਰਪਾਰ ਫੈਲੀ ਨਜ਼ਰ ਆਉਂਦੀ ਹੈ। ਸੁਰਜੀਤ ਰਾਮਪੁਰੀ ਨੇ ਮੋਹਨ ਸਿੰਘ ਦੀ ਇਸੇ ਪੈੜ ਉਪਰ ਤੁਰਦਿਆਂ ਆਪਣੀ ਸਾਰੀ ਕਾਵਿ-ਸਿਰਜਣਾ ਕੀਤੀ।

ਅਕਸਰ ਇੰਞ ਪ੍ਰਤੀਤ ਹੁੰਦਾ ਦੇਖਿਆ ਜਾਂਦਾ ਹੈ ਕਿ ਜਦੋਂ ਕੋਈ ਵੱਡਾ ਸ਼ਾਇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆਪਣੀ ਨਵੇਕਲੀ 'ਪਛਾਣ' ਸਥਾਪਤ ਕਰਦਾ ਹੈ ਤਾਂ ਉਸ ਦੇ ਬਹੁਤੇ ਸਮਕਾਲੀ ਕਵੀ ਇਸ ਗੱਲ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ। ਉਹ ਅਚੇਤੇ-ਸੁਚੇਤੇ ਉਸੇ ਪੈੜ ਉਪਰ ਤੁਰਦਿਆਂ ਕਾਵਿ-ਸਿਰਜਣਾ ਕਰਦੇ ਰਹਿੰਦੇ ਹਨ। ਕੋਈ ਚਿਣਗ ਵਾਲਾ ਸੁਜੱਗ ਸ਼ਾਇਰ ਹੀ ਉਸ ਦੇ ਇਸ ਪ੍ਰਚੰਡ ਪ੍ਰਭਾਵ ਤੋਂ ਬੱਚ ਸਕਦਾ ਹੈ। ਪੰਜਾਬੀ ਵਿਚ ਪ੍ਰੋ. ਮੋਹਨ ਸਿੰਘ ਨਾਲ ਕੁਝ ਅਜਿਹਾ ਹੀ ਹੋਇਆ ਦਿਸਦਾ ਹੈ। ਸੁਰਜੀਤ ਰਾਮਪੁਰੀ, ਅਜਾਇਬ ਚਿੱਤਰਕਾਰ, ਸੰਤੋਖ ਸਿੰਘ ਧੀਰ, ਡਾ. ਗੁਰਚਰਨ ਸਿੰਘ, ਗੁਰਚਰਨ ਰਾਮਪੁਰੀ ਆਦਿ ਕੁਝ ਅਜਿਹੇ ਸ਼ਾਇਰ ਹਨ ਜਿਨ੍ਹਾਂ ਨੇ ਪ੍ਰੋ. ਮੋਹਨ ਸਿੰਘ ਦੇ ਕਾਵਿ ਨੂੰ ਇਕ ਪਰੰਪਰਾ ਦੇ ਰੂਪ ਵਿਚ ਸਥਾਪਤ ਕੀਤਾ। ਨਤੀਜਾ ਇਹ ਨਿਕਲਿਆ ਕਿ ਪ੍ਰੋ. ਮੋਹਨ ਸਿੰਘ ਸੰਬੰਧੀ ਇਕ ਵਿਸ਼ੇਸ਼ ਪ੍ਰਕਾਰ ਦੀ 'ਮਿਥ' ਹੋਂਦ ਵਿਚ ਆ ਗਈ। ਇਸ ਮਿਥ ਨੂੰ ਰੂੜ੍ਹ ਕਰਨ ਵਿਚ ਇਨ੍ਹਾਂ ਸ਼ਾਇਰਾਂ ਨੇ ਇਕ ਵੱਡਾ ਯੋਗਦਾਨ ਪਾਇਆ। ਇਸ ਦ੍ਰਿਸ਼ਟੀ ਤੋਂ ਦੇਖਿਆਂ ਸੁਰਜੀਤ ਰਾਮਪੁਰੀ ਵੀ ਆਪਣੀ ਸ਼ਾਇਰੀ ਰਾਹੀਂ ਪ੍ਰੋ. ਮੋਹਨ ਸਿੰਘ ਦੀ ਇਸ ਸਥਾਪਤ ਹੋਈ 'ਮਿਥ' ਨੂੰ ਰੂੜ੍ਹ ਕਰਨ ਵਾਲਾ ਸ਼ਾਇਰ ਹੋ ਨਿਬੜਦਾ ਹੈ। ਮੂਲ ਰੂਪ ਵਿਚ ਉਹ, ਕਿਸੇ ਨਵੇਂ 'ਕਾਵਿ-ਪ੍ਰਵਚਨ' (poetic discourse) ਨੂੰ ਸਿਰਜਣ ਵੱਲ ਰੁਚਿਤ ਨਹੀਂ, ਸਗੋਂ ਪਹਿਲਾਂ ਸਥਾਪਤ ਹੋ ਚੁੱਕੇ 'ਕਾਵਿ-ਪ੍ਰਵਚਨ' ਨੂੰ ਹੀ ਦ੍ਰਿੜ੍ਹ ਤੇ ਰੂੜ੍ਹ ਕਰਨ ਦੀ ਰੁਚੀ ਰਖਦਾ ਹੈ। ਗਹੁ ਨਾਲ ਵਾਚਿਆਂ ਪਤਾ ਚਲਦਾ ਹੈ ਕਿ ਪ੍ਰੋ. ਮੋਹਨ ਸਿੰਘ ਦਾ ਕਾਵਿ-ਅਵਚੇਤਨ ਹੀ ਇਕ ਸੰਸਕਾਰ ਵਾਂਗ ਸੁਰਜੀਤ ਰਾਮਪੁਰੀ ਦੇ ਸਮੁੱਚੇ ਕਾਵਿ ਵਿਚ ਅਭੇਦ ਹੈ। ਕੇਵਲ ਸੁਰਜੀਤ ਰਾਮਪੁਰੀ ਦੇ ਕਾਵਿ ਵਿਚ ਹੀ ਨਹੀਂ, ਸੰਤੋਖ ਸਿੰਘ ਧੀਰ, ਗੁਰਚਰਨ ਰਾਮਪੁਰੀ, ਡਾ. ਗੁਰਚਰਨ ਸਿੰਘ ਅਤੇ ਇਸ ਦੌਰ ਦੇ ਅਜਿਹੇ ਹੋਰ ਕਈ ਕਵੀਆਂ ਦੀ ਸ਼ਾਇਰੀ ਵਿਚ ਵੀ ਵੇਖਣ ਨੂੰ ਮਿਲਦੀ ਹੈ। ਸ਼ਿਵ ਕੁਮਾਰ ਬਟਾਲਵੀ ਤੇ ਸੁਰਜੀਤ ਪਾਤਰ ਜਾਂ ਕੁਝ ਸੁਜੱਗ ਤੇ ਚਿਣਗ ਵਾਲੇ ਕਵੀਆਂ ਨੇ ਆਪਣੇ ਵੱਖਰੇ ਕਾਵਿ-ਅੰਦਾਜ਼ ਰਾਹੀਂ ਇਸ ਸਥਿਤੀ ਤੋਂ ਪਾਰ ਜਾਣ ਦੀ ਸੁਚੇਤ ਕੋਸ਼ਿਸ਼ ਕੀਤੀ ਹੈ। ਕੁਝ ਹੱਦ ਤੱਕ ਉਹ ਇਸ ਕੰਮ ਵਿਚ ਸਫ਼ਲ ਵੀ ਹੋਏ ਹਨ। ਪਰ ਸੁਰਜੀਤ ਰਾਮਪੁਰੀ, ਸਥਿਤੀ ਦੀ ਇਸ ਜਕੜਤਾ ਵਿਚੋਂ ਨਿਕਲਣ ਦਾ ਨਾ ਤਾਂ ਕੋਈ ਸੁਚੇਤ ਉਪਰਾਲਾ ਕਰਦਾ ਹੈ ਅਤੇ ਨਾ ਹੀ ਅਜਿਹੀ ਕੋਈ ਸੁਚੇਤ ਰੁਚੀ ਰਖਣ ਵਾਲਾ ਸ਼ਾਇਰ ਹੈ। ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਉਸ ਦਾ ਪੰਜਾਬੀ ਸ਼ਾਇਰੀ ਨੂੰ ਸਭ ਤੋਂ ਵੱਡਾ ਯੋਗਦਾਨ ਇਹੀ ਹੈ ਕਿ ਉਸ ਨੇ ਪ੍ਰੋ. ਮੋਹਨ ਸਿੰਘ ਦੀ ਸਥਾਪਤ ਹੋਈ 'ਮਿਥ' ਨੂੰ ਰੂੜ੍ਹ ਕਰਨ ਵਿਚ ਇਕ ਅਹਿਮ ਭੂਮਿਕਾ ਨਿਭਾਈ। ਪ੍ਰੋ. ਮੋਹਨ ਸਿੰਘ ਵਾਂਗ ਉਹ ਜਾਂ ਤਾਂ ਰੁਮਾਂਟਿਕ ਬਿਰਤੀ ਨਾਲ ਓਤਪ੍ਰੋਤ ਪ੍ਰਗੀਤ ਰਚਦਾ ਰਿਹਾ ਅਤੇ ਜਾਂ ਫਿਰ ਆਪਣੇ ਤਰੱਕੀ ਪਸੰਦ ਆਦਰਸ਼ ਦੇ ਦ੍ਰਿਸ਼ਟੀ-ਬਿੰਦੂ ਤੋਂ, ਇਸ਼ਕ ਤੇ ਪਿਆਰ ਦੀ ਕਵਿਤਾ ਰਚਦਾ ਰਿਹਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਪ੍ਰਸ਼ਨਵਾਚੀ ਕਾਵਿ-ਪਾਠ ਦੀ ਸਿਰਜਣਾ

### ਹਰਫ਼ ਨੇ ਹਰਫ਼ ਨੂੰ ਕਿਹਾ

ਹਰਫ਼ ਨੇ ਹਰਫ਼ ਨੂੰ ਕਿਹਾ
ਤੂੰ ਇਹ ਦਰ ਸਾਂਭ ਲੈ
ਮੈਂ ਉਹ ਦਰ ਸਾਂਭ ਲੈਂਦਾਂ
ਤੂੰ
ਪਹਾੜ, ਨਦੀ, ਨਹਿਰਾਂ, ਸੂਰਜ, ਚੰਦ
ਆਕਾਸ਼ ਬਣ ਜਾ
ਮੈਂ ਜਵਾਲਾਮੁਖੀ
ਤੇ ਕਿਤੇ
ਗੂਹਿਣਿਆਂ ਹਨੇਰਾ ਬਣ ਜਾਂਦਾਂ
ਤੂੰ ਚਿਤ੍ਰਪਟ ਤੇ
ਟੇਢੀਆਂ ਲਕੀਰਾਂ ਦਾ ਚਿਤ੍ਰ ਬਣ ਜਾ
ਮੈਂ ਸਿਆਹੀ ਦਾ ਧੱਬਾ ਬਣ
ਚਿਤ੍ਰਪਟ ਤੇ ਫੈਲ ਜਾਂਦਾਂ
ਤੂੰ ਸ਼ਾਖ਼ਾਵਾਂ ਦੀ ਕਰੂੰਬਲ
ਬਿੱਜੜਿਆਂ ਦਾ ਆਲ੍ਹਣਾ
ਨਿੱਕੇ ਨਿੱਕੇ ਪੈਰਾਂ ਦੀ ਤੋਰ
ਤੇ ਉਸ ਦੀ ਪੈੜ ਬਣ ਜਾ
ਮੈਂ
ਹਜੂਮਾਂ ਦਾ ਹਜੂਮ
ਕੜਕਦੇ ਬੱਦਲਾਂ ਦੀ ਬਿਜਲੀ
... ... ... ...
... ... ... ...
ਹਰਫ਼ ਨੇ ਹਰਫ਼ ਨੂੰ ਕਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆ ਆਪਾਂ—
ਆਪਣਾ ਲਿਬਾਸ ਬਦਲ ਲਈਏ
ਮੈਂ ਛਾਵਾਂ 'ਚ ਬਦਲ ਜਾਂਦਾਂ
ਤੇ ਤੂੰ ਬਰੇਤਿਆਂ ਦੀ ਵੀਰਾਨ ਧੁੱਪ ਵਿਚ।

ਇਨ੍ਹਾਂ ਸਤਰਾਂ ਦਾ ਕਵੀ ਰਾਜਿੰਦਰ ਸੁਲਤਾਨ ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਹੁਣ ਕੋਈ ਓਪਰਾ ਨਾਂ ਨਹੀਂ ਰਿਹਾ, ਸਗੋਂ ਇਕ ਜਾਣਿਆ ਪਛਾਣਿਆ ਨਾਂ ਹੈ। ਵਿਸ਼ੇਸ਼ ਕਰਕੇ ਨੌਜੁਆਨ ਕਵੀਆਂ ਦੀ ਢਾਣੀ ਵਿਚ ਉਸ ਨੇ ਆਪਣੀ ਇਕ ਨਵੇਕਲੀ ਤੇ ਪਛਾਣਨਯੋਗ ਥਾਂ ਬਣਾ ਲਈ ਹੈ। ਪਿੱਛਲੇ ਇਕ-ਡੇਢ ਦਹਾਕੇ ਤੋਂ ਉਹ ਨਿਰੰਤਰ ਕਾਵਿ-ਸਾਧਨਾ ਵਿਚ ਜੁਟਿਆ ਨਜ਼ਰ ਆਉਂਦਾ ਹੈ। ਆਪਣੀ ਵਿਸ਼ੇਸ਼ ਕਾਵਿ-ਯੋਗਤਾ ਤੇ ਨਿਭਾਅ ਕਰਕੇ ਉਹ ਆਪਣੇ ਬਹੁਤ ਸਾਰੇ ਸਮਕਾਲੀ ਕਵੀਆਂ ਵਰਗਾ ਹੁੰਦਾ ਹੋਇਆ ਵੀ ਸਹਿਜੇ ਹੀ ਉਨ੍ਹਾਂ ਤੋਂ ਵੱਖਰਾ ਦਿੱਸ ਆਉਂਦਾ ਹੈ। ਇਸ ਵੱਖਰਤਾ ਦਾ ਮੂਲ ਰਾਜ਼ ਇਸ ਗੱਲ ਵਿਚ ਹੈ ਕਿ ਉਹ ਕਿਸੇ ਪ੍ਰਚਲਤ ਤੇ ਨਿਸ਼ਚਤ ਵਾਦ ਜਾਂ ਵਿਚਾਰਧਾਰਾ ਨਾਲ ਜੁੜ ਕੇ ਕਵਿਤਾ ਲਿਖਣ ਦੀ ਰੁਚੀ ਨਹੀਂ ਰੱਖਦਾ ਅਤੇ ਨਾ ਹੀ ਕਿਸੇ ਸਥਾਪਤ ਕਵੀ ਦੇ ਪਰਛਾਵੇਂ ਹੇਠ ਕਾਵਿ-ਸਿਰਜਣਾ ਕਰਨ ਦੇ ਹੱਕ ਵਿਚ ਹੈ। ਇਉਂ, ਉਹ ਇਕ ਵਾਦ-ਮੁਕਤ ਕਵੀ ਦੇ ਤੌਰ 'ਤੇ ਉੱਭਰ ਰਿਹਾ ਨਵਾਂ ਹਸਤਾਖਰ ਹੈ। ਸੁਲਤਾਨ-ਕਾਵਿ, ਮੂਲ ਰੂਪ ਵਿਚ ਮੁਕਤ-ਮਨ ਸ਼ਾਇਰੀ ਦਾ ਦੂਸਰਾ ਨਾਂ ਹੈ। ਉਹ ਕੇਵਲ ਕਵਿਤਾ ਰਚਦਾ ਹੀ ਨਹੀਂ, ਸਗੋਂ ਕਵਿਤਾ ਬਾਰੇ ਕਾਵਿ-ਸੰਵਾਦ ਵੀ ਰਚਾਉਂਦਾ ਹੈ। ਇਥੋਂ ਉਸ ਦੀ ਕਾਵਿ-ਚੇਤੰਨਤਾ ਤੇ ਕਾਵਿ-ਸਮਰੱਥਾ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

'ਤ੍ਰਿਹਾਏ ਕੰਠ' ਰਾਜਿੰਦਰ ਸੁਲਤਾਨ ਦਾ ਪੰਜਵਾਂ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ 'ਵਿਆਹ ਤਰੰਗ', 'ਸ਼ਬਦ ਦੇ ਨਕਸ਼', 'ਪੀਲੇ ਪੱਤਿਆਂ ਦੀ ਬਰਸਾਤ', 'ਅੱਖ ਲਿਖਦੀ ਹੈ'—ਉਸ ਦੇ ਚਾਰ ਮੌਲਿਕ ਅਤੇ ਇਕ ਸਾਂਝਾ ਕਾਵਿ-ਸੰਗ੍ਰਹਿ (ਟੁਕੜੇ ਟੁਕੜੇ ਸੂਰਜ') ਪ੍ਰਕਾਸ਼ਤ ਹੋ ਚੁੱਕੇ ਸਨ। ਇਨ੍ਹਾਂ ਕਾਵਿ-ਸੰਗ੍ਰਿਹਾਂ ਵਿਚ ਉਸ ਦੀ ਕਵਿਤਾ ਨੇ ਨਿਰੰਤਰ ਵਿਕਾਸ ਕੀਤਾ ਹੈ। ਰਾਜਿੰਦਰ ਸੁਲਤਾਨ ਨੇ 'ਵਿਆਹ ਤਰੰਗ' ਦੀ ਇਕ ਲੰਬੀ ਨਜ਼ਮ ਨਾਲ ਆਪਣਾ ਕਾਵਿ-ਸਫ਼ਰ ਅਰੰਭਿਆ। ਇਸ ਵਿਚ ਇਕ ਵਿਆਹੁਣਯੋਗ ਉਮਰ ਦੀ ਨੱਢੀ ਨੂੰ ਆਪਣੀ ਮਾਂ ਨਾਲ ਵਿਆਹ ਬਾਰੇ ਜਜ਼ਬਾਤ ਸਾਂਝੇ ਕਰਦੇ ਦਿਖਾਇਆ ਗਿਆ ਹੈ। ਇਥੇ ਉਸ ਨੱਢੀ ਦੇ ਅਵਚੇਤਨ ਨਾਲ ਸੰਬੰਧਤ ਦੱਬੀਆਂ-ਘੁੱਟੀਆਂ ਇੱਛਾਵਾਂ, ਮਨੋ-ਤਰੰਗਾਂ, ਜਜ਼ਬਾਤ, ਅਹਿਸਾਸ ਤੇ ਵਰਜਿਤ ਹਾਵ-ਭਾਵ ਆਦਿ ਸਭ ਕੁਝ ਕਾਵਿ-ਬੋਲ ਗ੍ਰਹਿਣ ਕਰਕੇ, ਅਗਰਭੂਮਤ ਹੁੰਦਾ ਨਜ਼ਰ ਆਉਂਦਾ ਹੈ। ਇਉਂ ਪਰੰਪਰਕ-ਸ਼ੈਲੀ ਵਿਚ ਰਚੀ, ਰਵਾਇਤੀ ਛੰਦਾ-ਬੰਦੀ ਦੀ ਬੰਦਸ਼ ਨੂੰ ਪਰਵਾਨ ਕਰਨ ਵਾਲੀ ਇਹ, ਰੁਮਾਂਟਿਕ-ਪ੍ਰੀਤ ਦੇ ਥੀਮ ਨਾਲ ਸੰਬੰਧਤ ਇਕ ਵੱਖਰੇ ਕਿਸਮ ਦੀ ਕਵਿਤਾ ਹੋ ਨਿਬੜਦੀ ਹੈ। ਆਪਣੇ ਅੱਗਲੇ ਕਾਵਿ-ਸੰਗ੍ਰਹਿ 'ਸ਼ਬਦ ਦੇ ਨਕਸ਼' ਵਿਚ ਕਵੀ, ਇਸ ਰੁਮਾਂਟਿਕ-ਪ੍ਰੀਤ ਦੇ ਵਿਸ਼ੇ ਅਤੇ ਛੰਦਾ-ਬੰਦੀ ਦੀ ਕਰੜੀ ਬੰਦਸ਼ ਤੋਂ ਮੁਕਤ ਹੁੰਦਾ ਨਜ਼ਰ ਆਉਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਹੈ। ਇਸ ਸੰਗ੍ਰਹਿ ਨਾਲ ਸੰਬੰਧਤ ਕਵਿਤਾਵਾਂ, ਪਲ ਪਲ ਪੀੜਾ-ਭੋਗਦੇ ਖੰਡਿਤ ਮਾਨਵ ਦੇ ਬਿੰਬ ਨੂੰ ਉਭਾਰਦੀਆਂ ਨਜ਼ਰ ਆਉਂਦੀਆਂ ਹਨ। ਦੁਚਿੱਤੀ ਵਿਚ ਪਿਆ ਮਨੁੱਖ ਸੋਚਦਾ ਕੁਝ ਹੈ ਤੇ ਕਰਦਾ ਕੁਝ ਹੈ। ਲਘੂ-ਮਾਨਵ ਦੇ ਖੇਰੂੰ ਖੇਰੂੰ ਹੋ ਰਹੇ ਅਸਤਿਤ੍ਵ ਨੂੰ ਇਥੇ ਕਵੀ ਨੇ ਕਾਵਿ-ਬੋਲ ਪ੍ਰਦਾਨ ਕੀਤੇ ਹਨ। ਇਸੇ ਤਰ੍ਹਾਂ 'ਪੀਲੇ ਪੱਤਿਆਂ ਦੀ ਬਰਸਾਤ' ਕਾਵਿ-ਸੰਗ੍ਰਹਿ ਵਿਚ ਕਵੀ, ਅਜੋਕੀ ਸਮਾਜਕ-ਅਵੱਸਥਾ ਬਾਰੇ ਚਿੰਤਿਤ ਹੋਇਆ ਪ੍ਰਤੀਤ ਹੁੰਦਾ ਹੈ। ਮੈਂ ਕਿੱਧਰ ਜਾ ਰਿਹਾ ਹਾਂ, ਉਹ ਉੱਡੀ ਸੀ, ਪੀਲੇ ਪੱਤਿਆਂ ਦੀ ਬਰਸਾਤ, ਬਾਦਸ਼ਾਹ ਕਿੱਧਰ ਹੈ, ਲਕੀਰਾਂ ਦਾ ਸਮਾਜ, ਮੈਂ ਵਾਦ ਨਹੀਂ ਆਦਿ ਇਸ ਸੰਗ੍ਰਹਿ ਨਾਲ ਸੰਬੰਧਤ ਕਵਿਤਾਵਾਂ ਅਜੋਕੇ ਸਮਾਜ ਦੀ ਤ੍ਰਾਸਦਕ-ਸਥਿਤੀ ਦੀ ਸਹੁਜੀਲੀ ਤਸਵੀਰ ਖਿੱਚਦੀਆਂ ਸਪੱਸ਼ਟ ਦਿਖਾਈ ਦਿੰਦੀਆਂ ਹਨ। ਆਪਣੇ ਚੌਥੇ ਕਾਵਿ-ਸੰਗ੍ਰਹਿ 'ਤੇ ਪਹੁੰਚ ਕੇ ਕਵੀ ਜਿਸ ਨਵੇਕਲੇ ਕਾਵਿ-ਪੈਰਾਡਾਇਮ ਨੂੰ ਅਪਣਾਉਂਦਾ ਹੈ—ਉਹ ਆਪਣੇ ਇਤਿਹਾਸਕ-ਮਿਥਿਹਾਸਕ ਵਿਰਸੇ ਨਾਲ ਪੂਰੀ ਤਰ੍ਹਾਂ ਓਤਪ੍ਰੋਤ ਹੈ। ਉਹ ਪੁਰਾਣੇ ਵਿਚਾਰਾਂ, ਵਿਸ਼ਵਾਸਾਂ, ਅੰਧ ਵਿਸ਼ਵਾਸਾਂ ਅਤੇ ਕਦਰਾਂ-ਕੀਮਤਾਂ ਵਿਚ ਗਿਆਨ-ਮੂਲਕ-ਭੰਜਨ (Epistemological Rupture) ਕਰਦਾ ਹੋਇਆ ਸ੍ਵੈ-ਵਿਸ਼ਲੇਸ਼ਣ ਵੱਲ ਰੁਚਿਤ ਹੋ ਜਾਂਦਾ ਹੈ। ਕਵੀ ਆਪਣੇ ਇਤਿਹਾਸਕ-ਮਿਥਿਹਾਸਕ ਵਿਰਸੇ ਨੂੰ ਫਰੋਲਦਾ ਹੋਇਆ ਸਥਾਪਤ ਤੇ ਰੂੜ੍ਹ ਹੋ ਚੁੱਕੀਆਂ ਕਦਰਾਂ-ਕੀਮਤਾਂ ਤੇ ਵਿਸ਼ਵਾਸਾਂ ਨੂੰ ਕਿੰਤੂ ਰਾਹੀਂ ਦੇਖਦਾ ਤੇ ਵਿਚਾਰਦਾ ਚਲਿਆ ਜਾਂਦਾ ਹੈ। ਕਲਯੁੱਗ, ਤੀਸਰੀ ਅੱਖ, ਮਸ਼ਾਲ, ਸੰਵਾਦ ਆਦਿ ਇਸ ਸੰਗ੍ਰਹਿ ਨਾਲ ਸੰਬੰਧਤ ਕਵਿਤਾਵਾਂ ਇਸ ਵਿਚਾਰ ਦੀ ਪੁਸ਼ਟੀ ਲਈ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਇਉਂ, ਹੱਥਲੇ ਸੰਗ੍ਰਹਿ ਤੱਕ ਰਾਜਿੰਦਰ ਸੁਲਤਾਨ ਦੀ ਕਵਿਤਾ ਨਿਰੰਤਰ ਵਿਕਾਸ ਦੀ ਪ੍ਰਕਿਰਿਆ ਵਿਚ ਪਈ ਨਜ਼ਰ ਆਉਂਦੀ ਹੈ। ਇਹ ਗੱਲ ਵੀ ਉਸ ਨੂੰ ਬਹੁਤੇ ਸਮਕਾਲੀ ਕਵੀਆਂ ਨਾਲੋਂ ਨਿਖੇੜਦੀ ਹੈ।

'ਤ੍ਰਿਹਾਏ ਕੰਠ' ਕਾਵਿ-ਸੰਗ੍ਰਹਿ ਵਿਚ ਇਸ ਵਿਕਾਸ-ਗਤੀ ਦਾ ਇਕ ਹੋਰ ਪਾਸਾਰ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ। ਉਹ ਹੈ ਕਵਿਤਾ ਬਾਰੇ 'ਕਾਵਿ-ਪ੍ਰਵਚਨ' (Poetic Discourse) ਦੀ ਸਿਰਜਣਾ। ਇਥੇ ਕਵੀ ਕੇਵਲ ਕਵਿਤਾ ਹੀ ਨਹੀਂ ਰਚਦਾ, ਸਗੋਂ ਕਵਿਤਾ ਬਾਰੇ ਥਾਂ ਥਾਂ ਸੰਵਾਦ ਵੀ ਰਚਾਉਂਦਾ ਹੈ। ਮਸਲਨ, ਉਸ ਦੀ ਕਵਿਤਾ 'ਮੈਂ ਕਿਹਾ' ਹੀ ਲਉ :—

ਕਿਸੇ ਨੇ ਕਿਹਾ
ਤੁਹਾਡੇ ਕੋਲ ਸ਼ਬਦਾਂ ਦਾ ਅੰਬਾਰ ਹੈ
ਵਿਚਾਰਾਂ ਦੀ ਇਕਸੁਰਤਾ ਹੈ
ਅਹਿਸਾਸਾਂ ਦੀ ਸਰਲਤਾ
ਤੁਸੀਂ ਕਵੀ ਬਣ ਜਾਉ
ਮੈਂ ਕਿਹਾ
ਪਹਿਲਾਂ ਤੁਸੀਂ
ਇਨਸਾਨ ਬਣ ਜਾਉ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਥੇ ਕਵੀ ਕਵਿਤਾ ਦੀ ਅੰਦਰਲੀ ਆਵੱਸ਼ਕਤਾ (ਸ਼ਬਦਾਂ ਦਾ ਅੰਬਾਰ, ਵਿਚਾਰਾਂ ਦੀ ਇਕਸੁਰਤਾ ਤੇ ਅਹਿਸਾਸਾਂ ਦੀ ਸਰਲਤਾ ਆਦਿ) ਦੇ ਨਾਲ ਨਾਲ, ਕਵੀ ਦੀ ਇਨਸਾਨੀਅਤ ਨੂੰ ਵੀ ਲਾਜ਼ਮੀ ਕਰਾਰ ਦਿੰਦਾ ਹੈ। ਇਨ੍ਹਾਂ ਸੱਤਰਾਂ ਵਿਚ ਬੜਾ ਤਿੱਖਾ ਵਿਅੰਗ ਕਾਰਜਸ਼ੀਲ ਹੈ। ਵਿਅੰਗ 'ਤੇ ਕਟਾਖ਼ਸ' ਰਾਜਿੰਦਰ ਸੁਲਤਾਨ ਦੀ ਇਕ ਵਰਣਨਯੋਗ ਕਾਵਿ-ਜੁਗਤ ਬਣ ਜਾਂਦੀ ਹੈ। ਹਰਫ਼ ਨੇ ਹਰਫ਼ ਨੂੰ ਕਿਹਾ, ਪਰਿੰਦੇ ਦੀ ਆਵਾਜ਼, ਸੁਫ਼ਨਾ ਜਾਲ, ਲਾਸ਼ ਤੇ ਲਾਸ਼ ਹੀ ਸੀ, ਦਰਵਾਜ਼ੇ ਤੇ ਖਿੜਕੀਆਂ ਆਦਿ ਕਵਿਤਾਵਾਂ ਵਿਚ ਇਸ ਕਾਵਿ-ਜੁਗਤ ਦੀ ਰੱਜ ਕੇ ਵਰਤੋਂ ਹੋਈ ਹੈ। ਵਿਸ਼ੇਸ਼ ਕਰ ਕੇ 'ਪਰਿੰਦੇ ਦੀ ਆਵਾਜ਼' ਕਵਿਤਾ ਵਿਚ ਕਵੀ, ਆਪਣੀ ਸਮਕਾਲੀ ਕਵਿਤਾ ਬਾਰੇ ਭਰਪੂਰ ਅਲੋਚਨਾਤਮਕ ਟਿੱਪਣੀ ਕਰਦਾ ਹੈ।

ਇਸ ਕਵਿਤਾ ਵਿਚ ਕਵੀ ਆਪਣੀ ਸਮਕਾਲੀ ਕਵਿਤਾ ਵਿਚ ਆ ਚੁੱਕੀ ਖੜੋਤ ਦੀ ਸਥਿਤੀ ਵੱਲ ਸੰਕੇਤ ਹੀ ਨਹੀਂ ਕਰਦਾ, ਸਗੋਂ ਵੱਖ ਵੱਖ ਤਸ਼ਬੀਹਾਂ ਰਾਹੀਂ ਉਸ ਵਿਚਲੇ ਖੋਖਲੇਪਨ ਤੇ ਅਡੰਬਰ ਨੂੰ ਵੀ ਉਘਾੜਦਾ ਚਲਿਆ ਜਾਂਦਾ ਹੈ। ਕਵੀ ਇਥੇ ਜਿਸ ਨਕਾਰਾਤਮਕ-ਵਿਧੀ ਨੂੰ ਅਪਣਾਉਂਦਾ ਹੈ, ਉਹ ਨਵੀਆਂ ਕਾਵਿ-ਸੰਭਾਵਨਾਵਾਂ ਨੂੰ ਸਿਰਜਣ ਦੀ ਸਮਰੱਥਾ ਰਖਦੀ ਹੈ। ਸਮਕਾਲੀ ਕਵਿਤਾ ਬਾਰੇ ਇਹ ਸੰਵਾਦ ਆਪਣੇ ਆਪ ਵਿਚ ਇਕ ਪੂਰਾ ਕਾਵਿ-ਪ੍ਰਵਚਨ ਹੋ ਨਿਬੜਦਾ ਹੈ, ਜਿਸ ਦੇ ਅੰਤਰਗਤ ਕਵੀ ਇਕ ਵਿਸ਼ੇਸ਼ ਪ੍ਰਕਾਰ ਦੇ ਪ੍ਰਸ਼ਨਵਾਚੀ-ਪਾਠ ਦੀ ਸਿਰਜਨਾ ਵੱਲ ਰੁਚਿਤ ਨਜ਼ਰ ਆਉਂਦਾ ਹੈ। ਫ਼ਰਾਂਸੀਸੀ ਚਿੰਤਕ ਰੋਲਾਂ ਬਾਰਤ ਦੀ ਤਕਨੀਕੀ-ਸ਼ਬਦਾਵਲੀ ਵਿਚ ਇਹ ਪ੍ਰਸ਼ਨਵਾਚੀ-ਪਾਠ, ਅਨੰਦੀ-ਪਾਠ ਦੀ ਥਾਂ ਪਾਠ-ਅਨੰਦ (Pleasure of Text) ਸਿਰਜਣ ਦਾ ਯਤਨ ਹੈ।

ਕਵੀ ਕੋਲ ਆਪਣੇ ਸੂਖਮ ਭਾਵਾਂ ਤੇ ਸੰਜੀਦਾ ਵਿਚਾਰਾਂ ਨੂੰ ਲੰਬੇ ਵਕਫ਼ੇ ਵਿਚ ਫੈਲਾਉਣ ਦੀ ਸਮਰੱਥਾ ਹੈ। ਅਨੁਭਵ ਦੀ ਪੇਸ਼ਕਾਰੀ ਲਈ ਉਸ ਕੋਲ ਯੋਗ ਸ਼ਬਦ-ਭੰਡਾਰ ਵੀ ਹੈ। ਉਹ ਕਿਸੇ ਆਵੇਸ਼ ਵਿਚ ਆ ਕੇ ਕਵਿਤਾ ਨਹੀਂ ਰਚਦਾ, ਸਗੋਂ ਕਵਿਤਾ ਦੇ ਕਾਵਿ-ਸ਼ਾਸਤਰ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹੋ ਕੇ ਕਾਵਿ-ਸਿਰਜਣਾ ਕਰਦਾ ਹੈ। ਕਵਿਤਾ ਢਾਲ ਨਾ ਬਣੇਗੀ, ਮੇਰੀ ਕਵਿਤਾ, ਦਰਵਾਜ਼ੇ ਤੇ ਖਿੜਕੀਆਂ, ਮੈਂ ਕਿਹਾ ਆਦਿ ਹੱਥਲੇ ਸੰਗ੍ਰਹਿ ਨਾਲ ਸੰਬੰਧਤ ਨਜ਼ਮਾਂ ਤੋਂ ਇਸ ਗੱਲ ਦੀ ਸਹਿਜੇ ਹੀ ਸੋਝੀ ਹੋ ਜਾਂਦੀ ਹੈ। ਮਸਲਨ, 'ਮੇਰੀ ਕਵਿਤਾ' ਦੀਆਂ ਇਹ ਸਤਰਾਂ ਹੀ ਲਉ :—

ਕਿੰਨੇ ਦਿਨਾਂ ਤੋਂ
ਮੇਰੀ ਰੂਹ ਨੇ ਨਹੀਂ ਕਹੀ ਕਵਿਤਾ
ਮੇਰੀ ਜੀਭਾ ਨੇ ਨਹੀਂ ਕਹੇ ਗੀਤ
ਬੜੀ ਦੂਰ
ਹੋ ਗਏ ਨੇ ਮੇਰੇ ਮੀਤ।

ਇਥੇ ਕਵੀ ਨੇ ਭਾਵੇਂ ਛੰਦਾ-ਬੰਦੀ ਦੀ ਬੰਦਸ਼ ਨੂੰ ਪਰਵਾਨ ਨਹੀਂ ਸੀ ਕੀਤਾ, ਤਾਂ ਵੀ ਉਸ ਦੀ ਕਵਿਤਾ ਵਿਚ ਲੈਅ ਜਾਂ ਰਿਦਮ ਬਣਿਆ ਰਹਿੰਦਾ ਹੈ। ਕਵਿਤਾ ਬਾਰੇ ਉਸ ਕੋਲ ਇਕ ਆਦਰਸ਼ ਹੈ, ਇਕ ਵਿਚਾਰ ਹੈ। ਸੋ ਕਾਵਿ-ਸ਼ਾਸਤਰ ਦੀ ਦ੍ਰਿਸ਼ਟੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਤੋਂ ਉਸ ਦੀ ਕਵਿਤਾ ਪੂਰੀ ਤਰ੍ਹਾਂ ਸੁਗਠਿਤ ਤੇ ਬੱਝਵਾਂ ਪ੍ਰਭਾਵ ਸਿਰਜਣ ਦੀ ਸਮਰੱਥਾ ਰਖਦੀ ਹੈ। ਇਥੇ ਰਾਜਿੰਦਰ ਸੁਲਤਾਨ ਦੀ ਨਵੇਂ ਅਨੁਭਵ ਲਈ, ਨਵਾਂ ਕਾਵਿ-ਮੁਹਾਵਰਾ ਸਿਰਜਣ ਦੀ ਰੁਚੀ ਵੀ ਪ੍ਰਤੱਖ ਹੈ। ਆਪਣੇ ਇਤਿਹਾਸਕ-ਮਿਥਿਹਾਸਕ ਵਿਰਸੇ ਵਿੱਚੋਂ, ਨਵੀਆਂ ਕਾਵਿ-ਸੰਭਾਵਨਾਵਾਂ ਸਿਰਜਣ ਵੱਲ ਵੀ ਕਵੀ ਨਿਰੰਤਰ ਰੁਚਿਤ ਨਜ਼ਰ ਆਉਂਦਾ ਹੈ। ਕੁੜੱਤਣ, ਸੁਫ਼ਨਾ, ਪੰਛੀ ਉਡਿਆ ਆਦਿ ਕਵਿਤਾਵਾਂ ਨੂੰ ਇਸ ਵਿਚਾਰ ਦੀ ਪੁਸ਼ਟੀ ਲਈ ਪੇਸ਼ ਕੀਤਾ ਜਾ ਸਕਦਾ ਹੈ। ਇਉਂ ਸੁਲਤਾਨ-ਕਾਵਿ, ਵੇਦਨਾ-ਸੰਵੇਦਨਾ ਤੋਂ ਉਪਰ ਉੱਠ ਕੇ ਪਾਠ-ਅਨੰਦ ਦੀ ਸਿਰਜਣਾ ਅਤੇ ਪ੍ਰਸ਼ਨਵਾਚੀ ਕਾਵਿ-ਪਾਠ ਸਿਰਜਣ ਵੱਲ ਰੁਚਿਤ ਹੋਇਆ ਨਜ਼ਰ ਆਉਂਦਾ ਹੈ। ਇਹ ਕਾਰਜ ਭਾਵੁਕਤਾ ਤੇ ਉਪ-ਭਾਵੁਕਤਾ ਨੂੰ ਤਲਾਂਜਲੀ ਦੇ ਕੇ, ਬੌਧਿਕ-ਕਾਵਿ ਸਿਰਜਣ ਦਾ ਇਕ ਵਰਣਨਯੋਗ ਯਤਨ ਕਿਹਾ ਜਾ ਸਕਦਾ ਹੈ। ਮੈਂ ਇਸ ਨੂੰ ਵਾਦ-ਮੁਕਤ ਅਤੇ ਮੁਕਤ-ਮਨ ਦੀ ਸ਼ਾਇਰੀ ਕਹਿਣਾ ਠੀਕ ਸਮਝਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# 'ਸੰਵੇਦਨਾ ਤੇ ਸਾਹਿਤ' : ਮੈਟਾ ਅਧਿਅਨ

ਪੰਜਾਬੀ ਦੇ ਸਾਹਿਤਕ-ਅਦਾਰਿਆਂ ਵਿਚ ਸਵਰਨ ਚੰਦਨ, ਇਕ ਪਰਵਾਸੀ ਪੰਜਾਬੀ-ਲੇਖਕ ਵਜੋਂ ਜਾਣਿਆ ਜਾਂਦਾ ਹੈ। ਵਿਸ਼ੇਸ਼ ਕਰਕੇ, ਪਰਵਾਸੀ ਪੰਜਾਬੀ ਸਾਹਿਤ ਦੇ ਅੰਤਰ-ਗਤ ਉਸਨੇ ਇਕ 'ਪਰਵਾਸੀ ਗਲਪਕਾਰ' ਵਜੋਂ ਆਪਣੀ ਵੱਖਰੀ 'ਪਛਾਣ' ਸਥਾਪਤ ਕੀਤੀ ਹੈ। ਭਾਵੇਂ ਸਵਰਨ ਚੰਦਨ ਨੇ, ਨਾਵਲਾਂ ਤੇ ਕਹਾਣੀ ਤੋਂ ਛੁੱਟ ਕਵਿਤਾ, ਵਾਰਤਕ ਤੇ ਸਾਹਿਤ-ਸਮੀਖਿਆ ਵਿਚ ਵੀ ਕੁਝ ਦਿਲਚਸਪੀ ਦਿਖਾਈ ਪਰ, ਬਹੁਤਾ ਕਰਕੇ ਉਹ ਇਕ ਪਰਵਾਸੀ ਗਲਪਕਾਰ ਵਜੋਂ ਹੀ ਉੱਭਰਿਆ। ਇਸ ਸੰਬੰਧੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ **ਗੁਰਚਰਨ ਰਾਮਪੁਰੀ, ਰਵਿੰਦਰ ਰਵੀ, ਅਜਾਇਬ ਕਮਲ, ਇਕਬਾਲ ਰਾਮੂਵਾਲੀਆ, ਤਰਸੇਮ ਨੀਲਗਿਰੀ** ਤੇ **ਅਵਤਾਰ ਜੰਡਿਆਲਵੀ** ਦੀ ਤਰ੍ਹਾਂ ਸਵਰਨ ਚੰਦਨ ਨੇ ਪਰਵਾਸੀ ਪੰਜਾਬੀ-ਸਾਹਿਤ ਦੇ ਅੰਤਰਗਤ ਆਪਣੇ ਨਵੇਕਲੇ ਹਸਤਾਖਰ ਅੰਕਿਤ ਕੀਤੇ ਹਨ। ਇਨ੍ਹਾਂ ਨਵੇਕਲੇ ਹਸਤਾਖਰਾਂ ਕਰਕੇ ਹੀ ਸਵਰਨ ਚੰਦਨ ਨੂੰ, ਕੁਝ ਚਰਚਿਤ ਪਰਵਾਸੀ ਪੰਜਾਬੀ-ਲੇਖਕਾਂ ਦੀ ਢਾਣੀ ਵਿਚ ਸਨਮਾਣਯੋਗ ਥਾਂ ਪ੍ਰਾਪਤ ਹੈ। ਆਪਣੀ ਲੇਖਣੀ ਤੇ ਸਮੀਖਿਆ ਵਿਚ ਉਹ 'ਪ੍ਰਤੀਬੱਧ ਸਾਹਿਤ' ਦੇ ਹੱਕ ਵਿਚ ਪ੍ਰੁੱਗਦਾ ਨਜ਼ਰ ਆਉਂਦਾ ਹੈ। ਆਪਣੀ ਇਸ ਪੋਜ਼ੀਸ਼ਨ ਪ੍ਰਤੀ ਉਹ ਸੁਚੇਤ ਪ੍ਰਤੀਤ ਹੁੰਦਾ ਹੈ। ਆਪਣੀਆਂ ਸਿਰਜਣਾਤਮਕ-ਕਿਰਤਾਂ ਵਿਚ ਉਸਨੇ 'ਮਾਰਕਸਵਾਦੀ ਯਥਾਰਥਵਾਦ' ਦੇ ਦ੍ਰਿਸ਼ਟੀਕੋਣ ਤੋਂ ਆਪਣੀ ਪਰਵਾਸੀ-ਚੇਤਨਾ ਨੂੰ ਕਲਾਤਮਕ ਬੋਲ ਪ੍ਰਦਾਨ ਕੀਤੇ ਹਨ। ਇਸ ਨੱਜ਼ਰੀਏ ਤੋਂ ਆਪਣੇ ਸਮੀਖਿਆਤਮਕ-ਲੇਖਾਂ ਵਿਚ ਉਸਨੇ, ਬਰਤਾਨੀਆ ਵਿਚ ਵਸੇ ਆਪਣੇ ਕੁਝ ਸਮਕਾਲੀ ਪਰਵਾਸੀ ਪੰਜਾਬੀ-ਲੇਖਕਾਂ ਦੀਆਂ ਕਿਰਤਾਂ ਨੂੰ ਚਰਚਾ ਦਾ ਵਿਸ਼ਾ ਬਣਾਇਆ ਹੈ। ਇਨ੍ਹਾਂ ਕਿਰਤਾਂ ਵਿਚ ਕਾਰਜਸ਼ੀਲ ਪਰਵਾਸੀ-ਚੇਤਨਾ ਦੇ ਮੂਲ ਤੱਤਾਂ ਦੀ ਨਿਸ਼ਾਨਦੇਹੀ ਕਰਕੇ ਉਸਨੇ, ਉਨ੍ਹਾਂ ਨੂੰ ਅਗਰਭੂਮੀ ਵਿਚ ਲਿਆਉਣ ਦਾ ਯਤਨ ਕੀਤਾ ਹੈ। ਕਿਹਾ ਜਾ ਸਕਦਾ ਹੈ ਕਿ ਸਵਰਨ ਚੰਦਨ ਦੀ ਸਾਹਿਤਕਾਰੀ ਤੇ ਸਾਹਿਤ-ਅਲੋਚਨਾ, ਦੋਵੇਂ ਇਕ ਦੂਸਰੇ ਦੇ ਪੂਰਕ ਹਨ।

'ਪਰਵਾਸੀ-ਸਾਹਿਤ' ਆਪਣੇ ਆਪ ਵਿਚ ਇਕ ਜਟਿਲ ਸੰਕਲਪ ਹੈ। ਪਰ, ਅਸੀਂ ਇਸ ਨੂੰ ਸਰਲ ਅਰਥਾਂ ਵਿਚ ਵਿਆਖਿਆਉਣ ਦੇ ਆਦੀ ਹਾਂ। 'ਝੂਰੇਰਵੇ' (Nostalgia) ਨੂੰ ਪਰਵਾਸੀ-ਚੇਤਨਾ ਦਾ ਬਦਲ ਮੰਨ ਲੈਣ ਦੀ ਰੁਚੀ, ਸਾਡੇ ਸਾਹਿਤ-ਚਿੰਤਨ ਵਿਚ ਖ਼ਾਸੀ ਪ੍ਰਬਲ ਰਹੀ ਹੈ। ਇਸ ਦਾ ਮੂਲ ਕਾਰਣ, ਸਮੁੱਚੇ ਪਰਵਾਸੀ ਪੰਜਾਬੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਸਾਹਿਤ ਵਿਚ 'ਭੂਹੇਰਵੀ' ਸੰਵੇਦਨਾ ਦਾ ਭਾਰੂ ਹੋਣਾ ਹੋ ਸਕਦਾ ਹੈ। ਇਸ ਸੰਬੰਧ ਵਿਚ ਵੇਖਣ ਤੇ ਵਿਚਾਰਣ ਵਾਲੀ ਗੱਲ ਇਹ ਹੋਣੀ ਚਾਹੀਦੀ ਹੈ ਕਿ ਪਰਵਾਸੀ-ਸਾਹਿਤ ਜਿਸ ਧਰਤੀ 'ਤੇ ਲਿਖਿਆ ਜਾ ਰਿਹਾ ਹੈ ਉਥੋਂ ਦੇ ਸਮਾਜ਼ਕ-ਸਭਿਆਚਾਰਕ ਯਥਾਰਥ ਤੇ ਬੌਧਿਕਤਾ ਨਾਲ ਉਹ ਕਿਸ ਹੱਦ ਤੱਕ ਤੇ ਕਿਵੇਂ ਇੰਟਰੈੱਕਟ (interact) ਕਰਦਾ ਹੈ ? ਨਾਲੇ ਇਹ ਵੀ ਵੇਖਣਾ ਹੁੰਦਾ ਹੈ ਕਿ ਕਿਧਰੇ ਉਹ ਆਪਣੇ ਮੁਲਕ ਵਿਚ ਰਚੇ ਜਾ ਰਹੇ ਸਾਹਿਤ ਦੀ ਹੀ ਨਿਰੰਤਰਤਾ (continuity) ਤਾਂ ਨਹੀਂ ? ਇਸ ਸੰਦਰਭ ਵਿਚ, ਇਹ ਕੁਝ ਕੁ ਵਿਚਾਰਣ-ਯੋਗ ਅਹਿਮ ਮਸਲੇ ਹਨ। ਮਿਸਾਲ ਦੇ ਤੌਰ 'ਤੇ ਅਸੀਂ **ਰਵਿੰਦਰ ਰਵੀ** ਤੇ **ਅਜਾਇਬ ਕਮਲ** ਦੀਆਂ ਸਾਹਿਤਕ-ਲਿਖਤਾਂ ਨੂੰ ਲੈਂਦੇ ਹਾਂ। ਇਨ੍ਹਾਂ ਦੋਹਾਂ ਪਰਵਾਸੀ ਲੇਖਕਾਂ ਦੀਆਂ ਲਿਖਤਾਂ, ਸੰਬੰਧਤ ਦੇਸ਼ਾਂ ਦੇ ਯਥਾਰਥ-ਬੋਧ ਨਾਲ ਪੂਰੀ ਤਰ੍ਹਾਂ ਇੰਟਰੈੱਕਟ ਕਰਦੀਆਂ ਹਨ। ਇਹ ਲਿਖਤਾਂ, ਪੰਜਾਬ ਤੇ ਭਾਰਤ ਦੇ ਦੂਸਰੇ ਰਾਜਾਂ ਵਿਚ ਰਚੇ ਜਾ ਰਹੇ ਪੰਜਾਬੀ-ਸਾਹਿਤ ਦੀ 'ਨਿਰੰਤਰਤਾ' (continuity) ਨਹੀਂ ਹਨ। ਇਨ੍ਹਾਂ ਲਿਖਤਾਂ ਵਿਚ ਸੰਬੰਧਤ ਦੇਸ਼ਾਂ ਦੇ 'ਯਥਾਰਥ ਬੋਧ' ਨਾਲ ਇੰਟਰੈੱਕਟ ਕਰਨ ਦੀ ਰੁਚੀ ਕਾਫ਼ੀ ਪ੍ਰਬਲ ਹੈ। ਅਜਿਹੀ ਰੁਚੀ **ਸਵਰਨ ਚੰਦਨ** ਦੀਆਂ ਕੁਝ ਲਿਖਤਾਂ ਵਿਚ ਵੀ ਵੇਖਣ ਨੂੰ ਮਿਲਦੀ ਹੈ। ਅਜਿਹੀਆਂ ਰਚਨਾਵਾਂ, ਭਾਰਤ ਵਿਚ ਰਚੇ ਜਾ ਰਹੇ ਪੰਜਾਬੀ-ਸਾਹਿਤ ਦੀ ਨਿਰੰਤਰਤਾਂ ਨੂੰ ਕਬੂਲ ਨਹੀਂ ਕਰਦੀਆਂ। ਇਹੀ ਵਜ੍ਹਾ ਹੈ ਕਿ ਸਾਨੂੰ ਇਨ੍ਹਾਂ ਵਿੱਚੋਂ ਕਦੇ ਕਦੇ 'ਓਪਰੇਪਨ' ਦਾ ਅਹਿਸਾਸ ਹੁੰਦਾ ਹੈ। ਪਰ ਦੂਸਰੇ ਪਾਸੇ ਅਜਿਹੀਆਂ ਲਿਖਤਾਂ, ਸੰਬੰਧਤ ਭਾਸ਼ਾ ਦੇ ਸਾਹਿਤ ਵਿਚ ਨਵੇਂ ਪਾਸਾਰਾਂ ਨੂੰ ਜਨਮ ਦੇਣ ਦੀ ਮਹੱਤਵਪੂਰਣ ਭੂਮਿਕਾ ਨਿਭਾ ਰਹੀਆਂ ਹੁੰਦੀਆਂ ਹਨ। ਇਸ ਦ੍ਰਿਸ਼ਟੀ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਪਰਵਾਸੀ-ਲੇਖਕ ਦੀ ਸਮੁੱਚੀ ਸਾਹਿਤਕ-ਕਾਰਗੁਜ਼ਾਰੀ ਦਾ ਸਹੀ ਲੇਖਾ-ਜੋਖਾ ਤਾਂ ਹੀ ਸੰਭਵ ਹੈ ਜੇਕਰ ਅਸੀਂ ਉਸ ਨੂੰ ਪਰਵਾਸੀ-ਸਾਹਿਤ ਦੀ ਕੋਟੀ ਦੇ ਅੰਤਰਗਤ ਰੱਖ ਕੇ ਵਿਚਾਰਣ ਦੇ ਨਾਲ ਨਾਲ, ਸੰਬੰਧਤ ਭਾਸ਼ਾ ਦੇ ਸਾਹਿਤ ਦੀ ਮੁੱਖ ਧਾਰਾ ਨਾਲ ਜੋੜ ਕੇ ਵਿਚਾਰੀਏ। ਇਹ ਗੱਲ ਪਰਵਾਸੀ ਸਾਹਿਤ-ਚਿੰਤਨ ਉਪਰ ਵੀ ਲਾਗੂ ਹੁੰਦੀ ਹੈ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਸਵਰਨ ਚੰਦਨ ਦੇ ਸਾਹਿਤ-ਚਿੰਤਨ ਨੂੰ ਚਰਚਾ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਕਈ ਮਹੱਤਵਪੂਰਣ ਤੇ ਸਾਰਥਕ ਨੁਕਤੇ ਉਜਾਗਰ ਹੁੰਦੇ ਹਨ। ਇਸ ਸੰਬੰਧ ਵਿਚ ਇਥੇ ਇਹ ਤੱਥ ਸਪੱਸ਼ਟ ਕਰ ਦੇਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ 'ਸੰਵੇਦਨਾ ਤੇ ਸਾਹਿਤ' (1987), ਹੁਣ ਤੱਕ ਸਵਰਨ ਚੰਦਨ ਦੀ ਇਕੋ ਇਕ ਸਮੀਖਿਆ-ਪੁਸਤਕ ਪ੍ਰਕਾਸ਼ਤ ਹੋਈ ਹੈ। ਪਰਵਾਸੀ ਸਾਹਿਤ-ਚਿੰਤਨ ਦੀ ਕੋਟੀ ਦੇ ਅੰਤਰ-ਗਤ ਇਹ ਸਵਰਨ ਚੰਦਨ ਦੀ ਇਕ ਮੁੱਲਵਾਨ ਪ੍ਰਾਪਤੀ ਕਹੀ ਜਾ ਸਕਦੀ ਹੈ। ਕਦੇ ਮੈਨੂੰ, ਇਸ ਪੁਸਤਕ ਨੂੰ ਰੀਵੀਊ ਕਰਨ ਦਾ ਮੌਕਾ ਹਾਸਲ ਹੋਇਆ ਸੀ। ਪਰ ਹੱਥਲਾ ਅਧਿਅਨ-ਕਾਰਜ, ਇਸ ਸੰਬੰਧੀ ਕੁਝ ਨਵੇਂ ਦਿਸਹੱਦਿਆਂ ਨੂੰ ਪ੍ਰਕਾਸ਼ਮਾਨ ਕਰਨ ਵੱਲ ਰੁਚਿਤ ਹੈ। ਸਵਰਨ ਚੰਦਨ ਦੇ ਸਾਹਿਤ-ਚਿੰਤਨ ਨਾਲ ਆਪਣੀ ਨੇੜ੍ਹੇ ਦੀ ਸਾਂਝ ਪਾਉਣ ਲਈ ਮੈਂ 'ਸੰਵੇਦਨਾ ਤੇ ਸਾਹਿਤ' ਸਮੀਖਿਆ-ਪੁਸਤਕ ਨੂੰ ਮੁੜ ਪੜ੍ਹਿਆ, ਘੋਖਿਆ ਤੇ ਵਿਚਾਰਿਆ ਹੈ। ਅਜਿਹਾ ਕਰਦਿਆਂ 'ਰੀਵੀਊ' ਤੇ 'ਮੈਟਾ ਸਮੀਖਿਆ' ਵਿੱਚਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬੁਨਿਆਦੀ ਅੰਤਰ ਮੇਰੇ ਸਾਹਵੇਂ ਹੈ। ਜ਼ਾਹਰ ਹੈ ਕਿ ਮੇਰਾ ਇਹ ਅਧਿਅਨ-ਕਾਰਜ 'ਮੈਟਾ ਸਮੀਖਿਆ' ਵੱਲ ਰੁਚਿਤ ਹੈ। 'ਮੈਟਾ ਸਮੀਖਿਆ ਨੂੰ' ਮੈਂ 'ਸਮੀਖਿਆ ਦੀ ਸਮੀਖਿਆ' ਜਾਂ 'ਪ੍ਰਾਪਤ ਸਮੀਖਿਆ ਸੰਬੰਧੀ ਪ੍ਰਵਚਨ' ਦੇ ਅਰਥਾਂ ਵਿਚ ਗ੍ਰਹਿਣ ਕੀਤਾ ਹੈ। ਅਜਿਹਾ ਅਧਿਅਨ-ਕਾਰਜ ਪ੍ਰਾਪਤ ਰਚਨਾ ਨਾਲ ਸੰਬਾਦੀ-ਰਿਸ਼ਤੇ ਦੀ ਮੰਗ ਕਰਦਾ ਹੈ।

ਪੰਜਾਬੀ ਸਾਹਿਤ-ਸਮੀਖਿਆ ਦੇ ਦ੍ਰਿਸ਼ 'ਤੇ ਸਵਰਨ ਚੰਦਨ ਇਕ ਸਮੀਖਿਆਕਾਰ ਦੇ ਤੌਰ 'ਤੇ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਪੰਜਾਬੀ ਸਾਹਿਤ-ਸਮੀਖਿਆ, ਵਿਕਾਸ ਦੇ ਮੁੱਢਲੇ ਪੜਾਅ ਤੈਅ ਕਰ ਕੇ, ਅੰਤਰ-ਰਾਸ਼ਟਰੀ ਪੱਧਰ 'ਤੇ ਸਿਰਜੇ ਜਾ ਰਹੇ ਗਿਆਨ-ਵਿਗਿਆਨ ਨਾਲ ਆਪਣਾ ਬਰ ਮੇਚਣ ਦੇ ਆਹਰ ਵਿਚ ਸੀ। ਇਹ ਗੱਲ ਚਲ ਰਹੀ ਵੀਹਵੀਂ ਸਦੀ ਦੇ ਅੱਠਵੇਂ ਕੁ ਦਹਾਕੇ ਦੀ ਹੈ। ਇਸ ਕਾਲ-ਬਿੰਦੂ 'ਤੇ ਵਿਦਵਾਨਾਂ ਵੱਲੋਂ, ਆਪਣੀਆਂ ਦੇਸੀ ਸਾਹਿਤਕ-ਸਭਿਆਚਾਰਕ ਪਰੰਪਰਾਵਾਂ ਨੂੰ, ਅਤਿ ਵਿਕਸਤ ਗਿਆਨ-ਵਿਗਿਆਨ ਦੀਆਂ ਤਕਨੀਕਾਂ ਰਾਹੀਂ ਪਰਖਣ, ਸਮਝਾਉਣ ਦਾ ਕੰਮ ਆਪਣੇ ਸਿਖਰ 'ਤੇ ਸੀ। ਇਨ੍ਹਾਂ ਵਿਗਿਆਨਕ ਲੀਹਾਂ ਉਪਰ 'ਸਾਹਿਤ ਸ਼ਾਸਤਰ' ਤੇ 'ਸਾਹਿਤ ਦੇ ਵਿਗਿਆਨ' ਨੂੰ ਉਸਾਰਣ ਦੇ ਸੰਜੀਦਾ ਯਤਨ ਹੋ ਰਹੇ ਸਨ। ਦਰਪੇਸ਼ ਮੂਲ ਮਸਲਾ, ਸਾਹਿਤ ਦੀ ਸਾਹਿਤਕਤਾ ਨੂੰ 'ਪਛਾਣਨ' ਤੇ 'ਉਭਾਰਣ' ਦਾ ਸੀ। ਇਸੇ ਸੰਦਰਭ ਵਿਚ ਗਰੀਕੋ-ਰੋਮਨ ਕਾਵਿ ਸ਼ਾਸਤਰ; ਰੂਪਵਾਦ (ਅਮਰੀਕੀ ਤੇ ਰੂਸੀ), ਕਾਂਤ ਤੇ ਸਾਰਤਰ ਦਾ ਸਾਹਿਤ-ਚਿੰਤਨ; ਸੰਰਚਨਾਵਾਦ; ਚਿਹਨ-ਵਿਗਿਆਨ ਤੇ ਪਰਾ-ਸੰਰਚਨਾਵਾਦ (Post structuralism) ਆਦਿ ਭਿੰਨ ਭਿੰਨ ਚਿੰਤਨ-ਪ੍ਰਣਾਲੀਆਂ ਸੰਬੰਧੀ ਚਰਚਾ ਸਾਹਮਣੇ ਆਇਆ। 'ਦਿੱਲੀ ਦੇ ਸਮੀਖਿਆ-ਸਕੂਲ' ਨੇ ਇਨ੍ਹਾਂ ਚਿੰਤਨ-ਪ੍ਰਣਾਲੀਆਂ ਨੂੰ ਪੰਜਾਬੀ ਵਿਚ ਪ੍ਰਚਲਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸੇ ਪ੍ਰਸੰਗ ਵਿਚ ਯਕ ਲਾਕਾਂ ਤੇ ਯਕ ਦੈਰੀਦਾ ਦਾ ਚਿੰਤਨ ਅਤੇ 'ਪ੍ਰਵਚਨ ਸਿੱਧਾਂਤ' (theory of discourse) ਉਪਰ ਵਾਦ-ਵਿਵਾਦ ਵੀ ਸਾਹਮਣੇ ਆਇਆ। ਇਸ ਸਾਰੇ ਦ੍ਰਿਸ਼ ਦੇ ਅੰਤਰਗਤ ਸਨਾਤਨੀ-ਮਾਰਕਸਵਾਦੀ ਤੇ ਨਵ-ਮਾਰਕਸਵਾਦੀ ਚਿੰਤਨ ਵੀ ਵਿਸ਼ੇਸ਼ ਮਹੱਤਾ ਰਖਦਾ ਹੈ। ਸੰਤ ਸਿੰਘ ਸੇਖੋਂ ਤੇ ਪ੍ਰੋ: ਕਿਸ਼ਨ ਸਿੰਘ, ਸਾਹਿਤ ਦੀ ਮਾਰਕਸਵਾਦੀ-ਵਿਆਖਿਆ ਕਰ ਕੇ ਲੱਗਭਗ ਹੰਭ ਚੁੱਕੇ ਸਨ। ਇਸਦੇ ਪ੍ਰਤੀਕਰਮ ਵਿਚ ਨਵ-ਮਾਰਕਸਵਾਦ ਦਾ ਉਦੈ ਹੋ ਰਿਹਾ ਸੀ। ਇਨ੍ਹਾਂ ਸੰਰਚਨਾਵਾਦੀ ਚਿੰਤਕਾਂ ਨੇ ਇਕ ਦੂਸਰੇ ਦੇ ਵਿਰੋਧ ਵਿਚ ਪੋਜ਼ੀਸ਼ਨਾਂ ਅਖ਼ਤਿਆਰ ਕਰ ਰਖੀਆਂ ਸਨ ਅਤੇ ਦੂਸਰੀ ਤਰਫ਼ ਅਲਥੂਸਰ ਤੇ ਟੈਰੀ ਈਗਲਟਨ ਜਹੇ ਪੱਛਮੀ ਵਿਦਵਾਨਾਂ ਦੇ ਵਿਚਾਰਾਂ ਨੂੰ ਅਧਾਰ ਬਣਾ ਕੇ ਸੰਰਚਨਾਵਾਦ ਤੇ ਮਾਰਕਸਵਾਦ ਵਿੱਚਲੇ ਪੈਦਾ ਹੋਏ ਅੰਤਰ-ਵਿਰੋਧਾਂ ਨੂੰ ਮੇਟਣ ਦੇ ਯਤਨ ਵੀ ਹੋ ਰਹੇ ਸਨ। ਇਉਂ, ਸਵਰਨ ਚੰਦਨ ਨੇ ਜਦੋਂ ਪੰਜਾਬੀ ਸਾਹਿਤ-ਸਮੀਖਿਆ ਵਿਚ ਪ੍ਰਵੇਸ਼ ਕੀਤਾ ਉਦੋਂ ਪੰਜਾਬੀ ਸਾਹਿਤ-ਸਮੀਖਿਆ ਦਾ ਦ੍ਰਿਸ਼ ਕਾਫ਼ੀ ਭੱਰਵਾਂ ਤੇ ਵੰਨਸੁਵੰਨਾ ਸੀ। 'ਸਿੱਧਾਂਤਕ-ਚਿੰਤਨ' ਦੇ ਨਾਲ ਨਾਲ, ਇਨ੍ਹਾਂ ਅਧਿਅਨ-ਵਿਧੀਆਂ ਨੂੰ ਅਮਲ ਵਿਚ ਲਿਆਉਣ ਦੇ ਯਤਨ ਵੀ ਹੋ ਰਹੇ ਸਨ। ਪਰ, ਸਵਰਨ ਚੰਦਨ ਦੇ ਅਧਿਅਨ ਦਾ ਮੂਲ ਦ੍ਰਿਸ਼ਟੀ-ਬਿੰਦੂ ਮਾਰਕਸਵਾਦੀ-ਯਥਾਰਥਵਾਦ ਰਿਹਾ ਹੈ ਅਤੇ ਅਧਿਅਨ-ਵਸਤੂ ਬਰਤਾਨੀਆ ਵਿਚ ਰਚਿਆ ਗਿਆ ਪਰਵਾਸੀ ਪੰਜਾਬੀ-ਸਾਹਿਤ। ਹੱਥਲੀ ਪੁਸਤਕ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਸੰਬੰਧਤ ਕੇਵਲ ਇਕ ਲੇਖ "ਪੰਜਾਬੀ ਸਾਹਿਤ ਵਿਚ ਨਾਟਕ ਦੀ ਸਥਿਤੀ" ਵਿਚ ਪਰਵਾਸੀ ਪੰਜਾਬੀ-ਨਾਟਕ ਦੇ ਨਾਲ ਨਾਲ, ਇਧਰ ਰਚੇ ਗਏ ਨਾਟਕਾਂ ਤੇ ਪੰਜਾਬੀ ਰੰਗ ਮੰਚ ਦੀ ਸਥਿਤੀ ਉਪਰ ਵੀ ਟਿੱਪਣੀ ਕੀਤੀ ਗਈ ਹੈ। ਬਾਕੀ ਦੇ ਸਾਰੇ ਲੇਖ ਬਰਤਾਨੀਆ ਵਿਚ ਰਚੇ ਗਏ ਪਰਵਾਸੀ ਪੰਜਾਬੀ ਸਾਹਿਤ ਦੇ ਅਧਿਅਨ-ਵਿਸ਼ਲੇਸ਼ਣ ਨਾਲ ਸੰਬੰਧ ਰਖਦੇ ਹਨ।

ਜਦੋਂ ਅਸੀਂ ਹੱਥਲੀ ਸਮੀਖਿਆ-ਪੁਸਤਕ (ਸੰਵੇਦਨਾ ਤੇ ਸਾਹਿਤ) ਨਾਲ ਮੈਟਾ-ਸਮੀਖਿਆ ਦੀ ਦ੍ਰਿਸ਼ਟੀ ਤੋਂ ਆਪਣਾ, ਸੰਬਾਦੀ-ਰਿਸ਼ਤਾ ਬਣਾਉਂਦੇ ਹਾਂ ਤਾਂ ਕਈ ਮਹੱਤਵ-ਪੂਰਣ ਨੁਕਤੇ ਉਜਾਗਰ ਹੁੰਦੇ ਹਨ। ਹੱਥਲੀ ਪੁਸਤਕ ਦੀ ਮੂਲ ਸਮੱਸਿਆ ਉਨ੍ਹਾਂ ਸੰਕਲਪਾਂ ਤੇ ਪਰਿਭਾਸ਼ਕ ਸ਼ਬਦਾਂ ਦੀ ਪੁਨਰ ਵਿਆਖਿਆ ਰਾਹੀਂ, ਉਨ੍ਹਾਂ ਨੂੰ ਪੁਨਰ ਪਰਿਭਾਸ਼ਤ ਕਰਨਾ ਹੈ, ਜਿਨ੍ਹਾਂ ਦਾ ਸਿੱਧਾ ਸਰੋਕਾਰ ਪਰਵਾਸੀ-ਚੇਤਨਾ ਨਾਲ ਹੈ। ਅਜਿਹਾ ਕਰਦਿਆਂ ਸਵਰਨ ਚੰਦਨ ਇਥੇ, ਮਾਰਕਸਵਾਦੀ-ਯਥਾਰਥਵਾਦ ਦੇ ਨੁਕਤਾ-ਏ-ਨਿਗਾਹ ਤੋਂ ਬਰਤਾਨੀਆ ਵਿਚ ਰਚੇ ਗਏ ਤੇ ਰਚੇ ਜਾ ਰਹੇ ਪੰਜਾਬੀ-ਸਾਹਿਤ ਦੇ ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਸੰਦਰਭਾਂ ਨੂੰ ਵੀ ਸਪੱਸ਼ਟ ਕਰਦਾ ਚਲਿਆ ਜਾਂਦਾ ਹੈ। ਇਉਂ ਉਹ ਸਾਹਿਤਕ-ਕਿਰਤਾਂ ਦੇ ਅਧਿਅਨ-ਵਿਸ਼ਲੇਸ਼ਣ ਵਕਤ ਉਥੋਂ ਦੇ ਸਮਾਜਕ ਤੇ ਸਭਿਆਚਾਰਕ-ਇਤਿਹਾਸ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕਰਦਾ। ਜਿਥੋਂ ਤੱਕ ਸਵਰਨ ਚੰਦਨ ਦੇ ਮਾਰਕਸਵਾਦੀ ਨੱਜ਼ਰੀਏ ਦਾ ਸੰਬੰਧ ਹੈ, ਉਸ ਸੰਬੰਧੀ ਚਰਚਾ ਰਤਾ ਅੱਗੇ ਚੱਲ ਕੇ ਕੀਤੀ ਜਾਵੇਗੀ। ਹਾਲ ਦੀ ਘੜੀ ਅਸੀਂ ਆਪਣਾ ਧਿਆਨ ਉਨ੍ਹਾਂ ਸੰਕਲਪਾਂ ਤੇ ਪਰਿਭਾਸ਼ਕ ਸ਼ਬਦਾਂ ਉਪਰ ਕੇਂਦਰਿਤ ਕਰਦੇ ਹਾਂ ਜੋ ਪਰਵਾਸੀ-ਚੇਤਨਾ ਨਾਲ ਸਿੱਧੇ ਤੌਰ 'ਤੇ ਸੰਬੰਧਤ ਹਨ। ਬਰਤਾਨਵੀ ਪੰਜਾਬੀ-ਸਾਹਿਤ ਦੇ ਪ੍ਰਸੰਗ ਵਿਚ ਪੰਜਾਬੀ-ਸੰਵੇਦਨਾ ਨੂੰ ਚਰਚਾ ਦਾ ਵਿਸ਼ਾ ਬਣਾਉਣ ਲਈ ਸਾਡਾ ਸਮੀਖਿਆਕਾਰ ਸਭ ਤੋਂ ਪਹਿਲਾਂ 'ਸੰਵੇਦਨਾ' ਨੂੰ ਮਾਨਸਿਕਤਾ ਤੇ ਚੇਤਨਾ ਤੋਂ ਨਿਖੇੜਦਾ ਹੈ। ਭਿੰਨ ਭਿੰਨ ਸਰੋਤਾਂ ਦੇ ਅਧਾਰ 'ਤੇ ਉਹ ਇਹ ਧਾਰਣਾ ਬਣਾਉਂਦਾ ਹੈ ਕਿ 'ਸੰਵੇਦਨਾ' ਇਕ ਸਾਹਿਤਕ ਪਰਿਭਾਸ਼ਕ ਸ਼ਬਦ ਵਜੋਂ, ਅਠ੍ਹਾਰਵੀਂ ਸਦੀ ਦੇ ਅੱਧ ਵਿਚ ਯੂਰਪ ਦੇ ਸਾਹਿਤਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ। ਸ਼ੁਰੂ ਸ਼ੁਰੂ ਵਿਚ 'ਸੰਵੇਦਨਾ' ਨੂੰ ਕੋਮਲ ਭਾਵਨਾਵਾਂ ਦਾ ਅਸਰ ਗ੍ਰਹਿਣ ਕਰਨ ਦੀ ਸ਼ਕਤੀ ਦੇ ਅਰਥਾਂ ਵਿਚ ਪਰਿਭਾਸ਼ਤ ਕੀਤਾ ਗਿਆ। ਮਗਰੋਂ ਇਸ ਪਰਿਭਾਸ਼ਕ ਸ਼ਬਦ ਦੀਆਂ ਕਈ ਵਿਸ਼ਵਵਿਆਪੀ ਪਰਿਭਾਸ਼ਾਵਾਂ ਹੋਂਦ ਵਿਚ ਆਈਆਂ। ਭਿੰਨ ਭਿੰਨ ਸਰੋਤਾਂ ਤੋਂ ਪ੍ਰਾਪਤ ਸਾਮੱਗ੍ਰੀ ਦਾ ਜਾਇਜ਼ਾ ਲੈਂਦੇ ਹੋਏ ਸਵਰਨ ਚੰਦਨ ਇਸ ਨਤੀਜੇ 'ਤੇ ਪੁੱਜਦਾ ਹੈ ਕਿ :

> "ਚੇਤਨਾ ਦਾ ਉੱਦਾਤੀਕ੍ਰਿਤ ਰੂਪ ਹੀ ਦਰਅਸਲ ਸੰਵੇਦਨਾ ਹੈ। ਮਨੁੱਖੀ ਮਾਨਸਿਕਤਾ ਦਾ ਸਮਾਜੀਕ੍ਰਿਤ ਰੂਪ ਚੇਤਨਾ ਅਤੇ ਚੇਤਨਾ ਦਾ ਉੱਦਾਤੀਕ੍ਰਿਤ ਰੂਪ ਸੰਵੇਦਨਾ ਵਜੋਂ ਪ੍ਰਮਾਣਿਤ ਹੁੰਦਾ ਹੈ।" (ਪੰਨਾ 20)

ਸੋ ਸਪੱਸ਼ਟ ਹੈ ਕਿ ਇਥੇ ਸਵਰਨ ਚੰਦਨ ਮਨੁੱਖੀ-ਚੇਤਨਾ ਦੇ ਉੱਦਾਤੀਕ੍ਰਿਤ ਰੂਪ ਨੂੰ ਹੀ 'ਸੰਵੇਦਨਾ' ਦੇ ਅਰਥਾਂ ਵਿਚ ਗ੍ਰਹਿਣ ਕਰ ਰਿਹਾ ਹੈ। ਮੇਰੀ ਜਾਚੇ ਇਹ 'ਸੰਵੇਦਨਾ ਦੀ ਇਕ ਸੰਤੁਲਿਤ ਪਰਿਭਾਸ਼ਾ ਹੈ। ਇਸ ਪਰਿਭਾਸ਼ਾ ਉਪਰ ਸਹਿਜੇ ਕੀਤਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕੋਈ ਕਿੰਤੂ ਨਹੀਂ ਹੋ ਸਕਦਾ। ਉਸ ਅਨੁਸਾਰ, ਪੰਜਾਬੀਅਤ ਦੀ ਪਛਾਣ ਦਾ ਦੂਸਰਾ ਨਾਂ 'ਪੰਜਾਬੀ ਸੰਵੇਦਨਾ' ਹੈ। ਜ਼ਾਹਰ ਹੈ ਕਿ ਉਹ ਪੰਜਾਬੀ ਸਾਂਸਕ੍ਰਿਤਕ ਵਿਰਸੇ ਨੂੰ ਹੀ 'ਪੰਜਾਬੀ-ਸੰਵੇਦਨਾ' ਦੇ ਅਰਥਾਂ ਵਿਚ ਗ੍ਰਹਿਣ ਕਰ ਰਿਹਾ ਹੈ। ਉਹ 'ਸੰਵੇਦਨਾ' ਨੂੰ ਕੋਈ ਸਤੱਈ ਵਸਤੂ ਨਹੀਂ ਮੰਨਦਾ, ਸਗੋਂ ਉਸ ਨੂੰ ਅਤਿ ਡੂੰਘੀ ਤੇ ਘੋਖ ਪੜਤਾਲ ਵਾਲੀ ਸ਼ੈ ਸਵੀਕਾਰ ਕਰਦਾ ਹੈ। ਇਸ ਦੀ ਪਿੱਠ-ਭੂਮੀ ਵਿਚ ਉਹ ਸਮੁੱਚੇ ਇਤਿਹਾਸ, ਭੂਗੋਲਕ ਹੱਦਾਂ, ਸਭਿਆਚਾਰਕ ਸੰਦਰਭ, ਸਾਂਸਕ੍ਰਿਤਕ ਅਡੰਬਰ, ਸਮਾਜ ਦੀ ਨੀਂਹ ਅਤੇ ਸਮੱਗਰ ਪਰਉਸਾਰਾਂ ਨੂੰ ਕਾਰਜਸ਼ੀਲ ਹੋਇਆ ਪ੍ਰਤੀਤ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਸੰਵੇਦਨਾ ਦਾ ਪਾਸਾਰ, ਸੰਬੰਧਤ ਲੋਕਾਂ ਦਾ ਸਮੁੱਚਾ ਜੀਵਨ-ਪਾਸਾਰ ਹੁੰਦਾ ਹੈ। ਉਸ ਮੁਤਾਬਕ ਕਿਉਂਕਿ ਜੀਵਨ-ਪਾਸਾਰ ਪਰਿਵਰਤਨਸ਼ੀਲ ਹੈ, ਇਸ ਲਈ ਆਧੁਨਿਕ ਸੰਵੇਦਨਾ ਵੀ ਇਕ-ਦੋ ਹਜ਼ਾਰ ਸਾਲ ਪਹਿਲਾਂ ਦੀ ਸੰਵੇਦਨਾ ਨਾਲੋਂ ਭਿੰਨ ਹੈ। ਇਸ ਸੰਬੰਧ ਵਿਚ ਸਵਰਨ ਚੰਦਨ ਦਾ ਮੁੱਖ ਪ੍ਰਸਤਾਵ ਇਹ ਹੈ ਕਿ ਕਿਸੇ ਕੌਮ ਦੀ ਮੂਲ ਸੰਵੇਦਨਾ ਦਾ ਚਰਿੱਤਰ ਉਸ ਦੀ ਸਮਾਜਕਤਾ ਤੋਂ ਨਹੀਂ ਹੁੰਦਾ। ਮੂਲ ਸੰਵੇਦਨਾ ਦੇ ਪਰਿਵਰਤਨ ਲਈ ਮੂਲ ਸਮਾਜਕਤਾ ਨੂੰ ਬਦਲਣ ਦੀ ਲੋੜ ਹੁੰਦੀ ਹੈ। ਮੂਲ ਸਮਾਜਕਤਾ ਨੂੰ ਬਦਲਣ ਤੋਂ ਉਸ ਦਾ ਭਾਵ ਇਸ ਵਿਚ ਕਰਾਂਤੀ ਲਿਆਉਣਾ ਹੈ। ਪਹਿਲਾਂ ਇਸ ਦੇ ਪਰਉਸਾਰ (super-structure) ਨੂੰ ਬਦਲਣ ਤੇ ਮਗਰੋਂ ਇਸ ਦੀਆਂ ਨੀਹਾਂ (base structure) ਨੂੰ ਬਦਲਣ ਨਾਲ ਹੀ ਇਹ ਕਰਾਂਤੀ ਸਾਕਾਰ ਹੋ ਸਕਦੀ ਹੈ। ਇਸ ਸੰਬੰਧ ਵਿਚ ਉਸ ਦਾ ਮੱਤ ਹੈ ਕਿ ਕਰਾਂਤੀ, ਪਰਉਸਾਰ ਤੋਂ ਸ਼ੁਰੂ ਹੋ ਕੇ ਨੀਹਾਂ ਵੱਲ ਜਾਂਦੀ ਹੈ। ਇਹ ਨੀਹਾਂ ਹੀ ਦਰਅਸਲ ਮੂਲ ਸੰਵੇਦਨਾ ਦੀ ਧਰਾਤਲ ਹਨ। ਜੇਕਰ ਸਵਰਨ ਚੰਦਨ ਦੀ ਇਸ ਧਾਰਣਾ ਨੂੰ ਇਸੇ ਰੂਪ ਵਿਚ ਸਵੀਕਾਰ ਕਰ ਲਿਆ ਜਾਵੇ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਪਰਉਸਾਰ ਦੇ ਬਦਲ ਜਾਣ ਦੇ ਬਾਵਜੂਦ, ਮੂਲ ਸੰਵੇਦਨਾ ਨੂੰ ਬਦਲਦਿਆਂ ਚਿਰ ਲੱਗਦਾ ਹੈ। ਸੋ ਸਪੱਸ਼ਟ ਹੈ ਕਿ ਸੰਵੇਦਨਾ ਦੇ ਉਪਰੂਪ ਤਾਂ ਬਦਲਦੇ ਰਹਿੰਦੇ ਹਨ। ਪਰ, ਮੂਲ ਸੰਵੇਦਨਾ ਜਲਦੀ ਕੀਤਿਆਂ ਨਹੀਂ ਬਦਲਦੀ। ਉਹ ਤਾਂ ਇਥੋਂ ਤੱਕ ਮੰਨਦਾ ਹੈ ਕਿ ਸਮੁੱਚੀ ਮੂਲ ਸੰਵੇਦਨਾ ਤਾਂ ਬਦਲ ਹੀ ਨਹੀਂ ਸਕਦੀ, ਇਸ ਦਾ ਕੇਵਲ ਨਵੀਨੀਕਰਣ ਹੋ ਸਕਦਾ ਹੈ। ਇਸ ਨੂੰ ਸਮੁੱਚੀ ਬਦਲ ਦੇਣ ਦਾ ਅਰਥ ਹੈ, ਕੌਮੀਅਤ ਹੀ ਬਦਲ ਦੇਣਾ। ਇਥੇ ਸਵਰਨ ਚੰਦਨ ਅਚੇਤ-ਸੁਚੇਤ, ਸੰਤ ਸਿੰਘ ਸੇਖੋਂ ਦੀ ਮਾਰਕਸਵਾਦੀ-ਵਿਚਾਰਧਾਰਾ ਤੋਂ ਪ੍ਰਭਾਵਿਤ ਹੋਇਆ ਨਜ਼ਰ ਆਉਂਦਾ ਹੈ। ਅਜੋਕੇ ਮਾਰਕਸਵਾਦੀ-ਚਿੰਤਕਾਂ ਦੇ ਦਰਪੇਸ਼ ਅਹਿਮ ਮਸਲਾ ਵੇਦਨਾ-ਸੰਵੇਦਨਾ ਦੀ ਪਛਾਣ ਦਾ ਨਹੀਂ ਸਗੋਂ 'ਅਰਥਾਂ ਦੇ ਉਤਪਾਦਨ' (production of meaning) ਦਾ ਹੈ। ਅਸੀਂ ਵੇਖਣਾ ਇਹ ਹੁੰਦਾ ਹੈ ਕਿ ਸੰਬੰਧਤ ਰਚਨਾ, ਆਪਣੇ ਸਾਂਸਕ੍ਰਿਤਕ ਵਿਰਸੇ ਵਿੱਚੋਂ, ਨਵੇਂ ਅਰਥਾਂ ਦਾ ਉਤਪਾਦਨ ਕਰ ਸਕੀ ਹੈ ਜਾਂ ਨਹੀਂ ?

ਡਾ. ਮੁਲਕ ਰਾਜ ਅਨੰਦ ਦੇ ਵਿਚਾਰਾਂ ਤੋਂ ਪ੍ਰੇਰਿਤ ਹੁੰਦੇ ਹੋਏ ਇਥੇ ਸਵਰਨ ਚੰਦਨ, ਇਕ ਹੋਰ ਮਸਲਾ ਖੜ੍ਹਾ ਕਰਦਾ ਹੈ। ਪੰਜਾਬੀ ਸੰਸਕ੍ਰਿਤੀ ਦੀ ਵਿਰਾਸਤ ਨੂੰ ਮੂਲ ਪੰਜਾਬੀ ਸੰਵੇਦਨਾ ਦੇ ਅਰਥਾਂ ਵਿਚ ਗ੍ਰਹਿਣ ਕਰਦੇ ਹੋਏ, ਉਹ ਇਹ ਪ੍ਰਸ਼ਨ ਕਰਦਾ ਹੈ ਕਿ ਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਪੰਜਾਬੀ ਭਾਸ਼ਾ ਤੋਂ ਬਿਨਾਂ ਇਹ ਸੰਵੇਦਨਾ ਪ੍ਰਗਟਾਈ ਜਾ ਸਕਦੀ ਹੈ ? ਉਸ ਮੁਤਾਬਕ, ਇਸ ਦਾ ਉੱਤਰ 'ਨਹੀਂ' ਵਿਚ ਹੋਵੇਗਾ। ਆਪਣੇ ਵਿਚਾਰ ਦੀ ਪੁਸ਼ਟੀ ਲਈ ਉਹ, ਵਾਰਸ ਸ਼ਾਹ ਦੀ ਇਕ ਕਾਵਿ-ਪੰਗਤੀ 'ਕਿੱਲੇ ਠੋਕਵਾਂ ਇਸ਼ਕ ਤਰਖਾਣੀਆਂ ਦਾ' ਨੂੰ ਮਿਸਾਲ ਦੇ ਤੌਰ 'ਤੇ ਪੇਸ਼ ਕਰਦਾ ਹੈ। ਉਸਦਾ ਕਹਿਣਾ ਹੈ ਕਿ ਇਹ ਕਾਵਿ-ਬੋਲ ਪੰਜਾਬੀ ਸੰਵੇਦਨਾ ਲਈ ਹੀ ਰਾਖਵਾਂ ਹੈ, ਅੰਗਰੇਜ਼ੀ ਲਈ ਨਹੀਂ। ਜਦੋਂ ਇਸ ਦਾ ਰੂਪਾਂਤਰਣ ਅੰਗਰੇਜ਼ੀ ਭਾਸ਼ਾ ਵਿਚ ਕੀਤਾ ਜਾਏਗਾ ਤਾਂ ਇਹ ਆਪਣੀ ਮੂਲ ਸੰਵੇਦਨਾ ਗੁਆ ਲਏਗਾ। ਮੇਰੀ ਜਾਚੇ ਇਹ ਮਸਲਾ ਕਵਿਤਾ ਦੇ ਅਨੁਵਾਦ ਨਾਲ ਸੰਬੰਧਤ ਹੈ। ਜ਼ਾਹਰ ਹੈ ਕਿ ਇਕ ਭਾਸ਼ਾ ਦੀ ਕਵਿਤਾ ਦੇ ਦੂਸਰੀ ਭਾਸ਼ਾ ਵਿਚ ਕੀਤੇ ਅਨੁਵਾਦ ਨਾਲ, ਉਸ ਦੇ ਸੁਹਜ-ਸੁਆਦ ਜਾਂ ਸੰਵੇਦਨਾ ਦੇ ਰੰਗ ਉਪਰ ਕੁਝ ਅਸਰ ਤਾਂ ਜ਼ਰੂਰ ਪੈਂਦਾ ਹੈ। ਪਰ, ਕਵਿਤਾ ਦਾ ਸੁਨੇਹਾ ਜ਼ਰੂਰ ਦੂਸਰਿਆਂ ਤੱਕ ਪ੍ਰਸਾਰਿਤ ਹੋ ਜਾਂਦਾ ਹੈ। ਇਥੇ ਸਵਰਨ ਚੰਦਨ ਦੇ ਇਸ ਵਿਚਾਰ ਨਾਲ ਵੀ ਜਲਦੀ ਕੀਤਿਆਂ ਸਹਿਮਤ ਨਹੀਂ ਹੋਇਆ ਜਾ ਸਕਦਾ ਕਿ ਪੰਜਾਬੀ ਭਾਸ਼ਾ ਦੇ ਬਿਨਾਂ, ਪੰਜਾਬੀ-ਸੰਵੇਦਨਾ ਪ੍ਰਗਟਾਈ ਹੀ ਨਹੀਂ ਜਾ ਸਕਦੀ। ਇਥੇ ਮੇਰਾ ਪ੍ਰਸ਼ਨ ਇਹ ਹੈ ਕਿ ਕੀ ਸਾਹਿਤ ਹੀ ਸੰਵੇਦਨਾ ਨੂੰ ਪ੍ਰਗਟਾਉਣ ਦਾ ਇਕੋ ਇਕ ਮਾਧਿਅਮ ਹੈ ? ਕੀ ਦੂਸਰੀਆਂ ਕਲਾਵਾਂ (ਸੰਗੀਤ, ਮੂਰਤੀ, ਚਿੱਤਰ-ਕਲਾ, ਭਵਨ ਨਿਰਮਾਣ ਕਲਾ ਆਦਿ) ਦੇ ਮਾਧਿਅਮ ਨਾਲ ਪੰਜਾਬੀ-ਸੰਵੇਦਨਾ ਨੂੰ ਨਹੀਂ ਪ੍ਰਗਟਾਇਆ ਜਾ ਸਕਦਾ ? ਮੈਨੂੰ ਇਉਂ ਜਾਪਿਐ ਜਿਵੇਂ ਸਵਰਨ ਚੰਦਨ ਇਥੇ, ਸਵੈ-ਵਿਰੋਧ ਦਾ ਸ਼ਿਕਾਰ ਹੋ ਗਿਆ ਹੋਵੇ। ਇਕ ਤਰਫ਼ ਉਹ ਮਨੁੱਖੀ-ਚੇਤਨਾ ਦੇ ਉੱਦਾਤੀਕ੍ਰਿਤ ਰੂਪ ਨੂੰ 'ਸੰਵੇਦਨਾ' ਮੰਨਦਾ ਹੈ ਅਤੇ ਦੂਸਰੀ ਤਰਫ਼ ਉਹ ਕਾਵਿ-ਸੰਵੇਦਨਾ ਨੂੰ ਉਸ ਦੇ ਕੇਵਲ ਸੁਹਜ-ਸੁਆਦ ਜਾਂ ਐਂਦਰੀਯਤਾ ਅਤੇ ਭਾਸ਼ਾ ਤੱਕ ਮਹਿਦੂਦ ਕਰ ਕੇ ਰਖ ਦਿੰਦਾ ਹੈ। ਇਹ ਤਾਂ ਅਨੁਵਾਦ ਕਰਤਾ ਦੀ ਸਮਰੱਥਾ ਤੇ ਯੋਗਤਾ ਉਪਰ ਨਿਰਭਰ ਕਰਦਾ ਹੈ ਕਿ ਉਹ ਆਪਣੀ ਅਨੁਵਾਦ-ਕਲਾ ਰਾਹੀਂ ਸੰਵੇਦਨਾ ਦਾ ਕਿਤਨਾ ਕੁ ਰੰਗ ਉਘਾੜ ਸਕਦਾ ਹੈ ?

'ਸੰਵੇਦਨਾ' ਤੇ 'ਸਾਹਿਤ ਸੰਵੇਦਨਾ' ਦੀ ਤਰ੍ਹਾਂ ਇਥੇ ਸਵਰਨ ਚੰਦਨ ਨੇ 'ਝੂਹੇਰਵੇ' (Nostalgia) ਦੇ ਸੰਕਲਪ ਨੂੰ ਵੀ ਪੁਨਰ-ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ। ਇਸ ਸੰਬੰਧ ਵਿਚ ਉਸਦੀ ਧਾਰਣਾ ਹੈ ਕਿ 'ਝੂਹੇਰਵਾ' ਕੇਵਲ ਸ਼ਬਦ ਨਾ ਹੋ ਕੇ ਇਕ ਸੰਕਲਪ ਹੈ ਅਤੇ ਅੰਗਰੇਜ਼ੀ ਦੇ ਸੰਕਲਪਮਈ ਸ਼ਬਦ 'Nostalgia' ਦਾ ਪੰਜਾਬੀ ਰੂਪਾਂਤਰ ਹੈ ! 'ਸ਼ਬਦ ਨਾਸਟੈਲਜੀਆ ਦੇ ਰੂਪਗ੍ਰਾਮਾਂ (Morphemes) Nostos+Algia ਦਾ ਜਮ੍ਹਾਂ-ਜੋੜ ਹੈ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ : ਬੀਤੇ ਦੀ ਵਾਪਸੀ ਅਤੇ ਹੇਰਵਾ। ਇਸੇ ਦੇ ਅਨੁਰੂਪ ਸ਼ਬਦ ਝੂਹੇਰਵਾ ਦੇ ਵੀ ਦੋ ਰੂਪਗ੍ਰਾਮ ਹਨ : ਭੂਤਕਾਲ ਅਤੇ ਹੇਰਵਾ। ਸਵਰਨ ਚੰਦਨ ਦਾ ਮੱਤ ਹੈ ਕਿ ਪਰਵਾਸੀ-ਜੀਵਨ ਵਿਚ ਝੂਹੇਰਵਿਕ ਤੱਤ ਦੀ ਉਤਪਤੀ ਲਾਜ਼ਮੀ ਤੇ ਅਨਿਵਾਰੀ ਹੁੰਦੀ ਹੈ। ਕੋਈ ਪਰਵਾਸੀ ਮਨੁੱਖ ਇਸ ਤੋਂ ਪੂਰੀ ਤਰ੍ਹਾਂ ਬਰੀ ਨਹੀਂ ਹੋ ਸਕਦਾ : 'ਝੂਹੇਰਵੇ' ਦੇ ਕਾਰਣਾਂ ਉਪਰ ਚਰਚਾ ਕਰਦੇ ਹੋਏ ਉਹ ਇਹ ਵਿਚਾਰ ਬਣਾਉਂਦਾ ਹੈ ਕਿ 'ਝੂਹੇਰਵਾ' ਕਈ ਸਮਾਜਕ ਰੌਆਂ ਥਾਣੀਂ ਗੁਜ਼ਰਦਾ ਹੈ, ਮਸਲਨ : 'ਭਾਵੁਕ ਸਥਿਤੀ ਦੀ ਰੌਂਅ, ਸਥਾਪਤੀ ਦੀ ਰੌਂਅ, ਪੀੜ੍ਹੀ-ਪਾੜੇ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਰੌਂਅ, ਵਿਕਸਤ ਸਥਿਤੀ ਦੀ ਰੌਂਅ ਆਦਿ। ਬਰਨਾਰਡ ਬਰਗੋਨਜ਼ੀ ਨੇ ਇਸ 'ਭੂਹੇਰਵੇ' ਨੂੰ 'ਆਦਰਸ਼ ਚਿੱਤਰਾਂ' (utopia) ਦੇ ਵਿਰੋਧ ਵਿਚ ਰਖਿਆ ਹੈ। 'ਭੂਹੇਰਵੇ' ਤੇ 'ਆਦਰਸ਼ ਚਿੱਤਰਾਂ' ਦਾ ਆਪਸੀ ਵਿਰੋਧ ਬਿਲਕੁਲ ਸਪੱਸ਼ਟ ਹੈ। 'ਭੂਹੇਰਵੇ' ਦਾ ਸੰਬੰਧ ਜੇਕਰ ਅਤੀਤ ਦੇ ਹੇਰਵੇ ਨਾਲ ਹੈ ਤਾਂ 'ਯੂਟੋਪੀਆ' ਭਵਿੱਖ-ਮੁਖੀ ਹੈ। ਪਰਵਾਸੀ-ਮਨੁੱਖ ਅੰਦਰ ਉਪਜੀ ਭੂਹੇਰਵੇ ਦੀ ਭਾਵਨਾ ਦੇ ਕਾਰਣਾ ਉਪਰ ਰੋਸ਼ਨੀ ਪਾਉਂਦੇ ਹੋਏ ਸਵਰਨ ਚੰਦਨ ਦਸਦਾ ਹੈ ਕਿ ਮੁੱਢਲਾ ਪਰਵਾਸੀ ਮਨੁੱਖ ਨਵੇਂ ਵਾਤਾਵਰਣ ਵਿਚ ਕੁਝ ਵਧੇਰੇ ਹੀ ਵਿਜੋਗਿਆ ਗਿਆ। ਸਭਿਆਚਾਰਕ ਸੰਦਰਭਾਂ ਤੋਂ ਛੁੱਟ ਦੋ ਸਮਾਜਾਂ ਦੇ ਆਰਥਕ ਅੰਤਰ ਵੀ ਇਸ ਸਥਿਤੀ ਦੇ ਬਰਾਬਰ ਜ਼ੁੰਮੇਵਾਰ ਹਨ। ਉਸ ਦਾ ਕਹਿਣਾ ਹੈ ਕਿ ਸਾਡਾ ਮੁੱਢਲਾ ਪਰਵਾਸੀ ਮਨੁੱਖ ਅਣਉਦਯੋਗਿਕ ਫ਼ਿਊਡਲ ਮਾਹੌਲ ਵਿੱਚੋਂ ਨਿਕਲ ਕੇ ਅਤਿ ਵਿਕਸਤ ਉਦਯੋਗਿਕ ਤੇ ਪੂੰਜੀਵਾਦੀ ਮਾਹੌਲ ਵਿਚ ਆਇਆ ਸੀ। ਇਹ ਉਸ ਲਈ ਰਾਤੋ ਰਾਤ ਇਨਕਲਾਬ ਆ ਜਾਣ ਵਾਲੀ ਸਥਿਤੀ ਦੇ ਬਰਾਬਰ ਸੀ। ਜੀਵਨ-ਕੀਮਤਾਂ ਦਾ ਫ਼ਰਕ ਵੀ ਉਸ ਦੇ ਵਿਯੋਗ, ਅਲਗਾਉ, ਬੇਗਾਨਗੀ ਤੇ ਅਜਨਬੀਅਤ ਦਾ ਕਾਰਣ ਬਣਿਆ। ਅੱਜ, ਸਥਿਤੀ ਰਤਾ ਭਿੰਨ ਹੈ। ਅੱਜ ਦਾ ਪਰਵਾਸੀ ਮਨੁੱਖ ਇਤਨਾ ਆਤੰਕਿਤ ਕਦੇ ਨਹੀਂ ਹੋਵੇਗਾ ਜਿਤਨਾ ਕਿ ਮੁੱਢਲੀ ਅਵੱਸਥਾ ਦਾ ਪਰਵਾਸੀ-ਮਨੁੱਖ ਸੀ। ਭਾਰਤ ਦੇ ਮੁਕਾਬਲੇ ਵਿਚ, ਇੰਗਲੈਂਡ ਤੋਂ ਅਮਰੀਕਾ ਜਾਂ ਕਨੈਡਾ, ਜਾਣ ਵਾਲਾ ਪਰਵਾਸੀ-ਮਨੁੱਖ ਇਤਨਾ ਆਤੰਕਿਤ ਨਹੀਂ ਹੋ ਸਕਦਾ ਕਿਉਂਕਿ, ਇਨ੍ਹਾਂ ਦੇਸ਼ਾਂ ਵਿਚ ਸਮਾਜਕ ਕਦਰਾਂ-ਕੀਮਤਾਂ ਦੇ ਖੱਪੇ ਇਤਨੇ ਜ਼ਿਆਦਾ ਨਹੀਂ ਹਨ। ਇਥੇ ਹੀ ਬਸ ਨਹੀਂ। ਸਵਰਨ ਚੰਦਨ ਨੇ ਆਪਣੇ ਇਕ ਲੇਖ ਵਿਚ 'ਭੂਹੇਰਵੇ' ਦੇ ਸੰਕਲਪ ਨੂੰ ਪੁਨਰ-ਪਰਿਭਾਸ਼ਤ ਵੀ ਕੀਤਾ ਹੈ। ਇਹ ਆਪਣੇ ਆਪ ਵਿਚ ਉਸਦੀ ਇਕ ਮੁੱਲਵਾਨ ਪ੍ਰਾਪਤੀ ਹੈ। ਕੁਝ ਉਦਾਹਰਣਾਂ ਦੇ ਕੇ ਉਹ ਇਸ ਸੰਕਲਪ ਨੂੰ ਸਪੱਸ਼ਟ ਕਰਦਾ ਹੈ। ਪ੍ਰਯੋਜਨ ਦੇ ਅਧਾਰ 'ਤੇ ਉਸ ਨੇ, 'ਭੂਹੇਰਵੇ' ਨੂੰ, 'ਉਦਰੇਵੇਂ' ਤੇ 'ਹੇਰਵੇ' ਤੋਂ ਨਿਖੇੜਣ ਦਾ ਅਹਿਮ ਯਤਨ ਵੀ ਕੀਤਾ ਹੈ। ਪੁਸਤਕ ਦੇ ਪੰਨਾ ਨੰਬਰ 98 'ਤੇ ਦਰਜ 'ਸਪੱਸ਼ਟੀਕਰਣ ਚਾਰਟ', ਇਸ ਵਿਚਾਰ ਦੀ ਪੁਸ਼ਟੀ ਲਈ ਹਾਜ਼ਰ ਕੀਤਾ ਜਾ ਸਕਦਾ ਹੈ। ਸਾਡੇ ਹੁਣ ਤੱਕ ਦੇ ਸਮੀਖਿਆ-ਅਭਿਆਸ ਵਿਚ ਇਨ੍ਹਾਂ ਸੰਕਲਪਾਂ ਨੂੰ ਇਕ ਦੂਸਰੇ ਵਿਚ ਖ਼ਲਤਮਲਤ ਕਰਨ ਦੀ ਰੁਚੀ ਕਾਫ਼ੀ ਪ੍ਰਬਲ ਦਿਖਾਈ ਦੇਂਦੀ ਹੈ। ਸਵਰਨ ਚੰਦਨ ਨੇ ਪ੍ਰਯੋਜਨ ਦੇ ਅਧਾਰ 'ਤੇ ਇਨ੍ਹਾਂ ਵਿੱਚਲੇ ਅੰਤਰ-ਨਿਖੇੜ ਸਥਾਪਤ ਕਰ ਕੇ ਇਕ ਮਹੱਤਵਪੂਰਣ ਕੰਮ ਕੀਤਾ ਹੈ। ਇਹ ਕਾਰਜ, ਉਸਦੀ ਵਿਗਿਆਨਕ ਸੋਚ ਤੇ ਪ੍ਰੌਢ-ਦ੍ਰਿਸ਼ਟੀ ਦਾ ਲਖ਼ਾਇਕ ਹੈ।

ਬਰਤਾਨੀਆ ਵਿਚ ਰਚੇ ਗਏ ਪੰਜਾਬੀ-ਸਾਹਿਤ ਦਾ ਮੁਲੰਕਣ-ਵਿਸ਼ਲੇਸ਼ਣ ਕਰਦੇ ਹੋਏ ਉਹ ਇਸੇ ਸਿੱਟੇ 'ਤੇ ਪੁੱਜਦਾ ਹੈ ਕਿ 'ਭੂਹੇਰਵਾ', ਸਾਡੀ ਪਰਵਾਸੀ-ਚੇਤਨਾ ਦਾ ਇਕ ਸਹਿਜ ਅੰਗ ਰਿਹਾ ਹੈ। ਇਸ ਤੱਥ ਤੋਂ ਸਹਿਜੇ ਕੀਤਿਆਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ। ਮੇਰੀ ਜਾਚੇ, ਪਰਵਾਸੀ-ਸਾਹਿਤ ਵਿਚ ਕਾਰਜਸ਼ੀਲ 'ਭੂਹੇਰਵਿਕ ਤੱਤ' ਦੀ ਨਿਸ਼ਾਨ-ਦੇਹੀ ਕਰਨ ਦੇ ਨਾਲ ਨਾਲ ਇਹ ਵੀ ਜਾਣਨਾ ਜ਼ਰੂਰੀ ਬਣਦਾ ਹੈ ਕਿ ਇਹ ਸਾਹਿਤ ਉਥੋਂ ਦੇ ਯਥਾਰਥ-ਬੋਧ ਨਾਲ ਕਿਤਨਾ ਕੁ ਇੰਟਰਐੱਕਟ ਕਰਦਾ ਹੈ? ਇਸੇ ਅਧਾਰ 'ਤੇ ਇਹ ਵੀ ਨਿਰਣਾ ਕੀਤਾ ਜਾ ਸਕਦਾ ਹੈ ਕਿ ਇਹ ਪਰਵਾਸੀ-ਸਾਹਿਤ ਆਪਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਪ੍ਰਕਿਰਤੀ ਵਿਚ (Homogenous) ਹੈ ਜਾਂ (Hetrogenous)। ਕਿਧਰੇ ਇਹ ਇਧਰ ਰਚੇ ਜਾ ਰਹੇ ਸਾਹਿਤ ਦੀ ਨਿਰੰਤਰਤਾ (Continuity) ਹੀ ਤਾਂ ਨਹੀਂ ? ਕਿਸੇ ਪਰਵਾਸੀ-ਸਾਹਿਤ ਦੇ ਅਧਿਅਨ-ਵਿਸ਼ਲੇਸ਼ਣ ਨਾਲ ਸੰਬੰਧਤ ਇਹ ਕੁਝ ਅਹਿਮ-ਨੁਕਤੇ ਹਨ ਜਿਨ੍ਹਾਂ ਵੱਲ ਸਵਰਨ ਚੰਦਨ ਦਾ ਧਿਆਨ ਨਹੀਂ ਗਿਆ। ਜੇਕਰ ਉਹ ਇਨ੍ਹਾਂ ਵਿੱਚੋਂ ਪਹਿਲੇ ਨੁਕਤੇ ਨੂੰ ਕਿਤੇ ਕਿਤੇ ਚਰਚਾ ਦਾ ਵਿਸ਼ਾ ਬਣਾਉਂਦਾ ਹੈ ਤਾਂ ਉਹ ਕੇਵਲ ਨਾਂ-ਮਾਤਰ ਹੀ ਹੈ।

'ਸੰਵੇਦਨਾ ਤੇ ਸਾਹਿਤ' ਸਮੀਖਿਆ–ਪੁਸਤਕ ਦਾ ਹੱਥਲਾ ਮੈਟਾ–ਅਧਿਅਨ, ਇਹ ਵੀ ਦਸ ਪਾਉਂਦਾ ਹੈ ਕਿ ਸਵਰਨ ਚੰਦਨ ਪੰਜਾਬੀ ਸਾਹਿਤ-ਸਮੀਖਿਆ ਦੇ ਬਹੁਬਿੱਧ ਰੰਗਲੇ ਦ੍ਰਿਸ਼ ਤੋਂ ਭਲੀ ਪ੍ਰਕਾਰ ਵਾਕਫ਼ ਜ਼ਰੂਰ ਹੈ। 'ਸਾਹਿਤ ਦਾ ਸਮਾਜਕ ਸੰਦਰਭ ਤੇ ਸਮੀਖਿਆ' ਲੇਖ ਵਿਚ ਉਸ ਨੇ ਸਮੁੱਚੀ ਪੰਜਾਬੀ ਸਾਹਿਤ-ਸਮੀਖਿਆ ਨੂੰ ਚਾਰ ਕੋਟੀਆਂ (ਅਕਾਦਮਿਕ ਅਲੋਚਨਾ, ਪ੍ਰਗਤੀਵਾਦੀ ਅਲੋਚਨਾ, ਆਧੁਨਿਕ ਅਲੋਚਨਾ ਤੇ ਸੰਰਚਨਾਵਾਦੀ ਅਲੋਚਨਾ) ਵਿਚ ਵੰਡ ਕੇ, ਇਸ ਦਾ ਸੰਖੇਪ ਅਲੋਚਨਾਤਮਕ-ਸਰਵੇਖਣ ਪੇਸ਼ ਕੀਤਾ ਹੈ। ਉਸਦੇ ਇਸ ਸੰਖੇਪ ਅਲੋਚਨਾਤਮਕ-ਸਰਵੇਖਣ ਦੇ ਮੂਲ ਅਧਾਰ ਕੁਝ 'ਦੂਜੈਲੇ ਸਰੋਤ' (secondary sources) ਹਨ। ਇਹੀ ਵਜ੍ਹਾ ਹੈ ਕਿ ਉਹ ਕਈ ਥਾਈਂ ਟੱਪਲੇ ਖਾ ਗਿਆ ਪ੍ਰਤੀਤ ਹੁੰਦਾ ਹੈ। ਕਿਉਂਕਿ, ਉਸਦਾ ਇਹ ਅਲੋਚਨਾਤਮਕ-ਸਰਵੇਖਣ, ਮੂਲ ਰੂਪ ਵਿਚ ਯਥਾਰਥਵਾਦ ਦੇ ਦ੍ਰਿਸ਼ਟੀ-ਬਿੰਦੂ ਤੋਂ ਹੋਇਆ ਹੈ, ਇਸ ਲਈ ਅਜਿਹੀ ਸਥਿਤੀ ਦਾ ਹੋਂਦ ਵਿਚ ਆਉਣਾ, ਕੋਈ ਅਲੋਕਾਰ ਗੱਲ ਮਹਿਸੂਸ ਨਹੀਂ ਹੁੰਦੀ। ਖ਼ਾਸ ਕਰਕੇ, 'ਸੰਰਚਨਾਵਾਦ' ਤੇ 'ਮਾਰਕਸਵਾਦ' ਸੰਬੰਧੀ ਉਸ ਦੀਆਂ ਇਹ ਟਿੱਪਣੀਆਂ ਅੱਗੋਂ ਹੋਰ ਕਈ ਪ੍ਰਸ਼ਨਾਂ ਨੂੰ ਜਨਮ ਦੇਂਦੀਆਂ ਨਜ਼ਰ ਆਉਂਦੀਆਂ ਹਨ :

> ''ਜਦੋਂ ਸੰਰਚਨਾਵਾਦ ਭਾਸ਼ਾ ਦੀ ਗੱਲ ਕਰ ਰਿਹਾ ਹੁੰਦਾ ਹੈ ਤਾਂ ਇਹ ਕਿਸੇ ਕਲਾ-ਕ੍ਰਿਤ ਦੇ ਬਾਹਰੀ ਰੂਪ ਦੀ ਗੱਲ ਹੋ ਨਿਬੜਦੀ ਹੈ। ਮਾਰਕਸਵਾਦੀ ਚਿੰਤਨ ਲਈ ਵਸਤੂ-ਸਾਮੱਗ੍ਰੀ ਪ੍ਰਾਥਮਿਕ ਅਨਿਵਾਰਤਾ ਹੈ ਤੇ ਰੂਪ-ਸਾਮੱਗ੍ਰੀ ਦੂਜੈਲੀ, ਜਦੋਂ ਕਿ ਸੰਰਚਨਾਵਾਦ ਲਈ ਰੂਪ-ਸਾਮੱਗ੍ਰੀ ਪ੍ਰਾਥਮਕ ਹੈ ਤੇ ਵਸਤੂ-ਸਾਮੱਗ੍ਰੀ ਦੂਜੈਲੀ। ਉਪ੍ਰੋਕਤ ਬਹਿਸ ਤੋਂ ਇਹ ਨਿਰਣਾ ਸਹਿਜੇ ਹੀ ਨਿਕਲ ਸਕਦਾ ਹੈ ਕਿ ਮਾਰਕਸਵਾਦੀ ਆਲੋਚਨਾ ਤੇ ਸੰਰਚਨਾਵਾਦੀ ਆਲੋਚਨਾ ਇਕ ਦੂਸਰੀ ਦੇ ਵਿਪਰੀਤ ਆਲੋਚਨਾ-ਵਿਧੀਆਂ ਹਨ।''
> (ਪੰਨੇ 55-56)

> ''ਦਰਅਸਲ ਗਹੁ ਨਾਲ ਵਿਚਾਰਿਆਂ ਇਹ ਤੱਥ ਸਪੱਸ਼ਟ ਰੂਪ ਵਿਚ ਨਿਰੂਪਤ ਹੋ ਜਾਂਦਾ ਹੈ ਕਿ ਸੰਰਚਨਾਵਾਦ, ਪ੍ਰਭਾਵਵਾਦ ਦੀ ਹੀ ਨਵ-ਉਸਾਰੀ ਦਾ ਸੰਕਲਪ ਹੈ। ਇਸ ਦੀ ਮੂਲ ਪ੍ਰਵਿਰਤੀ 'ਕਲਾ ਕਲਾ ਲਈ' ਦੀ ਹੀ ਪ੍ਰਵਿਰਤੀ ਹੈ, ਤੇ ਇਹ ਆਪਣੇ ਅਧਿਐਨ ਵਿਚੋਂ ਮਨੁੱਖ ਦੇ ਸਮਾਜਕ ਸੰਦਰਭ ਨੂੰ ਖ਼ਾਰਜ ਕਰ ਦੇਂਦੀ ਹੈ।''
> (ਪੰਨਾ-56)

ਇਨ੍ਹਾਂ ਟਿੱਪਣੀਆਂ ਨੂੰ ਪੜ੍ਹਣ ਮਗਰੋਂ ਇਹ ਵਿਚਾਰ ਉਪਜਦਾ ਹੈ ਕਿ ਸਵਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਚੰਦਨ ਦਾ 'ਸੰਰਚਨਾਵਾਦ' ਸੰਬੰਧੀ ਗਿਆਨ, ਅਧੂਰਾ ਵੀ ਹੈ ਤੇ ਅਪ੍ਰਸੰਗਕ ਵੀ। ਸੰਰਚਨਾਵਾਦੀ-ਚਿੰਤਕ ਇਹ ਮੰਨ ਕੇ ਤੁਰਦੇ ਹਨ ਕਿ ਹਰ ਸਾਹਿਤਕ-ਕਿਰਤ ਦਾ ਅਵਚੇਤਨ ਮੂਲ ਰੂਪ ਵਿਚ 'ਭਾਸ਼ਾਈ' ਹੈ। ਭਾਸ਼ਾ ਤੋਂ ਪਾਰ 'ਭਾਸ਼ਾ' ਹੀ ਹੁੰਦੀ ਹੈ। 'ਭਾਸ਼ਾ' ਹਰ ਸਾਹਿਤਕ-ਕਿਰਤ ਵਿਚ 'Modeling activity' ਦੇ ਰੂਪ ਵਿਚ ਕਾਰਜਸ਼ੀਲ ਰਹਿੰਦੀ ਹੈ। ਇਹ ਭਾਸ਼ਾ ਹੀ ਹੈ ਜੋ ਕਿਸੇ ਵਸਤੂ ਨੂੰ 'ਰੂਪ' ਵਿਚ ਰੂਪਾਂਤਰਿਤ ਕਰਦੀ ਹੈ। ਕਿਸੇ ਵਸਤੂ ਨੂੰ ਭਾਸ਼ਾ ਰਾਹੀਂ ਨਾਂ ਦੇਣਾ ਹੀ ਉਸ ਨੂੰ 'ਰੂਪ' ਪ੍ਰਦਾਨ ਕਰਨਾ ਹੈ। ਪੱਥਰ ਨੂੰ ਪੱਥਰ ਨਾਂ ਦੇਣ ਨਾਲ ਹੀ ਪੱਥਰ ਨੂੰ 'ਰੂਪ' ਪ੍ਰਾਪਤ ਹੋ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਭਾਸ਼ਾ ਦੀ ਗੱਲ, ਕਲਾ-ਕ੍ਰਿਤ ਦੇ ਬਾਹਰੀ ਰੂਪ ਨਾਲ ਸੰਬੰਧਤ ਗੱਲ ਕਿਵੇਂ ਹੋਈ ? —ਇਹ ਇਕ ਵਿਚਾਰਣਯੋਗ ਮਸਲਾ ਹੈ। ਇਹ ਗੱਲ ਉਦੋਂ ਸਮਝ ਆਉਂਦੀ ਹੈ ਜਦੋਂ ਅਸੀਂ 'ਰੂਪ' ਨੂੰ ਇਕ ਸੰਗਠਨਕਾਰੀ-ਨੇਮ ਵਜੋਂ ਗ੍ਰਹਿਣ ਕਰਦੇ ਹਾਂ! ਇਉਂ ਦੇਖਿਆਂ 'ਰੂਪ' ਦਾ ਅਰਥ 'ਸਿਸਟਮ' ਤੇ 'ਪ੍ਰਬੰਧ' (order) ਪ੍ਰਦਾਨ ਕਰਨਾ ਹੋ ਨਿਬੜਦਾ ਹੈ। ਜਦੋਂ ਸਾਡੇ ਸਨਾਤਨੀ ਮਾਰਕਸਵਾਦੀ-ਚਿੰਤਕ 'message' ਤੇ 'Content' 'ਤੇ ਜ਼ੋਰ ਦਿੰਦੇ ਹਨ ਤਾਂ ਉਹ ਮੂਲ ਰੂਪ ਵਿਚ (Ordered Content) ਜਾਂ (Message) ਹੀ ਹੁੰਦਾ ਹੈ। ਨਵਾਂ ਮਾਰਕਸਵਾਦੀ-ਚਿੰਤਨ, ਰੂਪ ਤੇ ਵਸਤੂ ਦੀ ਦਵੈਤ ਵਿਚ ਇਸ ਤਰ੍ਹਾਂ ਵਿਸ਼ਵਾਸ ਨਹੀਂ ਕਰਦਾ, ਜਿਸ ਤਰ੍ਹਾਂ ਸਵਰਨ ਚੰਦਨ ਕਰ ਰਿਹੈ। ਨਵਾਂ ਮਾਰਕਸਵਾਦੀ-ਚਿੰਤਨ, ਇਸ ਮਸਲੇ ਸੰਬੰਧੀ ਅਦਵੈਤੀ ਨੱਜ਼ਰੀਆ ਰਖਦਾ ਹੈ। ਨਾਲੇ ਸੰਰਚਨਾਵਾਦ ਤੇ ਮਾਰਕਸਵਾਦ ਵਿੱਚਾਲੇ ਜਿਹੋ ਜਿਹਾ ਵਾਦ-ਵਿਵਾਦ ਪੰਜਾਬੀ ਵਿਚ ਖੜ੍ਹਾ ਕੀਤਾ ਗਿਆ, ਇਹੋ ਜਿਹਾ ਹਾਸੋਹੀਣਾ ਵਾਦ-ਵਿਵਾਦ, ਪੱਛਮੀ-ਚਿੰਤਨ ਦੇ ਅੰਤਰਗਤ ਕਦੇ ਵੀ ਮਹੱਤਵ ਨਹੀਂ ਸੀ ਰਖਦਾ। ਸੰਰਚਨਾਵਾਦ ਦਾ ਪ੍ਰਮੁੱਖ ਪ੍ਰਵਕਤਾ ਲੈਵੀ-ਸਤ੍ਰਾਉਸ ਤਾਂ ਆਪਣੇ ਸਾਰੇ ਚਿੰਤਨ ਨੂੰ ਮਾਰਕਸਵਾਦ, ਭੂ-ਵਿਗਿਆਨ ਤੇ ਮਨੋ-ਵਿਗਿਆਨ ਉਪਰ ਅਧਾਰਤ ਮੰਨਦਾ ਹੈ। ਇਥੇ ਹੀ ਬਸ ਨਹੀਂ ਮਗਰੋਂ ਆਉਣ ਵਾਲੇ ਟੈਰੀ ਈਗਲਟਨ ਤੇ ਅਲਥੂਸਰ ਜਹੇ ਸਾਹਿਤ-ਚਿੰਤਕਾਂ ਨੇ ਸੰਰਚਨਾਵਾਦ ਤੇ ਮਾਰਕਸਵਾਦ ਨੂੰ ਇਕ ਦੂਸਰੇ ਦੇ ਵਿਰੋਧ ਵਿਚ ਰਖਣ ਦੀ ਥਾਂ 'ਤੇ ਦੋਹਾਂ ਨੂੰ ਇਕ ਦੂਸਰੇ ਦਾ ਪੂਰਕ ਖ਼ਿਆਲ ਕੀਤਾ। 'ਸੰਵੇਦਨਾ ਤੇ ਸਾਹਿਤ' ਸਮੀਖਿਆ-ਪੁਸਤਕ ਦੇ ਡੂੰਘੇ ਅਧਿਅਨ ਤੋਂ ਪਤਾ ਚਲਦਾ ਹੈ ਕਿ ਸਵਰਨ ਚੰਦਨ ਇਸ ਨਵੇਂ ਮਾਰਕਸਵਾਦੀ ਚਿੰਤਨ ਤੋਂ ਪਰੀਚਿਤ ਨਹੀਂ। ਉਸਦੀਆਂ ਧਾਰਣਾਵਾਂ ਦਾ ਮੂਲ ਅਧਾਰ, ਬਹੁਤਾ ਕਰਕੇ, ਸਨਾਤਨੀ ਕਿਸਮ ਦਾ ਮਾਰਕਸਵਾਦੀ-ਚਿੰਤਨ ਹੀ ਹੈ। ਪੁਸਤਕ ਦੀ ਅੰਤਿਕਾ ਵਿਚ ਉਸ ਨੇ ਸਿੱਧੇ-ਅਸਿੱਧੇ ਤਰੀਕੇ ਨਾਲ ਆਪਣੀ ਇਸ ਸੀਮਾ ਨੂੰ ਸਵੀਕਾਰ ਵੀ ਕੀਤਾ ਹੈ। ਸੋ! ਸਪੱਸ਼ਟ ਹੈ ਕਿ ਸਵਰਨ ਚੰਦਨ ਦਾ ਸਮੁੱਚਾ ਸਾਹਿਤ ਚਿੰਤਨ ਜਾਂ ਤਾਂ 'ਰੂਪ' ਤੇ 'ਵਸਤੂ' ਦੀ ਪਰੰਪਰਕ ਦਵੈਤ ਉਪਰ ਅਧਾਰਤ ਹੈ ਅਤੇ ਜਾਂ ਫਿਰ 'ਮਾਧਿਅਮ' ਤੇ 'ਉਦੇਸ਼' ਦੀ ਦਵੈਤ ਉਪਰ। ਇਸ ਦ੍ਰਿਸ਼ਟੀ ਤੋਂ ਦੇਖਿਆਂ ਉਸ ਦੀ ਇਹ ਧਾਰਣਾ ਕਿ "ਸੰਰਚਨਾਵਾਦ, ਪ੍ਰਭਾਵਵਾਦ ਦੀ ਹੀ ਨਵ-ਉਸਾਰੀ ਦਾ ਸੰਕਲਪ ਹੈ, ਇਸ ਦੀ ਮੂਲ ਪ੍ਰਵਿਰਤੀ 'ਕਲਾ ਕਲਾ ਲਈ' ਦੀ ਹੀ ਪ੍ਰਵਿਰਤੀ ਹੈ" ਬੇ-ਬੁਨਿਆਦ ਤੇ ਪੱਖਪਾਤੀ ਸਾਬਤ ਹੁੰਦੀ ਹੈ। ਸੰਰਚਨਾਵਾਦ ਤੋਂ ਮਗਰੋਂ 'ਪਰਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਸੰਰਚਨਾਵਾਦ' (Post structuralism) ਅਤੇ 'ਸੰਰਚਨਾਵਾਦ ਤੇ ਮਾਰਕਸਵਾਦ' ਦੇ ਸੰਬੰਧਾਂ ਉਪਰ ਚਲੀ ਨਵੀਂ ਬਹਿਸ ਤੋਂ ਸਵਰਨ ਚੰਦਨ ਲੱਗਭਗ ਅਭਿੱਜ ਹੀ ਜਾਪਦਾ ਹੈ। ਉਸ ਦਾ ਮਾਰਕਸਵਾਦੀ-ਯਥਾਰਥਵਾਦ ਉਪਰ ਅਧਾਰਤ ਦ੍ਰਿਸ਼ਟੀਕੋਣ ਸਨਾਤਨੀ ਵੀ ਹੈ ਤੇ ਰੂੜ੍ਹੀਵਾਦੀ ਵੀ।

ਆਪਣੇ ਇਸ ਦ੍ਰਿਸ਼ਟੀਕੋਣ ਤੋਂ ਸਵਰਨ ਚੰਦਨ, 'ਸਾਹਿਤ' ਤੇ 'ਸਮਾਜ' ਦੇ ਆਪਸੀ ਰਿਸ਼ਤੇ ਨੂੰ 'ਦਵੰਦਾਤਮਕ' (dialectical) ਮੰਨਦਾ ਹੈ। ਬਰਤਾਨੀਆ ਵਿਚ ਰਚੇ ਗਏ ਪੰਜਾਬੀ-ਸਾਹਿਤ ਦੇ ਸਮਾਜਕ, ਰਾਜਨੀਤਕ ਤੇ ਇਤਿਹਾਸਕ ਸੰਦਰਭਾਂ ਦੀ 'ਪਛਾਣ' ਉਸ ਨੇ ਇਸੇ ਦਵੰਦਾਤਮਿਕਤਾ ਦੇ ਅਧਾਰ 'ਤੇ ਕੀਤੀ ਹੈ। ਇਉਂ ਉਹ ਇਸ ਸਿੱਟੇ 'ਤੇ ਪੁੱਜਦਾ ਹੈ ਕਿ ਬਰਤਾਨਵੀ ਪੰਜਾਬੀ-ਕਵਿਤਾ ਦਾ ਖ਼ਾਸਾ, ਮੂਲ ਰੂਪ ਵਿਚ ਵਿਦਰੋਹ-ਮੁਖੀ ਹੈ। ਇਸ ਦੇ ਕਾਰਣਾਂ ਉਪਰ ਰੋਸ਼ਨੀ ਪਾਉਂਦੇ ਹੋਏ ਉਹ ਉਥੋਂ ਦਾ ਸਮੁੱਚਾ ਸਮਾਜਕ-ਸਭਿਆਚਾਰਕ ਪਰਿਪੇਖ ਖੋਲ੍ਹ ਲੈਂਦਾ ਹੈ ਅਤੇ ਸਹਿਜੇ ਸਹਿਜੇ ਇਸ ਸਾਹਿਤ ਤੇ ਸਮਾਜ ਦੇ ਦਵੰਦਾਤਮਕ-ਰਿਸ਼ਤੇ ਦੀਆਂ ਪਰਤਾਂ ਨੂੰ ਉਘਾੜਦਾ ਚਲਿਆ ਜਾਂਦਾ ਹੈ। ਇਸ ਸਾਰੀ ਚਰਚਾ ਵਿੱਚੋਂ ਉਹ ਇਹ ਪ੍ਰਸਤਾਵ ਬਣਾਉਂਦਾ ਹੈ ਕਿ ਕੋਈ ਰਚਨਾ ਡੂੰਘੇ ਸਮਾਜਕ-ਉਦੇਸ਼ ਤੋਂ ਪ੍ਰੇਰਿਤ ਹੋ ਕੇ ਹੀ ਸਾਰਥਕ ਰਚਨਾ ਬਣ ਸਕਦੀ ਹੈ। ਇਸ ਲਈ ਪ੍ਰਤਿਬੱਧਤਾ ਦਾ ਸੰਕਲਪ ਅਤਿਅੰਤ ਲਾਜ਼ਮੀ ਹੈ। ਉਸ ਦਾ ਮੱਤ ਹੈ ਕਿ ਇਸ ਪ੍ਰਤਿਬੱਧਤਾ ਦੀ ਅਣਹੋਂਦ ਕਾਰਨ ਸੰਬੰਧਤ ਰਚਨਾ ਦਾ ਨਿਰਾਰਥਕ ਹੋ ਜਾਣਾ ਸੁਭਾਵਿਕ ਤੇ ਲਾਜ਼ਮੀ ਹੈ! ਇਸ ਵਿਚ ਕੋਈ ਸ਼ੱਕ ਨਹੀਂ ਕਿ ਸਵਰਨ ਚੰਦਨ ਆਪਣੇ ਇਸ ਸਾਰੇ ਅਧਿਅਨ-ਕਾਰਜ ਵਿਚ ਪ੍ਰਤਿਬੱਧ-ਸਾਹਿਤ ਦੇ ਹੱਕ ਵਿਚ ਪੁੱਗਦਾ ਨਜ਼ਰ ਆਉਂਦਾ ਹੈ। ਕਿਸੇ ਵਿਚਾਰਧਾਰਾ ਪ੍ਰਤੀ ਪ੍ਰਤਿਬੱਧ ਹੋਣਾ ਕੋਈ ਬੁਰੀ ਗੱਲ ਨਹੀਂ, ਪਰ 'ਪ੍ਰਤਿਬੱਧਤਾ' ਪ੍ਰਤੀ ਅਜਿਹੀ ਅਤਿ ਦੀ ਪੋਜ਼ੀਸ਼ਨ ਅਖ਼ਤਿਆਰ ਕਰਨੀ, ਸਾਹਿਤ ਦੀ ਸਾਹਿਤਕਤਾ ਤੋਂ ਮੁਨਕਰ ਹੋਣ ਦੇ ਬਰਾਬਰ ਹੈ। ਪ੍ਰਤਿਬੱਧਤਾ ਨਾਲ ਸਾਹਿਤ ਨੂੰ ਡੂੰਘਾਈ ਜ਼ਰੂਰ ਮਿਲਦੀ ਹੈ, ਪਰ ਇਸ ਦੀ ਅਣਹੋਂਦ ਵਿਚ ਕੋਈ ਰਚਨਾ ਨਿਰਾਰਥਕ ਨਹੀਂ ਹੋ ਜਾਂਦੀ। ਪ੍ਰਤਿਬੱਧਤਾ ਬਿਨਾਂ ਵੀ ਉਸਦੀ ਸਾਰਥਕਤਾ ਬਣੀ ਰਹਿੰਦੀ ਹੈ।

ਸਵਰਨ ਚੰਦਨ ਇਕ ਪਾਸੇ ਸਾਹਿਤ ਤੇ ਸਮਾਜ ਦੇ ਆਪਸੀ ਰਿਸ਼ਤੇ ਨੂੰ ਦਵੰਦਾਤਮਕ ਮੰਨਦਾ ਹੈ, ਪਰ ਦੂਸਰੇ ਪਾਸੇ ਉਹ ਕਹਿੰਦਾ ਹੈ ਕਿ "ਜੋ ਸਮਾਜ ਵਿਚ ਵਾਪਰਦਾ ਹੈ ਉਹੋ ਹੀ ਸਾਹਿਤ, ਵਿਚ ਪ੍ਰਤੀਬਿੰਬਤ ਹੁੰਦਾ ਹੈ" (ਪੰਨਾ 69)। ਮੇਰੀ ਜਾਚੇ, ਸਮਾਜ ਵਿਚ ਜੋ ਵਾਪਰਦਾ ਹੈ ਉਹ ਉਸੇ ਤਰ੍ਹਾਂ, ਸਾਹਿਤ ਵਿਚ ਪ੍ਰਤੀਬਿੰਬਤ ਹੋ ਹੀ ਨਹੀਂ ਸਕਦਾ। ਕਲਾਤਮਕ-ਰੂਪਾਂਤਰਣ (Artistic transformation) ਗ੍ਰਹਿਣ ਕਰ ਕੇ ਹੀ ਕੋਈ ਵਸਤੂ-ਸੱਚ, ਕਲਾ-ਸੱਚ ਬਣਦਾ ਹੈ। ਵਸਤੂ-ਸੱਚ ਤੋਂ ਮਨੋ-ਸੱਚ ਅਤੇ ਮਨੋ-ਸੱਚ ਤੋਂ ਕਲਾ-ਸੱਚ ਤੱਕ ਦਾ ਸਫ਼ਰ, ਇਕ ਨਿਰੰਤਰ ਪ੍ਰਕਿਰਿਆ ਵਿਚ ਪੈ ਕੇ ਹੀ ਤੈਅ ਹੁੰਦਾ ਹੈ। ਇਉਂ, ਕਲਾ-ਸੱਚ ਜਾਂ ਸਾਹਿਤ-ਸੱਚ, ਵਾਸਤਵਿਕ ਨਾ ਹੋ ਕੇ ਗਾਲਪਨਿਕ ਹੋ ਨਿਬੜਦਾ ਹੈ। ਸਨਾਤਨੀ ਕਿਸਮ ਦੇ 'ਮਾਰਕਸਵਾਦ' ਵਿਚ, ਉਪਰ ਕਥਿਤ ਪ੍ਰਤਿਬਿੰਬਣ ਸਿੱਧਾਂਤ' (Theory of Reflection) ਕਾਫ਼ੀ ਪ੍ਰਚਲਤ ਰਿਹਾ ਹੈ। ਪਰ, ਅਜੋਕਾ ਮਾਰਕਸਵਾਦੀ-ਚਿੰਤਨ, ਅਜਿਹੇ ਪ੍ਰਤਿਬਿੰਬਣ-ਸਿੱਧਾਂਤ ਵਿਚ ਵਿਸ਼ਵਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਨਹੀਂ ਰਖਦਾ । ਇਕ ਤਰਫ਼ ਸਾਹਿਤ ਤੇ ਸਮਾਜ ਦੇ ਰਿਸ਼ਤੇ ਨੂੰ ਦਵੰਦਾਤਮਕ ਮੰਨਣਾ ਅਤੇ ਨਾਲ ਹੀ ਪ੍ਰਤੀਬਿੰਬਣ-ਸਿੱਧਾਂਤ ਨੂੰ ਆਪਣਾ ਅਧਾਰ ਬਣਾਉਣਾ—ਇਕ ਪ੍ਰਕਾਰ ਦਾ ਸਵੈ-ਵਿਰੋਧ ਥਾਪਣ ਵਾਲੀ ਗੱਲ ਜਾਪਦੀ ਹੈ । ਸਵਰਨ ਚੰਦਨ ਦਾ ਇਹ ਪ੍ਰਸਤਾਵ, ਆਪਣੀਆਂ ਹੀ ਮੂਲ ਧਾਰਣਾਵਾਂ ਨੂੰ ਰੱਦ ਕਰਨ ਦੇ ਬਰਾਬਰ ਹੈ । ਸਾਡੇ ਦਰਪੇਸ਼ ਮੂਲ ਮਸਲਾ ਨਵੇਂ ਅਰਥਾਂ ਦਾ ਅਵਿਸ਼ਕਾਰ ਕਰਨ ਦਾ ਹੋਣਾ ਚਾਹੀਦਾ ਹੈ । ਇਸ ਘਟਾਉਣ-ਵਿਧੀ ਨਾਲ ਅਰਥਾਂ ਦੀਆਂ ਨਵੀਆਂ ਸੰਭਾਵਨਾਵਾਂ ਉਜਾਗਰ ਹੋਣੋਂ ਰਹਿ ਜਾਣਗੀਆਂ । ਸੋ ! ਇਸ ਕਾਰਜ ਲਈ, ਦਵੰਦਾਤਮਿਕਤਾ ਵਾਲਾ ਸਿੱਧਾਂਤ ਹੀ ਵਧੇਰੇ ਕਾਰਗਰ ਸਾਬਤ ਹੋਵੇਗਾ ।

'ਸੰਵੇਦਨਾ ਤੇ ਸਾਹਿਤ' ਸਮੀਖਿਆ-ਪੁਸਤਕ ਨਾਲ ਸੰਬਾਦੀ-ਰਿਸ਼ਤਾ ਬਣਾਉਣ ਸਦਕਾ ਹੀ ਇਥੇ ਸਵਰਨ ਚੰਦਨ ਦੇ ਸਾਹਿਤ-ਚਿੰਤਨ ਦੀਆਂ ਆਪਣੀਆਂ ਬੁਨਿਆਦੀ ਕਿਸਮ ਦੀਆਂ ਸੀਮਾਵਾਂ ਉਜਾਗਰ ਹੋ ਸਕੀਆਂ ਹਨ । ਇਨ੍ਹਾਂ ਸੀਮਾਵਾਂ ਦੇ ਬਾਵਜੂਦ ਅਸੀਂ ਇਸ ਸਮੀਖਿਆ-ਪੁਸਤਕ ਵਿਚ ਲੁਪਤ, ਬੇਅੰਤ ਸੰਭਾਵਨਾਵਾਂ ਵੀ ਵੇਖਦੇ ਹਾਂ । ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਇਥੇ ਸਵਰਨ ਚੰਦਨ ਆਪਣੀ ਸਮੀਖਿਆ ਦੇ ਵਿਦਾ-ਬਿੰਦੂ (departure point) ਪ੍ਰਤੀ ਖ਼ਾਸਾ ਚੇਤੰਨ ਹੈ । ਉਸ ਅੰਦਰ ਸਾਹਿਤ ਨੂੰ ਮਾਰਕਸਵਾਦੀ-ਯਥਾਰਥਵਾਦ ਦੇ ਨੱਜ਼ਰੀਏ ਤੋਂ ਸਮਝਣ, ਪਰਖਣ ਤੇ ਚਿੰਤਨ ਦਾ ਵਿਸ਼ਾ ਬਣਾਉਣ ਦੀ ਅਤਿਅੰਤ ਜਗਿਆਸਾ ਹੈ । ਇਸ ਤੱਥ ਤੋਂ ਅਸੀਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋ ਸਕਦੇ । 'ਪੰਜਾਬੀ ਸਾਹਿੱਤ ਵਿਚ ਨਾਟਕ ਦੀ ਸਥਿਤੀ' ਅਤੇ 'ਮੇਰੇ ਪਰਤ ਆਉਣ ਤੱਕ : ਇਕ ਵਿਸ਼ਲੇਸ਼ਣ' ਲੇਖਾਂ ਵਿਚ ਉਸ ਦਾ ਪ੍ਰਤੀਉੱਤਰ ਕੇਵਲ ਜਗਿਆਸਾ ਭਰਪੂਰ ਹੀ ਨਹੀਂ, ਸਗੋਂ ਚਿੰਤਨਸ਼ੀਲ ਤੇ ਵਿਸ਼ਲੇਸ਼ਣੀ ਵੀ ਹੈ । ਭਾਵੇਂ ਕਈ ਥਾਈਂ ਉਹ, ਸਾਹਿਤ-ਮੁਲੰਕਣ ਦੇ ਰਾਹੇ ਤੁਰਦਾ ਹੋਇਆ, ਚਲੰਤ ਟਿੱਪਣੀਆਂ ਦਾ ਸਹਾਰਾ ਲੈਂਦਾ ਵੀ ਪ੍ਰਤੀਤ ਹੁੰਦਾ ਹੈ । ਪਰ, ਕੁੱਲ ਮਿਲਾ ਕੇ ਉਹ ਬਰਤਾਨੀਆ ਵਿਚ ਰਚੇ ਗਏ ਪੰਜਾਬੀ-ਸਾਹਿਤ ਨੂੰ, ਆਪਣੇ ਵਿਚਾਰਧਾਰਾਈ ਪਰਿਪੇਖ ਵਿਚ ਰਖ ਕੇ ਅਧਿਅਨ-ਵਿਸ਼ਲੇਸ਼ਣ ਕਰਨ ਦੀ ਰੁਚੀ ਰਖਦਾ ਹੈ । ਇਸ ਸਭ ਕੁਝ ਤੋਂ, ਭਵਿੱਖ ਵਿਚ ਉਸ ਦੇ ਇਕ ਚੰਗੇ ਤੇ ਸੁਲਝੇ ਹੋਏ ਸਮੀਖਿਆਕਾਰ ਹੋਣ ਦੀ ਆਸ ਬੱਝਦੀ ਹੈ । ਆਸ ਹੈ ਸਵਰਨ ਚੰਦਨ ਭਵਿੱਖ ਵਿਚ ਆਪਣੀ ਸਾਹਿਤ-ਸਿਰਜਣਾ ਦੇ ਨਾਲ ਨਾਲ ਸਮੀਖਿਆ-ਕਾਰਜ ਦੇ ਸਿਲਸਿਲੇ ਨੂੰ ਵੀ ਜਾਰੀ ਰਖੇਗਾ ।

8591

□

Forwarded free of cost, and with the compliments of the Department of Education, Government of India, New Delhi

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

| | Signature | Date |
|---|---|---|
| Accession | | 21.5 |
| Class on | | |
| Cat on | | |
| Tag etc. | | |
| Filing | | |
| E A R. | | |
| Any other | | |
| Checked | | |

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਸਮਾਂ ਪਹਿਲਾਂ 'ਮਾਰਕਸਵਾਦੀ' ਤੇ 'ਸੰਰਚਨਾਵਾਦੀ ਸਾਹਿਤ-ਸਮੀਖਿਆ' ਵਿਚ ਸਹਿਜੇ ਹੀ ਇਕ ਤਿੱਖਾ ਵਿਰੋਧ ਤੇ ਤਣਾਉ ਸਥਾਪਤ ਹੋ ਜਾਂਦਾ ਰਿਹਾ ਹੈ। ਕੁਝ ਸਮੀਖਿਆਕਾਰਾਂ ਨੇ ਇਨ੍ਹਾਂ ਦੋਹਾਂ ਅਧਿਐਨ-ਵਿਧੀਆਂ ਵਿਚਕਾਰ ਨੇੜ੍ਹਤਾ ਕਾਇਮ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਡਾ. ਮਨਜੀਤ ਸਿੰਘ ਉਨ੍ਹਾਂ ਨਵੇਂ ਸਮੀਖਿਆਕਾਰਾਂ ਵਿੱਚੋਂ ਇਕ ਹੈ। ਉਸ ਨੇ ਸਾਹਿਤਕ-ਅਵਚੇਤਨ, ਪ੍ਰਵਚਨ ਸਿੱਧਾਂਤ, ਕਾਵਿ-ਪੈਰਾਡਾਇਮ, ਅਰਥ-ਉਤਪਾਦਨ, ਸਾਹਿਤਕ-ਦਵੰਦਾਤਮਕਤਾ, ਚਿਹਨ-ਵਿਗਿਆਨ ਆਦਿ ਨੂੰ ਵਿਚਾਰਦਿਆਂ, ਇਨ੍ਹਾਂ ਦੀ ਨੇੜ੍ਹਤਾ ਦੀ ਵਿਧੀ ਨੂੰ ਅਪਨਾਇਆ ਹੈ। ਇਨ੍ਹਾਂ ਸਿੱਧਾਂਤਾਂ ਦੀ ਨੇੜ੍ਹਤਾ ਨੂੰ ਅਪਨਾਉਂਦਿਆਂ, ਇਨ੍ਹਾਂ ਦੀ ਯੋਗਤਾ ਨੂੰ ਸਾਰਥਕ ਰੂਪ ਵਿਚ ਸਿੱਧ ਕੀਤਾ ਹੈ। ਕਿਉਂਕਿ, ਇਨ੍ਹਾਂ ਦੀ ਨੇੜ੍ਹਤਾ, ਸਾਹਿਤ ਅਤੇ ਸਭਿਆਚਾਰ ਦੀ ਟੈਕਸਟ ਨੂੰ ਸਮਝਣ ਲਈ ਵਧੇਰੇ ਕਾਰਗਰ ਸਾਬਤ ਹੁੰਦੀ ਹੈ। 'ਚਿਹਨ-ਵਿਗਿਆਨ', 'ਡੀਕੰਸ-ਟਰੱਕਸ਼ਨ ਤੇ 'ਪੋਸਟ-ਮਾਡਰਨਿਜ਼ਮ' ਆਦਿ ਵਿਕਸਿਤ ਹੋ ਰਹੀਆਂ ਹੋਰ ਵਿਧੀਆਂ ਦੇ ਪ੍ਰਸੰਗ ਵਿਚ ਵੀ ਇਸ ਚੇਤਨਾ ਨੂੰ ਗ੍ਰਹਿਣ ਕਰਨਾ ਜ਼ਰੂਰੀ ਹੈ। ਜੇਕਰ ਅਸੀਂ ਪੰਜਾਬੀ ਸਾਹਿਤ ਸਭਿਆਚਾਰ-ਸ਼ਾਸਤਰ ਦੀ ਤਲਾਸ਼ ਕਰਨੀ ਹੈ ਤਾਂ ਇਸ ਚੇਤਨਾ ਨਾਲ ਜੁੜ ਕੇ ਅਸੀਂ ਛੇਤੀ ਹੀ ਉਸ ਦੇ ਰਾਹ ਪਹਿਚਾਣ ਸਕਦੇ ਹਾਂ। ਹੱਥਲੀ ਪੁਸਤਕ ਨਾਲ ਸੰਬੰਧਤ ਸਾਰੇ ਨਿਬੰਧ, ਸਾਨੂੰ ਇਸ ਪ੍ਰਕਿਰਿਆ ਨਾਲ ਜੋੜਣ ਦੀ ਅਹਿਮ ਭੂਮਿਕਾ ਨਿਭਾਉਂਦੇ ਹਨ। ਨਵੀਂ ਪੰਜਾਬੀ ਸਾਹਿਤ-ਸਮੀਖਿਆ ਦੇ ਖੇਤਰ ਵਿਚ ਇਹ ਪੁਸਤਕ, ਨਵੇਂ ਮਿਆਰ ਸਥਾਪਤ ਕਰਨ ਵਾਲੀ ਸਾਬਤ ਹੋਵੇਗੀ।

ਇਸ ਲਈ 'ਪੰਜਾਬੀ ਸਾਹਿਤ ਅਵਚੇਤਨ' ਪੁਸਤਕ ਦਾ ਮੈਂ ਦਿਲੋਂ ਸੁਆਗਤ ਕਰਦਾ ਹਾਂ ਅਤੇ ਉਮੀਦ ਰਖਦਾ ਹਾਂ ਕਿ ਪੰਜਾਬੀ ਦੇ ਸੰਜੀਦਾ ਪਾਠਕ ਤੇ ਅਧਿਏਤਾ ਵੀ ਇਸ ਪ੍ਰਤੀ ਹੁੰਗਾਰਾ ਭਰਨਗੇ।

**— ਡਾ. ਸੁਤਿੰਦਰ ਸਿੰਘ ਨੂਰ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



*Dr. Manjit Singh*
(b. 18-2-1953)

*"Punjabi Sahitya-Avchetan"* is Dr. Manjit Singh's fifth book of literary criticism, specifically oriented to the problematics of constituting Poetics and Grammar of Punjabi world of letters. If the title of the book is translated into English, it would be *'The unconscious of Punjabi literature'*, This is a newly developed method of study, which has its own significance for the scientific analysis of literary and cultural texts.

The learned scholar draws upon the cross-disciplinary models as have been developed in the scenario of contemporary epistemics, with the contribution of the New Marxists, Semioticians and Culturologists of International repute. This enterprise is certainly a creative one in the sense that it establishes the relationship of relevance between the literary culture of Punjab and the paradigm of knowledge developed in the West. With this theoretical background, the author starts from the hoary past of Punjabi literature and culture and brings it upto the modern period with the conscious striving to frame the science of Punjabi literature and culture.

CC-0. In Public Domain. Gurukul Kangri Collection, Haridwar